ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
www.amritsartimes.live
West/East Coast Edition | Volume 23 | Issue 212| 28 Jan. to 3 Feb., 2026 | Ph.: (510) 240-5949 | Email: asrtimes@gmail.com

# ਪੰਜਾਬ ਦੀ ਰਾਜਨੀਤੀ ’ਚ ਲੀਡਰਸ਼ਿਪ ਦਾ ਸੰਕਟ ਕਿਉਂ ?

## ਏਕਤਾ ਦੀ ਘਾਟ ਅਤੇ ਅੰਦਰੂਨੀ ਝਗੜਿਆਂ ਕਾਰਨ ਸਿਆਸੀ ਦਲ ਨਿਘਾਰ ਵੱਲ

## ਜੱਟ ਤੇ ਦਲਿਤ ਵਿਵਾਦ ਕਾਰਨ ਪੰਜਾਬ ਕਾਂਗਰਸ ’ਚ ਖਿੱਚੋਤਾਣ

## ‘ਆਪ’ ਦੀਆਂ ਨੀਤੀਆਂ ਤੋਂ ਲੋਕ ਨਿਰਾਸ਼ ਕਿਉਂ ? ਭਾਜਪਾ ਨੇ ਪੰਜਾਬ ਵਿੱਚ ਸਰਗਰਮੀ ਵਧਾਈ



ਪੰਜਾਬ ਅੱਜ- ਕੱਲ੍ਹ ਰਾਜਨੀਤਕ ਸੰਕਟ ਵਿੱਚ ਘਿਰਿਆ ਹੋਇਆ ਹੈ। ਇੱਥੇ ਲੀਡਰਸ਼ਿਪ ਦੀ ਘਾਟ ਨੇ ਪੂਰੇ ਸੂਬੇ ਨੂੰ ਨੇਤਾ ਰਹਿਤ ਬਣਾ ਦਿੱਤਾ ਹੈ। ਪੂਰਾ ਪੰਜਾਬ ਢੁਕਵੀਂ ਅਗਵਾਈ ਦੀ ਕਮੀ ਮਹਿਸੂਸ ਕਰ ਰਿਹਾ ਹੈ। ਰਾਜਨੀਤੀ ਵਿੱਚ ਚਰਿੱਤਰ ਅਤੇ ਕਿਰਦਾਰ ਦੀ ਕਮੀ ਦਿਖਾਈ ਦੇ ਰਹੀ ਹੈ। ਹਾਲਾਂਕਿ ਪੰਜਾਬ ਵਿੱਚ ਦਰਜਨਾਂ ਰਾਜਨੀਤਕ ਪਾਰਟੀਆਂ ਹਨ, ਪਰ ਕੋਈ ਵੀ ਨੇਤਾ ਜਾਂ ਪਾਰਟੀ ਪੰਜਾਬ ਦੇ ਹਿੱਤਾਂ ਲਈ ਲੜਨ ਵਾਲੀ ਨਹੀਂ ਦਿਖਾਈ ਦਿੰਦੀ। ਵਿਖਾਵੇ ਅਤੇ ਡਰਾਮੇ ਨੂੰ ਛੱਡ ਕੇ ਅਸਲ ਕੰਮ ਨਹੀਂ ਹੋ ਰਿਹਾ। 2027 ਦੀਆਂ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ, ਪਰ ਪਾਰਟੀਆਂ ਅੰਦਰੂਨੀ ਝਗੜਿਆਂ ਵਿੱਚ ਉਲਝੀਆਂ ਹੋਈਆਂ ਹਨ।

### ਅਕਾਲੀ ਦਲ ਵਿੱਚ ਧੜੇਬੰਦੀ ਅਤੇ ਲੀਡਰਸ਼ਿਪ ਸੰਕਟ

ਅਕਾਲੀ ਦਲ, ਜੋ ਪੰਜਾਬ ਦੀ ਸਭ ਤੋਂ ਪੁਰਾਣੀ ਰਾਜਨੀਤਕ ਪਾਰਟੀ ਹੈ ਅਤੇ ਸਿੱਖ ਕੌਮ ਦੀ ਨੁਮਾਇੰਦਗੀ ਕਰਨ ਵਾਲੀ ਮੰਨੀ ਜਾਂਦੀ ਹੈ, ਅੱਜ ਟੁੱਟ ਭੱਜ ਵਿੱਚ ਘਿਰੀ ਹੋਈ ਹੈ। ਪਾਰਟੀ ਵਿੱਚ ਅੰਦਰੂਨੀ ਝਗੜੇ ਅਤੇ ਧੜੇਬੰਦੀ ਨੇ ਇਸ ਨੂੰ ਕਮਜ਼ੋਰ ਕਰ ਦਿੱਤਾ ਹੈ। ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ ਦਲ (ਬਾਦਲ) ਨੂੰ ਬਾਗੀ ਧੜੇ ਨੇ ਚੁਣੌਤੀ ਦਿੱਤੀ ਹੈ। ਇਹ ਬਾਗੀ ਧੜਾ, ਜਿਸ ਵਿੱਚ ਗੁਰਪ੍ਰਤਾਪ ਸਿੰਘ ਵਡਾਲਾ, ਪ੍ਰੇਮ ਸਿੰਘ ਚੰਦੂਮਾਜਰਾ, ਬੀਬੀ ਜਗੀਰ ਕੌਰ, ਮਨਪ੍ਰੀਤ ਸਿੰਘ ਇਆਲੀ ਸੁਰਜੀਤ ਸਿੰਘ ਰੱਖੜਾ ਅਤੇ ਪਰਮਿੰਦਰ ਸਿੰਘ ਢੀਂਡਸਾ ਵਰਗੇ ਨੇਤਾ ਸ਼ਾਮਲ ਹਨ, ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਆਪਣਾ ਪ੍ਰਧਾਨ ਬਣਾਇਆ ਹੈ। ਇਸ ਨਵੇਂ ਧੜੇ ਨੂੰ ‘ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ)’ ਨਾਂਅ ਨਾਲ ਜਾਣਿਆ ਜਾ ਰਿਹਾ ਹੈ।

ਬਾਗੀ ਨੇਤਾਵਾਂ ਨੇ ਸੁਖਬੀਰ ਸਿੰਘ ਬਾਦਲ ਉੱਪਰ ਧਾਰਮਿਕ ਅਤੇ ਰਾਜਨੀਤਕ ਗਲਤੀਆਂ ਦੇ ਇਲਜ਼ਾਮ ਲਾਏ ਸਨ ਕਿ ਬਾਦਲ ਪਰਿਵਾਰ ਨੇ ਪਾਰਟੀ ਨੂੰ ਨਿੱਜੀ ਜਾਇਦਾਦ ਬਣਾ ਲਿਆ ਹੈ ਅਤੇ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਪਾਲਣਾ ਨਹੀਂ ਕੀਤੀ। ਅਕਾਲ ਤਖ਼ਤ ਸਾਹਿਬ ਨੇ 2 ਦਸੰਬਰ 2024 ਨੂੰ ਹੁਕਮ ਜਾਰੀ ਕੀਤਾ ਸੀ ਕਿ ਪਾਰਟੀ ਨੂੰ ਨਵੀਂ ਮੈਂਬਰਸ਼ਿਪ ਅਤੇ ਚੋਣਾਂ ਕਰਵਾਉਣੀਆਂ ਚਾਹੀਦੀਆਂ ਹਨ, ਪਰ ਇਹ ਨਹੀਂ ਹੋਇਆ। ਨਤੀਜੇ ਵਜੋਂ, ਪਾਰਟੀ ਵਿੱਚ ਟੁੱਟ ਭੱਜ ਵਧ ਗਈ ਹੈ। ਅਕਾਲੀ ਦਲ ਅੰਮ੍ਰਿਤਸਰ ਦੇ ਮੁਖੀ ਸਿਮਰਨਜੀਤ ਸਿੰਘ ਮਾਨ ਦੀ ਪਾਰਟੀ ਵੀ ਦੋਫਾੜ ਹੋ ਚੁੱਕੀ ਹੈ ਅਤੇ ਨਵੇਂ ਧੜੇ ਨੇ ਮਾਨ ਦੀ ਕਿਰਦਾਰਕੁਸ਼ੀ ਕੀਤੀ ਹੈ। ਇਸ ਸੰਕਟ ਦਾ ਕਾਰਨ ਪਾਰਟੀ ਵਿੱਚ ਨਵੇਂ ਲੀਡਰਾਂ ਦੀ ਘਾਟ ਅਤੇ ਪੁਰਾਣੇ ਨੇਤਾਵਾਂ ਵਿੱਚ ਵਿਸ਼ਵਾਸ ਦੀ ਕਮੀ ਹੈ। ਸਿਆਸੀ ਮਾਹਿਰ ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਅਕਾਲੀ ਨੇਤਾਵਾਂ ਦੇ ਚਰਿੱਤਰ-ਘਾਤ ਨੇ ਪੂਰੀ ਕੌਮ ਨੂੰ ਨੇਤਾ ਰਹਿਤ ਬਣਾ ਦਿੱਤਾ ਹੈ। ਹਾਲਾਂਕਿ ਇਹ ਨੇਤਾ ਗਲਤੀਆਂ ਤੋਂ ਮੁਕਤ ਨਹੀਂ ਹਨ, ਪਰ ਵਿਰੋਧੀ ਪਾਰਟੀਆਂ ਨੇ ਉਨ੍ਹਾਂ ਨੂੰ ਬਦਨਾਮ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਨਤੀਜੇ ਵਜੋਂ, ਅਕਾਲੀ ਦਲ ਦੇ ਵੱਖ-ਵੱਖ ਧੜੇ ਹਨ, ਪਰ ਇਹ ਏਕਤਾ ਨਹੀਂ ਕਰ ਰਹੇ। ਇਹ ਧੜੇਬੰਦੀ ਪੰਜਾਬ ਪਖੀ ਰਾਜਨੀਤੀ ਨੂੰ ਕਮਜ਼ੋਰ ਕਰ ਰਹੀ ਹੈ ਅਤੇ ਲੀਡਰਸ਼ਿਪ ਸੰਕਟ ਨੂੰ ਵਧਾ ਰਹੀ ਹੈ।

ਅਕਾਲੀ ਦਲ ਦੇ ਇਸ ਸੰਕਟ ਨੇ ਪੰਥਕ ਸਿਆਸਤ ਵਿੱਚ ਹਲਚਲ ਪੈਦਾ ਕਰ ਦਿੱਤੀ ਹੈ। ਡਾ. ਦਲਜੀਤ ਸਿੰਘ ਚੀਮਾ ਵਰਗੇ ਨੇਤਾਵਾਂ ਨੇ ਗਿਆਨੀ ਹਰਪ੍ਰੀਤ ਸਿੰਘ ’ਤੇ ਸਾਜਿਸ਼ਾਂ ਰਚਣ ਦੇ ਇਲਜ਼ਾਮ ਲਾਏ ਹਨ। ਚੀਮਾ ਨੇ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਨੇ ਅਕਾਲੀ ਦਲ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਉਹ ਕੇਂਦਰੀ ਏਜੰਸੀਆਂ ਨਾਲ ਮਿਲੇ ਹੋਏ ਹਨ। ਇਸ ਨੇ ਅਕਾਲੀ ਸਿਆਸਤ ਵਿੱਚ ਵੰਡ ਨੂੰ ਹੋਰ ਡੂੰਘਾ ਕਰ ਦਿੱਤਾ ਹੈ। ਬਾਦਲ ਦਲ ਦੇ ਆਗੂ ਪਰਮਜੀਤ ਸਿੰਘ ਸਰਨਾ ਨੇ ਪੰਥਕ ਏਕਤਾ ਦਾ ਸੱਦਾ ਦਿੱਤਾ ਹੈ ਤੇ ਕਿਹਾ ਸੀ ਕਿ ਬਾਦਲ ਅਕਾਲੀ ਦਲ ਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਵਿੱਚ ਜਲਦ ਏਕਤਾ ਹੋਵੇਗੀ ਪਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਇਸ ਨੂੰ ਖਾਰਜ ਕੀਤਾ ਹੈ ਕਿ ਬਾਦਲ ਦਲ ਨਾਲ ਕੋਈ ਏਕਤਾ ਨਹੀਂ। ਉਹ ਬੇਅਦਬੀ ਦੇ ਦੋਸ਼ਾਂ ਵਿੱਚ ਘਿਰੇ ਹਨ। ਦੂਸਰੇ ਪਾਸੇ ਸਿਮਰਨਜੀਤ ਮਾਨ ਨੇ ਵੀ ਬਾਦਲਾਂ ਨਾਲ ਸਮਝੌਤੇ ਦੀ ਇੱਛਾ ਜ਼ਾਹਰ ਕੀਤੀ ਹੈ, ਪਰ ਏਕਤਾ ਅਜੇ ਨਹੀਂ ਹੋਈ।

ਬਾਦਲ ਅਕਾਲੀ ਦਲ ਦੇ ਇਸ ਸੰਕਟ ਨੇ ਪੰਜਾਬ ਵਿੱਚ ਰਾਜਨੀਤਕ ਖਲਾਅ ਪੈਦਾ ਕੀਤਾ ਹੈ। ਪਾਰਟੀ ਜੋ ਕਦੇ ਪੰਜਾਬ ਦੀ ਮੁੱਖ ਸਿਆਸੀ ਤਾਕਤ ਸੀ, ਅੱਜ ਆਪਣੀ ਹੋਂਦ ਬਚਾਉਣ ਲਈ ਜੂਝ ਰਹੀ ਹੈ। ਬਾਗੀ ਅਕਾਲੀ ਧੜੇ ਨੂੰ ਫੰਡਾਂ ਦੀ ਘਾਟ ਹੈ ਅਤੇ ਉਹ ਆਪਣੇ ਸਾਬਕਾ ਵਿਧਾਇਕਾਂ ਤੋਂ ਮਹੀਨਾਵਾਰ ਯੋਗਦਾਨ ਮੰਗ ਰਹੇ ਹਨ। ਇਸ ਆਰਥਿਕ ਸੰਕਟ ਨੇ ਪਾਰਟੀ ਨੂੰ ਆਰਥਿਕ ਸੰਕਟ ਵਿੱਚ ਪਾ ਦਿੱਤਾ ਹੈ। ਹਾਲੇ ਤੱਕ ਇਹ ਪਾਰਟੀ ਲੋਕਾਂ ਵਿੱਚ ਆਪਣਾ ਪ੍ਰੋਗਰਾਮ ਲੈ ਕੇ ਨਹੀਂ ਜਾ ਸਕੀ।

### ਕਾਂਗਰਸ ਪੰਜਾਬ ਵਿੱਚ ਕਿਉਂ ਡਗਮਗਾ ਰਹੀ ਹੈ ? ਲੀਡਰਸ਼ਿਪ ਸੰਕਟ ਅਤੇ ਜਾਤੀ ਵਿਵਾਦ

ਕਾਂਗਰਸ ਪਾਰਟੀ, ਜੋ ਪੰਜਾਬ ਵਿੱਚ ਕਦੇ ਮਜ਼ਬੂਤ ਸੀ, ਅੱਜ ਅੰਦਰੂਨੀ ਝਗੜਿਆਂ ਕਾਰਨ ਡਗਮਗਾ ਰਹੀ ਹੈ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਹਾਲ ਹੀ ਵਿੱਚ ਪਾਰਟੀ ਵਿੱਚ ਦਲਿਤ ਨੁਮਾਇੰਦਗੀ ਦੀ ਘਾਟ ਬਾਰੇ ਬਿਆਨ ਦਿੱਤਾ ਸੀ, ਜਿਸ ਨੇ ਜਾਤੀ ਵਿਵਾਦ ਨੂੰ ਵਧਾ ਦਿੱਤਾ ਹੈ। ਚੰਨੀ ਨੇ ਕਿਹਾ ਕਿ ਪੰਜਾਬ ਵਿੱਚ ਦਲਿਤਾਂ ਦੀ ਆਬਾਦੀ 35-38 ਫ਼ੀਸਦੀ ਹੈ, ਪਰ ਸਾਰੇ ਅਹਿਮ ਅਹੁਦੇ ਜੱਟ ਸਿੱਖਾਂ ਕੋਲ ਹਨ। ਇਸ ਬਿਆਨ ਦੀ ਵੀਡੀਓ ਵਾਇਰਲ ਹੋਣ ਨਾਲ ਪਾਰਟੀ ਵਿੱਚ ਖਿੱਚੋਤਾਣ ਵਧ ਗਈ ਸੀ।

ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਜੇ ਕੋਈ ਨੇਤਾ ਜਾਤੀ ਵਾਲੀ ਸਿਆਸਤ ਕਰੇਗਾ ਤਾਂ ਉਹ ਪਾਰਟੀ ਨੂੰ ਤਬਾਹ ਕਰੇਗਾ। ਪਾਰਟੀ ਹਾਈਕਮਾਂਡ ਨੇ ਬੀਤੇ ਦਿਨੀਂ ਬੈਠਕ ਬੁਲਾਕੇ ਗੁਟਬਾਜ਼ੀ ਤੇ ਰੋਕ ਲਾਈ ਹੈ। ਹਾਈਕਮਾਂਡ ਨੇ ਕਿਹਾ ਕਿ ਅਨੁਸ਼ਾਸਨਹੀਣਤਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਲੀਡਰਸ਼ਿਪ ਵਿੱਚ ਕੋਈ ਬਦਲਾਅ ਨਹੀਂ ਹੋਵੇਗਾ ਪਰ ਸੂਤਰਾਂ ਦਾ ਮੰਨਣਾ ਹੈ ਕਿ ਪਾਰਟੀ ਦੇ ਹਾਲਾਤ ਠੀਕ ਨਹੀਂ ਹਨ। ਕਦੇ ਵੀ ਸਿਆਸੀ ਧਮਾਕਾ ਹੋ ਸਕਦਾ ਹੈ।ਇਸ ਵਿਵਾਦ ਨੇ ਪੰਜਾਬ ਕਾਂਗਰਸ ਨੂੰ ਜੱਟ ਸਿੱਖ ਅਤੇ ਦਲਿਤ ਵੋਟ ਬੈਂਕ ਵਿੱਚ ਵੰਡ ਦਿੱਤਾ ਹੈ। ਸੁਖਜਿੰਦਰ ਸਿੰਘ ਰੰਧਾਵਾ ਅਤੇ ਪ੍ਰਤਾਪ ਸਿੰਘ ਬਾਜਵਾ ਵਰਗੇ ਨੇਤਾ ਵੀ ਇਸ ਵਿੱਚ ਉਲਝੇ ਹਨ। ਪਾਰਟੀ ਨੇ ਫੈਸਲਾ ਕੀਤਾ ਹੈ ਕਿ 2027 ਦੀਆਂ ਚੋਣਾਂ ਬਿਨਾਂ ਮੁੱਖ ਮੰਤਰੀ ਚਿਹਰੇ ਲੜੀਆਂ ਜਾਣਗੀਆਂ। ਇਹ ਫੈਸਲਾ ਲੀਡਰਸ਼ਿਪ ਸੰਕਟ ਨੂੰ ਦਰਸਾਉਂਦਾਹੈ। । ਭੂਪੇਸ਼ ਬਘੇਲ ਨੇ ਕਿਹਾ ਕਿ ਪਾਰਟੀ ਇੱਕਜੁੱਟ ਹੈ ਅਤੇ ਪੂਰੇ ਬਹੁਮਤ ਨਾਲ ਜਿੱਤੇਗੀ।

### ‘ਆਪ’ ਪਾਰਟੀ ਕਿਉਂ ਗੁਆ ਰਹੀ ਹੈ ਪੰਜਾਬੀਆਂ ਦਾ ਵਿਸ਼ਵਾਸ

ਆਮ ਆਦਮੀ ਪਾਰਟੀ (ਆਪ) ਨੇ 2022 ਵਿੱਚ ਪੰਜਾਬ ਵਿੱਚ ਵੱਡੀ ਜਿੱਤ ਹਾਸਲ ਕੀਤੀ ਸੀ, ਪਰ ਅੱਜ ਇਹ ਪੰਜਾਬੀਆਂ ਦਾ ਵਿਸ਼ਵਾਸ ਗੁਆ ਰਹੀ ਹੈ। (ਬਾਕੀ ਸਫ਼ਾ 26 ’ਤੇ)

# ਅਮਰੀਕਾ ਵਿੱਚ ਸਿੱਖਾਂ ਦੀ ਸੁਰੱਖਿਆ ਲਈ ਇਤਿਹਾਸਕ ਪਹਿਲ

## ‘ਸਿੱਖ ਅਮਰੀਕਨ ਐਂਟੀ-ਡਿਸਕ੍ਰਿਮੀਨੇਸ਼ਨ ਐਕਟ’ ਨੂੰ ਮਿਲਿਆ ਭਾਰੀ ਸਮਰਥਨ

ਵਾਸ਼ਿੰਗਟਨ:/ਏ.ਟੀ.ਨਿਊਜ਼: ਅਮਰੀਕੀ ਸੰਸਦ (ਕਾਂਗਰਸ) ਵਿੱਚ ਸਿੱਖ ਭਾਈਚਾਰੇ ਵਿਰੁੱਧ ਵਧ ਰਹੀ ਨਫ਼ਰਤ ਅਤੇ ਵਿਤਕਰੇ ਨੂੰ ਨੱਥ ਪਾਉਣ ਲਈ ਇੱਕ ਅਹਿਮ ਬਿੱਲ ਪੇਸ਼ ਕੀਤਾ ਗਿਆ ਹੈ। ‘ਸਿੱਖ ਅਮਰੀਕਨ ਐਂਟੀ-ਡਿਸਕ੍ਰਿਮੀਨੇਸ਼ਨ ਐਕਟ 2025’ ਨਾਮ ਦੇ ਇਸ ਇਹ ਬਿੱਲ ਸਿੱਖ ਭਾਈਚਾਰੇ ਵਿਰੁੱਧ ਵਧ ਰਹੀ ਨਫ਼ਰਤ ਅਤੇ ਵਿਤਕਰੇ ਨੂੰ ਰੋਕਣ ਲਈ ਤਿਆਰ ਕੀਤਾ ਗਿਆ ਹੈ, ਜਿਸ ਨੂੰ ਡੈਮੋਕ੍ਰੈਟਿਕ ਅਤੇ ਰਿਪਬਲਿਕਨ ਪਾਰਟੀਆਂ ਦੇ ਵੱਖ-ਵੱਖ ਨੇਤਾਵਾਂ ਨੇ ਸਮਰਥਨ ਦਿੱਤਾ ਹੈ। ਕਾਂਗਰਸ ਵੂਮੈਨ ਜ਼ੋਏ ਲੋਫਗ੍ਰੇਨ ਨੇ ਇਸ ਨੂੰ ਕੋ-ਸਪਾਂਸਰ ਵਜੋਂ ਸਮਰਥਨ ਕਰਕੇ ਇਸ ਦੀ ਬਾਈਪਾਰਟੀਸਨ ਮੋਮੈਂਟਮ ਨੂੰ ਵਧਾਇਆ ਹੈ। ਕਾਂਗਰਸ ਵੂਮੈਨ ਲੋਫਗ੍ਰੇਨ ਨੇ ਕਿਹਾ, ‘ਕਿਸੇ ਵੀ ਧਾਰਮਿਕ ਭਾਈਚਾਰੇ ਨੂੰ ਅਮਰੀਕਾ ਵਿੱਚ ਇਬਾਦਤ ਕਰਨ ਤੋਂ ਡਰ ਨਹੀਂ ਮਹਿਸੂਸ ਕਰਨਾ ਚਾਹੀਦਾ। ਸਿੱਖ ਅਮਰੀਕਨ ਵਧਦੇ ਵਿਤਕਰੇ ਅਤੇ ਨਫ਼ਰਤੀ ਅਪਰਾਧਾਂ ਦਾ ਸਾਹਮਣਾ ਕਰ ਰਹੇ ਹਨ ਅਤੇ ਡੀਓਜੇ ਨੂੰ ਇਸ ਮੁੱਦੇ ਵੱਲ ਵਧੇਰੇ ਧਿਆਨ ਦੇਣ ਦੀ ਲੋੜ ਹੈ।’ ਉਹਨਾਂ ਨੇ ਸੈਨ ਜੋਸ ਵਿੱਚ ਵੱਡੇ ਸਿੱਖ ਭਾਈਚਾਰੇ ਨੂੰ ਨੁਮਾਇੰਦਗੀ ਕਰਨ ਵਾਲੇ ਵਜੋਂ ਇਸ ਨੂੰ ਆਪਣੀ ਜ਼ਿੰਮੇਵਾਰੀ ਦੱਸਿਆ।



ਗੋਥਾਈਮਰ ਨੇ ਕਿਹਾ ਕਿ ਇਹ ਬਿੱਲ ਉੱਤਰੀ ਜਰਸੀ ਵਿੱਚ ਸਿੱਖ ਪਰਿਵਾਰਾਂ ਅਤੇ ਆਗੂਆਂ ਨਾਲ ਸਿੱਧੀਆਂ ਗੱਲਾਂਬਾਤਾਂ ਤੋਂ ਪ੍ਰੇਰਿਤ ਹੈ। ਕਾਂਗਰਸ ਨੂੰ ਨਿਰਣਾਇਕ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਹਰ ਅਮਰੀਕੀ ਆਪਣੀ ਧਰਮ ਨੂੰ ਆਜ਼ਾਦੀ ਨਾਲ ਮਨਾ ਸਕੇ। ਇਹ ਬਿੱਲ ਹੁਣ ਹਾਊਸ ਜੂਡੀਸ਼ੀਅਲ ਕਮੇਟੀ ਕੋਲ ਰੈਫਰ ਕੀਤਾ ਗਿਆ ਹੈ ਅਤੇ ਇਸ ਨੂੰ 11 ਕੋ-ਸਪਾਂਸਰ ਮਿਲ ਚੁੱਕੇ ਹਨ।

### ਕੀ ਹੈ ਇਸ ਬਿੱਲ ਵਿੱਚ ?

ਇਹ ਬਿੱਲ ਅਮਰੀਕੀ ਨਿਆਂ ਵਿਭਾਗ ਨੂੰ ਇੱਕ ਖਾਸ ‘ਸਿੱਖ ਐਂਟੀ-ਡਿਸਕ੍ਰਿਮੀਨੇਸ਼ਨ ਟਾਸਕ ਫੋਰਸ’ ਬਣਾਉਣ ਦਾ ਹੁਕਮ ਦਿੰਦਾ ਹੈ। ਇਸ ਟਾਸਕ ਫੋਰਸ ਦਾ ਕੰਮ ਸਿੱਖਾਂ ਵਿਰੁੱਧ ਹੁੰਦੀ ਨਫ਼ਰਤ ਨੂੰ ਸਮਝਣਾ, ਉਸ ਦਾ ਡਾਟਾ ਇਕੱਠਾ ਕਰਨਾ ਅਤੇ ਉਸ ਨੂੰ ਰੋਕਣ ਲਈ ਯੋਜਨਾਵਾਂ ਬਣਾਉਣਾ ਹੋਵੇਗਾ।

**ਮੁੱਖ ਵਿਸ਼ੇਸ਼ਤਾਵਾਂ:**

ਸਿੱਖਿਆ ਅਤੇ ਜਾਗਰੂਕਤਾ: ਸਕੂਲਾਂ ਅਤੇ ਸਰਕਾਰੀ ਏਜੰਸੀਆਂ ਵਿੱਚ ਸਿੱਖ ਧਰਮ ਬਾਰੇ ਜਾਣਕਾਰੀ ਦਿੱਤੀ ਜਾਵੇਗੀ ਤਾਂ ਜੋ ਲੋਕ ਪੱਗ ਅਤੇ ਕਿਰਪਾਨ ਵਰਗੇ ਧਾਰਮਿਕ ਚਿੰਨ੍ਹਾਂ ਦਾ ਸਤਿਕਾਰ ਕਰਨ।

ਸਾਲਾਨਾ ਰਿਪੋਰਟ: ਸਰਕਾਰ ਹਰ ਸਾਲ ਸੰਸਦ ਨੂੰ ਦੱਸੇਗੀ ਕਿ ਸਿੱਖਾਂ ਵਿਰੁੱਧ ਕਿੰਨੇ ਨਫ਼ਰਤੀ ਅਪਰਾਧ ਹੋਏ ਅਤੇ ਉਹਨਾਂ ’ਤੇ ਕੀ ਕਾਰਵਾਈ ਹੋਈ।ਵਿਦੇਸ਼ੀ ਦਬਾਅ ਤੋਂ ਸੁਰੱਖਿਆ: ਇਹ ਬਿੱਲ ਸਿੱਖਾਂ ਨੂੰ ਵਿਦੇਸ਼ੀ ਸਰਕਾਰਾਂ ਦੀ ਨਿਗਰਾਨੀ ਜਾਂ ਕਿਸੇ ਵੀ ਤਰ੍ਹਾਂ ਦੇ ਬਾਹਰੀ ਦਬਾਅ ਤੋਂ ਬਚਾਉਣ ਲਈ ਵੀ ਕੰਮ ਕਰੇਗਾ।

(ਬਾਕੀ ਸਫ਼ਾ 27 ’ਤੇ)



# ਸ਼ੇਅਰ ਬਾਜ਼ਾਰ 'ਚ ਤੇਜ਼ੀ ਬਨਾਮ ਮੰਦੀ ਮਾਰਕੀਟ ਵਿੱਚ ਕਿਉਂ ਆਉਂਦੈ ਉਤਰਾਅ-ਚੜ੍ਹਾਓ?

ਅੰਮ੍ਰਿਤਸਰ ਟਾਈਮਜ਼ ਬਿਊਰੋ



**ਭਾਰਤ ਦੇ ਵੱਡੀ ਗਿਣਤੀ ਲੋਕ ਸ਼ੇਅਰ ਬਾਜ਼ਾਰ ਵਿੱਚ ਆਪਣਾ ਪੈਸਾ ਲਗਾਉਂਦੇ ਹਨ। ਜਿਹਨਾਂ ਲੋਕਾਂ ਨੂੰ ਸ਼ੇਅਰ ਬਾਜ਼ਾਰ ਦੀ ਚੰਗੀ ਜਾਣਕਾਰੀ ਹੁੰਦੀ ਹੈ, ਉਹ ਚੰਗਾ ਮੁਨਾਫ਼ਾ ਕਮਾ ਜਾਂਦੇ ਹਨ ਜਦੋਂਕਿ ਘੱਟ ਜਾਣਕਾਰੀ ਰੱਖਣ ਵਾਲੇ ਲੋਕਾਂ ਦਾ ਪੈਸਾ ਅਕਸਰ ਡੁੱਬ ਵੀ ਜਾਂਦਾ ਹੈ। ਇਸ ਤੋਂ ਇਲਾਵਾ ਸ਼ੇਅਰ ਬਾਜ਼ਾਰ ਵਿੱਚ ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ ਸ਼ੇਅਰ ਬਾਜ਼ਾਰ ਰੂਪੀ ਸਮੁੰਦਰ ਵਿੱਚ ਚੰਗੇ ਤੈਰਾਕ ਵੀ ਡੂੰਘੇ ਪਾਣੀਆਂ 'ਚ ਜਾ ਕੇ ਡੋਬੇ ਖਾਣ ਲੱਗਦੇ ਹਨ ਅਤੇ ਅੰਤ ਵਿੱਚ ਡੁੱਬ ਜਾਂਦੇ ਹਨ।**

ਸ਼ੇਅਰ ਬਾਜ਼ਾਰ ਦੇ ਉਤਰਾਅ-ਚੜ੍ਹਾਅ ਦੀ ਸਹੀ ਭਵਿੱਖਬਾਣੀ ਕਰਨਾ ਬਹੁਤ ਮੁਸ਼ਕਿਲ ਹੈ ਕਿਉਂਕਿ ਇਹ ਬਾਜ਼ਾਰ ਬਹੁਤ ਸੰਵੇਦਨਸ਼ੀਲ ਹੈ ਅਤੇ ਛੋਟੀਆਂ-ਛੋਟੀਆਂ ਸਮੱਸਿਆਵਾਂ ਕਾਰਨ ਵੀ ਆਪਣੀ ਦਿਸ਼ਾ ਬਦਲਦਾ ਰਹਿੰਦਾ ਹੈ। ਅਕਸਰ ਹੀ ਅਸੀਂ ਕਿਸੇ ਦਿਨ ਸ਼ੇਅਰ ਬਾਜ਼ਾਰ ਵਿੱਚ ਇੱਕਦਮ ਮੰਦੀ ਦਾ ਮਾਹੌਲ ਵੇਖਦੇ ਹਾਂ, ਜਿਸ ਕਾਰਨ ਨਿਵੇਸ਼ਕਾਂ ਦੇ ਕਰੋੜਾਂ ਰੁਪਏ ਡੁੱਬ ਜਾਂਦੇ ਹਨ ਪਰ ਦੂਜੇ ਦਿਨ ਜਾਂ ਕੁਝ ਦਿਨਾਂ ਬਾਅਦ ਸ਼ੇਅਰ ਬਾਜ਼ਾਰ ਤੇਜ਼ੀ ਨਾਲ ਵੱਡੀਆਂ ਛਲਾਂਗਾਂ ਮਾਰਦਾ ਹੈ ਜਿਸ ਨਾਲ ਨਿਵੇਸ਼ਕਾਂ ਨੂੰ ਲਾਭ ਵੀ ਕਰੋੜਾਂ ਦਾ ਹੁੰਦਾ ਹੈ। ਇਹ ਉਤਾਰ ਚੜ੍ਹਾਓ ਸ਼ੇਅਰ ਬਾਜ਼ਾਰ ਦਾ ਮੁੱਖ ਹਿੱਸਾ ਹਨ ਅਤੇ ਹਰ ਦਿਨ ਵਾਂਗ ਸ਼ੇਅਰ ਬਾਜ਼ਾਰ ਨੂੰ ਪ੍ਰਭਾਵਿਤ ਕਰਦੇ ਰਹਿੰਦੇ ਹਨ। ਸ਼ੇਅਰ ਮਾਰਕੀਟ ਇੱਕ ਅਜਿਹਾ ਬਾਜ਼ਾਰ ਹੈ ਜਿਥੇ ਸ਼ੇਅਰਾਂ ਦੇ ਤੂਫ਼ਾਨੀ ਰਫ਼ਤਾਰ ਨਾਲ ਵਾਧੇ ਨਾਲ ਕਈ ਲੋਕ ਕਰੋੜਪਤੀ ਬਣ ਜਾਂਦੇ ਹਨ ਅਤੇ ਸ਼ੇਅਰ ਬਾਜ਼ਾਰ ਵਿੱਚ ਮੰਦੀ ਕਾਰਨ ਕਈ ਵਾਰ ਕਰੋੜਪਤੀ ਲੋਕ ਵੀ ਕੰਗਾਲ ਹੋ ਜਾਂਦੇ ਹਨ। ਇਹ ਸ਼ੇਅਰ ਬਾਜ਼ਾਰ ਇੱਕ ਅਜਿਹੀ ਮਾਰਕੀਟ ਹੈ, ਜੋ ਕਿ ਕਿਸੇ ਵੀ ਨਿਵੇਸ਼ਕ ਨੂੰ ਕਦੇ ਵੀ ਕਰੋੜਪਤੀ ਬਣਾ ਸਕਦੀ ਹੈ ਅਤੇ ਦੂਜੇ ਪਲ ਉਸ ਨੂੰ ਕੰਗਾਲ ਬਣਾਉਣ ਦੇ ਰਾਹ ਵੀ ਪੈ ਜਾਂਦੀ ਹੈ।

ਸ਼ੇਅਰ ਬਾਜ਼ਾਰ ਵਿੱਚ ਆਉਂਦੀ ਮੰਦੀ ਜਾਂ ਤੇਜ਼ੀ ਬਾਰੇ ਆਸਾਨ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ ਕਿ ਜਦੋਂ ਕਿਸੇ ਸਟਾਕ ਦੀ ਮੰਗ ਸਪਲਾਈ ਤੋਂ ਵੱਧ ਜਾਂਦੀ ਹੈ, ਤਾਂ ਇਸਦੀ ਕੀਮਤ ਵੱਧ ਜਾਂਦੀ ਹੈ। ਦੂਜੇ ਪਾਸੇ ਜਦੋਂ ਸਪਲਾਈ ਮੰਗ ਤੋਂ ਵੱਧ ਜਾਂਦੀ ਹੈ, ਤਾਂ ਕੀਮਤ ਡਿੱਗ ਜਾਂਦੀ ਹੈ। ਕੰਪਨੀ ਦੀ ਕਮਾਈ, ਆਰਥਿਕ ਡੇਟਾ ਅਤੇ ਨਿਵੇਸ਼ਕ ਭਾਵਨਾ ਵਰਗੇ ਕਾਰਕ ਸਪਲਾਈ ਅਤੇ ਮੰਗ ਦੀ ਗਤੀਸ਼ੀਲਤਾ ਨੂੰ ਪ੍ਰਭਾਵਿਤ ਕਰਦੇ ਹਨ, ਜਿਸ ਨਾਲ ਸ਼ੇਅਰ ਬਾਜ਼ਾਰ ਵਿੱਚ ਉਤਰਾਅ-ਚੜ੍ਹਾਅ ਆਉਂਦੇ ਹਨ। ਸਰਲ ਸ਼ਬਦਾਂ ਵਿੱਚ, ਇਹ ਕਹਿਣਾ ਸਹੀ ਹੋਵੇਗਾ ਕਿ ਜਦੋਂ ਕਿਸੇ ਕੰਪਨੀ ਦੇ ਸ਼ੇਅਰਾਂ ਦੀ ਮੰਗ ਵਧਦੀ ਹੈ, ਤਾਂ ਉਸਦੇ ਸ਼ੇਅਰਾਂ ਦੀ ਕੀਮਤ ਵੀ ਵਧਦੀ ਹੈ। ਸ਼ੇਅਰ ਮਾਰਕੀਟ ਨੂੰ ਪ੍ਰਭਾਵਿਤ ਕਰਨ ਵਾਲੇ ਬਹੁਤ ਸਾਰੇ ਕਾਰਨ ਹਨ। ਹਾਲਾਂਕਿ, ਸੰਸਥਾਗਤ ਨਿਵੇਸ਼ਕ ਇਸ ਵਿੱਚ ਮੁੱਖ ਭੂਮਿਕਾ ਨਿਭਾਉਂਦੇ ਹਨ। ਇਹਨਾਂ ਸੰਸਥਾਗਤ ਨਿਵੇਸ਼ਕਾਂ ਵਿੱਚ ਪੈਨਸ਼ਨ ਫੰਡ, ਵਿੱਤੀ ਸੰਸਥਾਵਾਂ ਅਤੇ ਮਿਊਚੁਅਲ ਫੰਡ ਸ਼ਾਮਲ ਹਨ।




ਇੱਕ ਬਹੁਤ ਹੀ ਸੰਵੇਦਨਸ਼ੀਲ ਸੂਚਕਾਂਕ ਨੂੰ ਸੈਂਸੈਕਸ ਕਿਹਾ ਜਾਂਦਾ ਹੈ। ਸੈਂਸੈਕਸ ਛੋਟੀਆਂ ਘਟਨਾਵਾਂ ਜਾਂ ਗਤੀਵਿਧੀਆਂ (ਜਿਵੇਂ ਕਿ ਚੰਗੀ ਬਾਰਿਸ਼ ਦੀ ਭਵਿੱਖਬਾਣੀ, ਭਵਿੱਖ ਦੀਆਂ ਸਰਕਾਰੀ ਨੀਤੀਆਂ, ਜਾਂ ਦੇਸ਼ ਵਿੱਚ ਸਥਿਰ ਸਰਕਾਰ ਦੀ ਸੰਭਾਵਨਾ) ਦੇ ਕਾਰਨ ਵੀ ਉਤਰਾਅ-ਚੜ੍ਹਾਅ ਕਰਦਾ ਰਹਿੰਦਾ ਹੈ।

ਉਦਾਹਰਣ ਵਜੋਂ, ਜੇਕਰ ਸਾਡੇ ਪ੍ਰਧਾਨ ਮੰਤਰੀ ਮੋਦੀ ਸੰਯੁਕਤ ਰਾਜ ਅਮਰੀਕਾ ਦਾ ਦੌਰਾ ਕਰਦੇ ਹਨ, ਤਾਂ ਅਮਰੀਕਾ ਵਿੱਚ ਰਹਿਣ ਵਾਲੇ ਵਿਦੇਸ਼ੀ ਨਿਵੇਸ਼ਕ ਇਹ ਅਨੁਮਾਨ ਲਗਾ ਸਕਦੇ ਹਨ ਕਿ ਮੋਦੀ ਅਮਰੀਕਾ ਦੇ ਰਾਸ਼ਟਰਪਤੀ ਨਾਲ ਕਈ ਸਮਝੌਤਿਆਂ 'ਤੇ ਦਸਤਖਤ ਕਰ ਸਕਦੇ ਹਨ, ਜਿਸ ਨਾਲ ਦੋਵਾਂ ਦੇਸ਼ਾਂ ਦੇ ਸਬੰਧ ਹੋਰ ਮਜ਼ਬੂਤ ਹੋਣਗੇ। ਇਸ ਉਮੀਦ ਵਿੱਚ, ਅਮਰੀਕੀ ਨਿਵੇਸ਼ਕ ਭਾਰਤ ਵਿੱਚ ਵੱਡੀ ਰਕਮ ਦਾ ਨਿਵੇਸ਼ ਕਰ ਸਕਦੇ ਹਨ।

ਸ਼ੇਅਰ ਬਾਜ਼ਾਰ ਦਾ ਰੁਝਾਨ ਮੌਸਮ ਨਾਲ ਵੀ ਸੰਬੰਧਿਤ ਹੁੰਦਾ ਹੈ। ਜਦੋਂ ਮੌਸਮ ਵਿਭਾਗ ਚੰਗੀ ਮਾਨਸੂਨ ਬਰਸਾਤ ਦੀ ਭਵਿੱਖਬਾਣੀ ਕਰਦਾ ਹੈ ਤਾਂ ਸੈਂਸੈਕਸ ਵਧਦਾ ਹੈ ਕਿਉਂਕਿ ਨਿਵੇਸ਼ਕ ਇਹ ਅਨੁਮਾਨ ਲਗਾਉਂਦੇ ਹਨ ਕਿ ਜੇਕਰ ਚੰਗੀ ਖੇਤੀਬਾੜੀ ਫਸਲ ਹੁੰਦੀ ਹੈ, ਤਾਂ ਖੇਤੀਬਾੜੀ-ਆਧਾਰਿਤ ਨਿਰਮਾਣ ਉਦਯੋਗਾਂ ਵਿੱਚ ਨਿਵੇਸ਼ ਵੀ ਵਧੇਗਾ, ਜਿਸ ਨਾਲ ਨਿਰਮਾਣ ਉਦਯੋਗਾਂ ਵਿੱਚ ਵਧੇਰੇ ਨਿਵੇਸ਼ ਹੋਵੇਗਾ, ਜਿਸ ਨਾਲ ਨਿਵੇਸ਼ਕਾਂ ਦਾ ਮੁਨਾਫ਼ਾ ਵਧੇਗਾ।




ਜੇਕਰ ਰਿਜ਼ਰਵ ਬੈਂਕ ਵਿਆਜ ਦਰਾਂ ਘਟਾ ਕੇ ਮੁਦਰਾ ਨੀਤੀ ਦਾ ਐਲਾਨ ਕਰਦਾ ਹੈ, ਤਾਂ ਕਰਜ਼ੇ ਸਸਤੇ ਹੋ ਜਾਣਗੇ, ਜਿਸ ਨਾਲ ਬੈਂਕਾਂ ਤੋਂ ਵਧੇਰੇ ਕਰਜ਼ਾ ਲੈਣ ਵਾਲੇ ਉਧਾਰ ਲੈਣਗੇ, ਜਿਸ ਨਾਲ ਬੈਂਕਾਂ ਦਾ ਮੁਨਾਫ਼ਾ ਵਧੇਗਾ। ਨਤੀਜੇ ਵਜੋਂ, ਬੈਂਕਿੰਗ ਖੇਤਰ ਦੀਆਂ ਸਾਰੀਆਂ ਕੰਪਨੀਆਂ ਦੇ ਸ਼ੇਅਰਾਂ ਦੀਆਂ ਕੀਮਤਾਂ ਵਧ ਜਾਣਗੀਆਂ।

ਸਰਕਾਰ ਦੁਆਰਾ ਮੁਦਰਾ ਨੀਤੀ (ਵਿਆਜ ਦਰ ਵਿੱਚ ਕਟੌਤੀ ਜਾਂ ਵਾਧਾ), ਵਿੱਤੀ ਨੀਤੀ (ਟੈਕਸ ਦਰ ਵਿੱਚ ਕਟੌਤੀ ਜਾਂ ਵਾਧਾ), ਵਪਾਰਕ ਨੀਤੀ, ਉਦਯੋਗਿਕ ਨੀਤੀ, ਖੇਤੀਬਾੜੀ ਨੀਤੀ, ਆਦਿ ਵਿੱਚ ਕੀਤੇ ਗਏ ਕਿਸੇ ਵੀ ਬਦਲਾਅ ਕਾਰਨ ਇਹਨਾਂ ਖੇਤਰਾਂ ਵਿੱਚ ਸਾਰੀਆਂ ਕੰਪਨੀਆਂ ਦੇ ਸ਼ੇਅਰ ਕੀਮਤਾਂ ਵਿੱਚ ਉਤਰਾਅ-ਚੜ੍ਹਾਅ ਆਉਂਦਾ ਹੈ।

ਬਜਟ ਪੇਸ਼ਕਾਰੀ ਦੌਰਾਨ ਕੀਤੇ ਗਏ ਸਕਾਰਾਤਮਕ ਜਾਂ ਨਕਾਰਾਤਮਕ ਐਲਾਨਾਂ ਕਾਰਨ ਵੱਖ-ਵੱਖ ਕੰਪਨੀਆਂ ਦੇ ਸ਼ੇਅਰ ਕੀਮਤਾਂ ਵਿੱਚ ਵੀ ਉਤਰਾਅ-ਚੜ੍ਹਾਅ ਆਉਂਦਾ ਹੈ।

ਦੇਸ਼ ਵਿੱਚ ਰਾਜਨੀਤਿਕ ਸਥਿਰਤਾ (ਬਹੁਗਿਣਤੀ ਸਰਕਾਰ ਜਾਂ ਗੱਠਜੋੜ), ਅਤੇ ਰਾਜਨੀਤਿਕ ਵਾਤਾਵਰਣ (ਖੱਬੇ-ਪੱਖੀ ਜਾਂ ਸੱਜੇ-ਪੱਖੀ) ਵਰਗੇ ਕਾਰਕ ਵੀ ਨਿਵੇਸ਼ਕਾਂ ਦੇ ਫੈਸਲਿਆਂ ਨੂੰ ਮਹੱਤਵਪੂਰਨ ਤੌਰ 'ਤੇ ਪ੍ਰਭਾਵਿਤ ਕਰਦੇ ਹਨ। ਜੇਕਰ ਇੱਕ ਖੱਬੇ-ਪੱਖੀ ਸਰਕਾਰ ਸੱਤਾ ਵਿੱਚ ਹੈ, ਤਾਂ ਇਹ ਕਈ ਖੇਤਰਾਂ (ਜਿਵੇਂ ਕਿ ਮਲਟੀ-ਬ੍ਰਾਂਡ ਰਿਟੇਲ) ਵਿੱਚ ਵਿਦੇਸ਼ੀ ਨਿਵੇਸ਼ ਦਾ ਵਿਰੋਧ ਕਰਦੀ ਹੈ, ਜਿਸ ਨਾਲ ਇਸ ਖੇਤਰ (ਬਿਗ ਬਾਜ਼ਾਰ, ਵਿਸ਼ਾਲ ਮੈਗਾ ਮਾਰਟ, ਆਦਿ) ਵਿੱਚ ਕੰਪਨੀਆਂ ਦੇ ਸ਼ੇਅਰਾਂ ਵਿੱਚ ਗਿਰਾਵਟ ਆਉਂਦੀ ਹੈ। ਇਸ ਕਰਕੇ ਸ਼ੇਅਰ ਬਾਜ਼ਾਰ ਦੀ ਕਮਾਈ ਨੂੰ ਸਥਿਰ ਕਮਾਈ ਨਹੀਂ ਕਿਹਾ ਜਾ ਸਕਦਾ। ਇਸ ਵਿੱਚ ਉਤਾਰ ਚੜ੍ਹਾਓ ਆਉਂਦਾ ਰਹਿੰਦਾ ਹੈ।

ਭਾਰਤ ਵਿੱਚ ਵੱਡੀ ਗਿਣਤੀ ਅਜਿਹੇ ਲੋਕ ਹਨ ਜੋ ਕਿ ਆਪਣੇ ਦਿਨ ਦੀ ਸ਼ੁਰੂਆਤ ਹੀ ਸ਼ੇਅਰ ਮਾਰਕੀਟ ਨੂੰ ਵੇਖ ਕੇ ਕਰਦੇ ਹਨ। ਜੇ ਸ਼ੇਅਰ ਮਾਰਕੀਟ ਮਜਬੂਤ ਹੁੰਦੀ ਹੈ ਤਾਂ ਇਹਨਾਂ ਲੋਕਾਂ ਦਾ ਦਿਨ ਵਧੀਆ ਬੀਤਦਾ ਹੈ, ਜੇ ਸ਼ੇਅਰ ਮਾਰਕੀਟ ਮੰਦੀ ਵਿੱਚ ਜਾਂਦੀ ਹੈ ਤਾਂ ਇਹਨਾਂ ਲੋਕਾਂ ਦਾ ਹਾਲ ਵੇਖਣ ਵਾਲਾ ਹੁੰਦਾ ਹੈ। ਇਸ ਤੋਂ ਇਲਾਵਾ ਭਾਰਤ ਵਿੱਚ ਉਹਨਾਂ ਲੋਕਾਂ ਦੀ ਵੀ ਵੱਡੀ ਗਿਣਤੀ ਹੈ, ਜੋ ਕਿ ਸ਼ੇਅਰ ਬਾਜ਼ਾਰ ਤੋਂ ਦੂਰ ਰਹਿਣ ਵਿੱਚ ਆਪਣੀ ਭਲਾਈ ਸਮਝਦੇ ਹਨ। ਇਹ ਲੋਕ ਸ਼ੇਅਰ ਮਾਰਕੀਟ ਨੂੰ ਚੰਗਾ ਨਹੀਂ ਸਮਝਦੇ। ਨਾ ਹੀ ਅਜਿਹੇ ਲੋਕਾਂ ਨੂੰ ਸ਼ੇਅਰ ਬਾਜ਼ਾਰ ਦਾ ਕੰਮ ਕਰਨ ਵਾਲੇ ਚੰਗੇ ਲੱਗਦੇ ਹਨ। ਇਹੋ ਕਾਰਨ ਹੈ ਕਿ ਵੱਡੀ ਗਿਣਤੀ ਆਮ ਲੋਕਾਂ ਦਾ ਸ਼ੇਅਰ ਬਾਜ਼ਾਰ ਪ੍ਰਤੀ ਗਿਆਨ ਨਾਂਹ ਦੇ ਬਰਾਬਰ ਹੁੰਦਾ ਹੈ।

ਭਾਰਤ ਖੇਤੀਬਾੜੀ ਪ੍ਰਧਾਨ ਸੂਬਾ ਹੈ, ਇਸ ਕਾਰਨ ਇਸ ਦੀ ਮੁੱਖ ਆਰਥਿਕਤਾ ਖੇਤੀਬਾੜੀ 'ਤੇ ਖੜੀ ਹੈ। ਜਿਸ ਕਾਰਨ ਖੇਤੀਬਾੜੀ ਤੋਂ ਸ਼ੇਅਰ ਬਾਜ਼ਾਰ ਵੀ ਪ੍ਰਭਾਵਿਤ ਹੁੰਦਾ ਹੈ। ਜੇ ਮਾਨਸੂਨ ਦੀ ਬਰਸਾਤ ਚੰਗੀ ਹੁੰਦੀ ਹੈ ਤਾਂ ਸ਼ੇਅਰ ਮਾਰਕੀਟ ਵੀ ਗੁਲਜ਼ਾਰ ਹੋ ਜਾਂਦੀ ਹੈ ਕਿਉਂਕਿ ਭਰਪੂਰ ਬਰਸਾਤ ਕਾਰਨ ਫਸਲ ਭਰਪੂਰ ਹੁੰਦੀ ਹੈ ਅਤੇ ਖੇਤੀ ਆਧਾਰਿਤ ਉਦਯੋਗਾਂ ਵਿੱਚ ਵਧੇਰੇ ਉਤਪਾਦਨ ਹੁੰਦਾ ਹੈ, ਜਿਸ ਕਾਰਨ ਮੰਗ ਅਤੇ ਸਪਲਾਈ ਵਿੱਚ ਵਾਧਾ ਹੁੰਦਾ ਹੈ ਜੋ ਕਿ ਸ਼ੇਅਰ ਬਾਜ਼ਾਰ ਨੂੰ ਮਜਬੂਤ ਕਰਦਾ ਹੈ।

## ਕੀ ਹੁੰਦੇ ਹਨ ਸੈਂਸੈਕਸ ਅਤੇ ਨਿਫਟੀ ?




ਸੈਂਸੈਕਸ ਅਤੇ ਨਿਫਟੀ ਐਗਜ਼ਿਟ ਪੋਲ ਵਾਂਗ ਹਨ। ਜਿਵੇਂ ਚੋਣਾਂ ਤੋਂ ਪਹਿਲਾਂ ਐਗਜ਼ਿਟ ਪੋਲ ਕੀਤੇ ਜਾਂਦੇ ਹਨ ਤਾਂ ਜੋ ਤੁਹਾਨੂੰ ਇਹ ਪਤਾ ਲੱਗ ਸਕੇ ਕਿ ਕਿਹੜੀ ਪਾਰਟੀ ਜਿੱਤਣ ਦੀ ਸੰਭਾਵਨਾ ਹੈ, ਐਗਜ਼ਿਟ ਪੋਲ ਹਮੇਸ਼ਾ ਸਹੀ ਨਹੀਂ ਹੁੰਦੇ। ਸਿਰਫ਼ 60-70% ਐਗਜ਼ਿਟ ਪੋਲ ਹੀ ਸਹੀ ਹੁੰਦੇ ਹਨ। ਐਗਜ਼ਿਟ ਪੋਲ ਹਮੇਸ਼ਾ ਸਹੀ ਨਹੀਂ ਹੁੰਦੇ ਕਿਉਂਕਿ, ਵੋਟ ਪਾਉਣ ਵਾਲੇ ਲੱਖਾਂ ਲੋਕਾਂ ਵਿੱਚੋਂ, ਸਿਰਫ਼ ਕੁਝ ਹਜ਼ਾਰ ਲੋਕਾਂ ਤੋਂ ਪੁੱਛ ਕੇ ਇੱਕ ਨਮੂਨਾ ਤਿਆਰ ਕੀਤਾ ਜਾਂਦਾ ਹੈ।

ਉਸ ਨਮੂਨੇ ਦੇ ਆਧਾਰ 'ਤੇ, ਇੱਕ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਇਨ੍ਹਾਂ ਲੱਖਾਂ ਲੋਕਾਂ ਨੇ ਕਿਸ ਨੂੰ ਵੋਟ ਦਿੱਤੀ ਹੋਵੇਗੀ ਅਤੇ ਕਿਹੜੀ ਪਾਰਟੀ ਚੋਣ ਜਿੱਤ ਸਕਦੀ ਹੈ। ਕਈ ਵਾਰ ਐਗਜ਼ਿਟ ਪੋਲ ਦਾ ਨਮੂਨਾ ਸਹੀ ਭਵਿੱਖਬਾਣੀ ਦਿੰਦਾ ਹੈ, ਅਤੇ ਕਈ ਵਾਰ ਇਹ ਗਲਤ ਭਵਿੱਖਬਾਣੀ ਕਰਦਾ ਹੈ ਕਿ ਕਿਸ ਪਾਰਟੀ ਦੇ ਜਿੱਤਣ ਦੀ ਸਭ ਤੋਂ ਵੱਧ ਸੰਭਾਵਨਾ ਹੈ। ਕ੍ਰਿਪਟੋਕਰੰਸੀ

ਇਸੇ ਤਰ੍ਹਾਂ, ਭਾਰਤੀ ਸਟਾਕ ਮਾਰਕੀਟ ਵਿੱਚ ਲਗਭਗ 5,000 ਕੰਪਨੀਆਂ ਸੂਚੀਬੱਧ ਹਨ; ਰੋਜ਼ਾਨਾ ਸਾਰੀਆਂ ਕੰਪਨੀਆਂ ਦੀਆਂ ਕੀਮਤਾਂ ਦੀ ਨਿਗਰਾਨੀ ਕਰਨਾ ਸੰਭਵ ਨਹੀਂ ਹੈ। ਇਸ ਲਈ, ਨਿਫਟੀ ਅਤੇ ਸੈਂਸੈਕਸ ਸੂਚਕਾਂਕ ਦੀ ਵਰਤੋਂ ਬਾਜ਼ਾਰ ਦੀ ਦਿਸ਼ਾ ਦੀ ਭਵਿੱਖਬਾਣੀ ਕਰਨ ਲਈ ਕੀਤੀ ਜਾਂਦੀ ਹੈ, ਕੀ ਅੱਜ ਬਾਜ਼ਾਰ ਵਧੇਗਾ ਜਾਂ ਡਿੱਗੇਗਾ ?

ਇਸ ਤਰ੍ਹਾਂ, ਸੈਂਸੈਕਸ ਅਤੇ ਨਿਫਟੀ ਨੂੰ ਐਗਜ਼ਿਟ ਪੋਲ ਦੀ ਇੱਕ ਕਿਸਮ ਮੰਨਿਆ ਜਾ ਸਕਦਾ ਹੈ। ਇਹ ਇੱਕ ਛੋਟੇ ਸੈਂਪਲ ਆਕਾਰ ਦੀ ਵਰਤੋਂ ਕਰਕੇ ਸਮੁੱਚੇ ਬਾਜ਼ਾਰ ਰੁਝਾਨ ਦੀ ਭਵਿੱਖਬਾਣੀ ਕਰਨ ਦੀ ਕੋਸ਼ਿਸ਼ ਕਰਦਾ ਹੈ।

ਸੈਂਸੈਕਸ ਵਿੱਚ 30 ਕੰਪਨੀਆਂ ਹਨ ਅਤੇ ਨਿਫਟੀ ਵਿੱਚ 50 ਕੰਪਨੀਆਂ ਹਨ। ਸੈਂਸੈਕਸ ਤੁਹਾਨੂੰ ਇਹਨਾਂ 30 ਕੰਪਨੀਆਂ ਦੀ ਦਿਸ਼ਾ ਦੇ ਆਧਾਰ 'ਤੇ ਇੱਕ ਆਮ ਰਾਏ ਦਿੰਦਾ ਹੈ, ਭਾਵੇਂ ਅੱਜ ਸਟਾਕ ਮਾਰਕੀਟ ਵਧ ਰਹੀ ਹੈ ਜਾਂ ਡਿੱਗ ਰਹੀ ਹੈ। ਇਸੇ ਤਰ੍ਹਾਂ, ਨਿਫਟੀ ਤੁਹਾਨੂੰ 50 ਕੰਪਨੀਆਂ ਦੇ ਓਪੀਨੀਅਨ ਪੋਲ ਦੇ ਆਧਾਰ 'ਤੇ ਮਾਰਕੀਟ ਭਾਵਨਾ ਦਿੰਦਾ ਹੈ। ਜ਼ਿਆਦਾਤਰ ਸਮਾਂ, ਇਹਨਾਂ 50 ਕੰਪਨੀਆਂ ਦੇ ਜ਼ਿਆਦਾਤਰ ਸਟਾਕ ਜਿਸ ਦਿਸ਼ਾ ਵਿੱਚ ਅੱਗੇ ਵਧ ਰਹੇ ਹਨ, ਉਹੀ ਦਿਸ਼ਾ ਹੈ ਜਿਸ ਦਿਸ਼ਾ ਵਿੱਚ ਸਟਾਕ ਮਾਰਕੀਟ ਦੇ ਜ਼ਿਆਦਾਤਰ ਸਟਾਕ ਅੱਗੇ ਵਧ ਰਹੇ ਹਨ। ਇਹ 60-70% ਵਾਰ ਹੁੰਦਾ ਹੈ, ਪਰ ਇਹ ਜ਼ਰੂਰੀ ਨਹੀਂ ਹੈ ਕਿ ਇਹ ਹਰ ਵਾਰ ਵਾਪਰੇ। ਇਸ ਲਈ, ਕਿਸੇ ਨੂੰ ਕਦੇ ਵੀ ਸੈਂਸੈਕਸ ਅਤੇ ਨਿਫਟੀ 'ਤੇ ਅੰਨ੍ਹਾ ਭਰੋਸਾ ਨਹੀਂ ਕਰਨਾ ਚਾਹੀਦਾ। ਉਹ ਸਿਰਫ਼ ਸਟਾਕ ਮਾਰਕੀਟ ਦਾ ਔਸਤ ਅਨੁਮਾਨ ਦੱਸਦੇ ਹਨ।




ਜਗਮੋਹਨ ਸਿੰਘ ਲੱਕੀ

# ਅਮਰੀਕਾ ਵੱਲੋਂ ਇਰਾਨ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ ਲਗਾਤਾਰ ਜਾਰੀ

**ਅਮਰੀਕਾ ਪਹਿਲਾਂ ਇਰਾਨ ਦੇ ਗੁਆਂਢੀ ਦੇਸ਼ ਇਰਾਕ ਨੂੰ ਵੀ ਪਰਮਾਣੂ ਹਥਿਆਰਾਂ ਦਾ ਬਹਾਨਾ ਲਗਾ ਕੇ ਤਬਾਹ ਕਰ ਚੁੱਕਿਆ ਹੈ ਅਤੇ ਇਸ ਸਮੇਂ ਇਰਾਕ ਵਿੱਚ ਅਮਰੀਕਾ ਦੀ ਕਠਪੁਤਲੀ ਸਰਕਾਰ ਰਾਜ ਕਰ ਰਹੀ ਹੈ। ਅਮਰੀਕਾ ਹੁਣ ਇਰਾਨ ਦਾ ਹਾਲ ਵੀ ਇਰਾਕ ਵਰਗਾ ਕਰਨਾ ਚਾਹੁੰਦਾ ਹੈ। ਅਮਰੀਕਾ ਦੇ ਰਾਸ਼ਟਰਪਤੀ ਟਰੰਪ ਚਾਹੁੰਦੇ ਹਨ ਕਿ ਇਰਾਨ ਦੇ ਕੁਦਰਤੀ ਤੇਲ ਦੇ ਸੋਮਿਆਂ 'ਤੇ ਅਮਰੀਕੀ ਕੰਪਨੀਆਂ ਦਾ ਪੂਰੀ ਤਰ੍ਹਾਂ ਕਬਜ਼ਾ ਹੋਵੇ। ਦੂਜੇ ਪਾਸੇ ਇਰਾਨ ਵੱਲੋਂ ਅਮਰੀਕਾ ਦੇ ਯਤਨਾਂ ਦਾ ਲਗਾਤਾਰ ਵਿਰੋਧ ਕੀਤਾ ਜਾ ਰਿਹਾ ਹੈ ਅਤੇ ਆਪਣੇ ਪਰਮਾਣੂ ਹਥਿਆਰਾਂ ਵਾਲੇ ਪ੍ਰੋਜੈਕਟ ਨੂੰ ਅੱਗੇ ਵਧਾਇਆ ਜਾ ਰਿਹਾ ਹੈ। ਇਰਾਨ ਬਾਰੇ ਕਿਹਾ ਜਾਂਦਾ ਹੈ ਕਿ ਉਹ ਪਹਿਲਾਂ ਨਾਲੋਂ ਕਾਫ਼ੀ ਸ਼ਕਤੀਸ਼ਾਲੀ ਹੋ ਗਿਆ ਹੈ ਜਿਸ ਕਰਕੇ ਅਮਰੀਕਾ ਦੀ ਅਜੇ ਤੱਕ ਇਰਾਨ 'ਤੇ ਸਿੱਧਾ ਹਮਲਾ ਕਰਨ ਦੀ ਹਿੰਮਤ ਨਹੀਂ ਪਈ। ਅਮਰੀਕਾ ਕਦੇ ਇਜ਼ਰਾਇਲ ਦੇ ਮੋਢੇ 'ਤੇ ਬੰਦੂਕ ਰੱਖ ਕੇ ਚਲਾਉਣ ਦਾ ਯਤਨ ਕਰਦਾ ਹੈ ਅਤੇ ਕਦੇ ਇਰਾਨ ਦੇ ਜਲਾਵਤਨੀ ਆਗੂ ਰਜ਼ਾ ਪਹਿਲਵੀ ਨੂੰ ਅੱਗੇ ਕਰ ਦਿੰਦਾ ਹੈ।**

ਏਸ਼ੀਆ ਦੇ ਦੱਖਣ-ਪੱਛਮ ਹਿੱਸੇ ਵਿੱਚ ਸਥਿਤ ਦੇਸ਼ ਇਰਾਨ ਦੀ ਧਰਤੀ 'ਤੇ ਪੈਦਾ ਹੋਏ ਵਿਸ਼ਵ ਪ੍ਰਸਿੱਧ ਕਵੀਆਂ ਅਤੇ ਲੇਖਕਾਂ ਹਾਫਿਜ, ਸਾਦੀ, ਰੂਮੀ ਅਤੇ ਫਿਰਦੌਸੀ ਨੇ ਪੂਰੀ ਦੁਨੀਆ ਨੂੰ ਪਿਆਰ-ਮੁਹੱਬਤ ਦਾ ਸੁਨੇਹਾ ਦਿੱਤਾ, ਪਰ ਉਸੇ ਧਰਤੀ 'ਤੇ ਹੁਣ ਉਥਲ ਪੁੱਥਲ ਅਤੇ ਅਸ਼ਾਂਤੀ ਵਾਲਾ ਮਾਹੌਲ ਪੈਦਾ ਹੋ ਗਿਆ ਹੈ। ਇਰਾਨ ਦੀ ਮੌਜੂਦਾ ਕੱਟੜਪੰਥੀ ਸਰਕਾਰ ਵਿਰੁੱਧ ਉਥੋਂ ਦੀ ਜਨਤਾ ਵਿੱਚ ਰੋਸ ਪੈਦਾ ਹੋ ਗਿਆ ਹੈ ਅਤੇ ਉਹ ਵਿਦਰੋਹ ਕਰਨ ਲੱਗੀ ਹੈ। ਇਰਾਨ ਦੀ ਕਰੰਸੀ 'ਰਿਆਲ' ਦੀ ਕੀਮਤ ਬਹੁਤ ਡਿੱਗਣ ਕਾਰਨ ਵਧੀ ਮਹਿੰਗਾਈ, ਭ੍ਰਿਸ਼ਟਾਚਾਰ, ਆਰਥਿਕ ਮੰਦਹਾਲੀ ਅਤੇ ਔਰਤਾਂ 'ਤੇ ਕਥਿਤ ਜ਼ੁਲਮ ਦੀ ਮਾਰ ਸਹਿ ਰਹੇ ਲੋਕ ਸੜਕਾਂ 'ਤੇ ਉੱਤਰ ਆਏ ਹਨ। ਇਰਾਨ ਸਰਕਾਰ ਵੱਲੋਂ ਆਪਣੇ ਖ਼ਿਲਾਫ਼ ਉਠ ਰਹੀਆਂ ਆਵਾਜ਼ਾਂ ਨੂੰ ਸਖ਼ਤੀ ਨਾਲ ਦਬਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਇਰਾਨ ਦੇ 'ਸਰਬਉੱਚ ਨੇਤਾ' ਅਯਾਤੁੱਲਾ ਅਲੀ ਖ਼ੋਮੇਨੀ ਇਨ੍ਹਾਂ ਮੁਜ਼ਾਹਰਿਆਂ ਅੱਗੇ ਝੁਕਣ ਨੂੰ ਤਿਆਰ ਨਹੀਂ ਸਗੋਂ ਉਸ ਨੇ ਲੋਕਾਂ ਨੂੰ ਵਾਰ ਵਾਰ ਅਪੀਲ ਕੀਤੀ ਹੈ ਕਿ 'ਅਮਰੀਕਾ ਵੱਲੋਂ ਲਾਈ ਗਈ ਇਸ ਅੱਗ ਦੀ ਚਾਲ ਨੂੰ ਲੋਕ ਸਮਝਣ' ਪਰ ਲੋਕ ਲਗਾਤਾਰ ਸੰਘਰਸ਼ ਦੇ ਰਾਹ ਪਏ ਹੋਏ ਹਨ। ਖ਼ਬਰਾਂ ਆ ਰਹੀਆਂ ਹਨ ਕਿ ਇਰਾਨ ਦੇ ਰਾਸ਼ਟਰਪਤੀ ਡਾਕਟਰ ਮਸੂਦ ਪੇਜੇ ਸਕੀਆਨ ਨੇ ਇਰਾਨ ਦੇ ਲੋਕਾਂ ਨਾਲ ਗੱਲਬਾਤ ਕਰਨ ਦੀ ਇੱਛਾ ਪ੍ਰਗਟਾਈ ਸੀ ਪਰ ਇਰਾਨ ਦੇ ਸਰਵਉੱਚ ਨੇਤਾ ਅਲੀ ਖਾਮਨੇਈ ਨੇ ਇਸ ਗੱਲ ਨੂੰ ਅਣਗੌਲਿਆ ਕਰ ਦਿੱਤਾ ਅਤੇ ਇਰਾਨੀ ਲੋਕਾਂ 'ਤੇ ਦਮਨ ਚੱਕਰ ਚਲਾ ਦਿੱਤਾ। ਇਰਾਨ ਵਿੱਚ ਇਹ ਸਤਰਾਂ ਲਿਖੇ ਜਾਣ ਤੱਕ 4 ਹਜ਼ਾਰ ਲੋਕਾਂ ਦੇ ਮਾਰੇ ਜਾਣ ਦੀਆਂ ਰਿਪੋਰਟਾਂ ਆਈਆਂ ਹਨ ਪਰ ਗੈਰ ਸਰਕਾਰੀ ਸੰਸਥਾਵਾਂ ਦੇ ਆਗੂ ਦਾਅਵਾ ਕਰ ਰਹੇ ਹਨ ਕਿ ਇਰਾਨ ਵਿੱਚ ਮੌਜੂਦਾ ਪ੍ਰਦਰਸ਼ਨਾਂ ਦੌਰਾਨ ਮਰਨ ਵਾਲੇ ਲੋਕਾਂ ਦੀ ਗਿਣਤੀ 18 ਹਜ਼ਾਰ ਦੇ ਕਰੀਬ ਹੈ। ਅਮਰੀਕਾ ਆਧਾਰਿਤ ਮਨੁੱਖੀ ਅਧਿਕਾਰ ਏਜੰਸੀ ਹਿਊਮਨ ਰਾਈਟਸ ਐਕਟੀਵਿਸਟਸ ਨੇ ਪ੍ਰਦਰਸ਼ਨਾਂ 'ਚ ਮਰਨ ਵਾਲਿਆਂ ਦੀ ਗਿਣਤੀ 4029 ਦੱਸੀ ਹੈ। ਉਸਨੇ ਕਿਹਾ ਹੈ ਕਿ ਕਾਰਵਾਈ ਦੌਰਾਨ 26 ਹਜ਼ਾਰ ਤੋਂ ਜ਼ਿਆਦਾ ਲੋਕਾਂ ਨੂੰ ਹਿਰਾਸਤ 'ਚ ਲਿਆ ਗਿਆ ਹੈ। ਮਰਨ ਵਾਲਿਆਂ 'ਚ 3,786 ਪ੍ਰਦਰਸ਼ਨਕਾਰੀ, 180 ਸੁਰੱਖਿਆ ਮੁਲਾਜ਼ਮ, 28 ਬੱਚੇ ਤੇ 35 ਅਜਿਹੇ ਲੋਕ ਸ਼ਾਮਲ ਹਨ, ਜਿਨ੍ਹਾਂ ਨੇ ਪ੍ਰਦਰਸ਼ਨਾਂ 'ਚ ਹਿੱਸਾ ਨਹੀਂ ਲਿਆ ਸੀ। ਇਹ ਏਜੰਸੀ ਪਹਿਲਾਂ ਵੀ ਇਰਾਨ 'ਚ ਹੋਈ ਗੜਬੜ ਦੇ ਬਾਰੇ ਸਹੀ ਜਾਣਕਾਰੀ ਮੁਹੱਈਆ ਕਰਾ ਚੁੱਕੀ ਹੈ।

ਇਰਾਨੀ ਅਧਿਕਾਰੀਆਂ ਨੇ ਪ੍ਰਦਰਸ਼ਨਾਂ ਦੌਰਾਨ ਹੋਈਆਂ ਮੌਤਾਂ ਦਾ ਹੁਣ ਤੱਕ ਕੋਈ ਸਪੱਸ਼ਟ ਅੰਕੜਾ ਜਾਰੀ ਨਹੀਂ ਕੀਤਾ। ਹਾਲਾਂਕਿ ਪਿਛਲੇ ਦਿਨੀਂ ਦੇਸ਼ ਦੇ ਸਰਬ ਉੱਚ ਆਗੂ ਅਯਾਤੁੱਲਾ ਅਲੀ ਖਾਮਨੇਈ ਨੇ ਕਿਹਾ ਸੀ ਕਿ ਵਿਰੋਧ ਪ੍ਰਦਰਸ਼ਨਾਂ 'ਚ ਕਈ ਹਜ਼ਾਰ ਲੋਕਾਂ ਦੀ ਮੌਤ ਹੋਈ ਤੇ ਉਨ੍ਹਾਂ ਨੇ ਇਨ੍ਹਾਂ ਮੌਤਾਂ ਲਈ ਅਮਰੀਕਾ ਨੂੰ ਜ਼ਿੰਮੇਵਾਰ ਠਹਿਰਾਇਆ। ਇਸ ਸਮੇਂ ਇਰਾਨ ਦੇ ਅੰਦਰੂਨੀ ਹਾਲਾਤ ਦਿਨੋਂ ਵਿਗੜ ਰਹੇ ਹਨ। ਦੂਜੇ ਪਾਸੇ ਇਰਾਨ ਦੇ ਸੰਘਰਸ਼ਸ਼ੀਲ ਲੋਕਾਂ ਨੂੰ ਅਮਰੀਕਾ



ਖੁੱਲ੍ਹੀ ਮਦਦ ਦੇਣ ਦਾ ਐਲਾਨ ਕਰ ਰਿਹਾ ਹੈ। ਇਸ ਦੇ ਨਾਲ ਹੀ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਵੱਲੋਂ ਇਰਾਨ ਨੂੰ ਡਰਾਉਣ ਅਤੇ ਦਬਾਉਣ ਦੇ ਯਤਨ ਕੀਤੇ ਜਾ ਰਹੇ ਹਨ ਪਰ ਇਰਾਨ ਦੀ ਸਰਕਾਰ ਪੂਰੀ ਦ੍ਰਿੜਤਾ ਨਾਲ ਅਮਰੀਕਾ ਅਤੇ ਅੰਦਰੂਨੀ ਸੰਘਰਸ਼ ਦਾ ਮੁਕਾਬਲਾ ਕਰ ਰਹੀ ਹੈ।

ਪ੍ਰਾਚੀਨ ਕਾਲ ਵਿੱਚ ਵੱਡੇ ਸਾਮਰਾਜਾਂ ਦਾ ਹਿੱਸਾ ਰਹਿ ਚੁੱਕਿਆ ਇਰਾਨ ਉੱਤਰ-ਪੂਰਬ ਵਿੱਚ ਤੁਰਕਮੇਨਿਸਤਾਨ, ਉੱਤਰ ਵਿੱਚ ਕੈਸਪੀਅਨ ਸਾਗਰ ਅਤੇ ਅਜਰਬਾਈਜਾਨ, ਦੱਖਣ ਵਿੱਚ ਫਾਰਸ ਦੀ ਖਾੜੀ, ਪੱਛਮ ਵਿੱਚ ਇਰਾਕ ( ਕੁਰਦਿਸਤਾਨ ਸਰਜ਼ਮੀਨ) ਅਤੇ ਤੁਰਕੀ, ਪੂਰਬ ਵਿੱਚ ਅਫ਼ਗਾਨਿਸਤਾਨ ਅਤੇ ਪਾਕਿਸਤਾਨ ਨਾਲ ਘਿਰਿਆ ਹੈ। ਇਸ ਦੇਸ਼ ਨੂੰ 'ਗ੍ਰੇਟਰ ਇਰਾਨ' ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ, ਜਿਸ ਅੰਦਰ ਪੱਛਮ ਵਿੱਚ ਅਨਾਤੋਲੀਆ, ਬੋਸਫੋਰਸ ਅਤੇ ਮਿਸਰ, ਪੂਰਬ ਵਿੱਚ ਪ੍ਰਾਚੀਨ ਭਾਰਤ ਦੀ ਸਰਹੱਦ ਅਤੇ ਸੀਰ ਦਰਿਆ ਅਤੇ ਉੱਤਰ ਵਿੱਚ ਕਾਕੇਸ਼ਸ ਅਤੇ ਯੂਰੇਸ਼ੀਅਨ ਸਟੈਪੀ ਅਤੇ ਦੱਖਣ ਵਿੱਚ ਫ਼ਾਰਸ ਦੀ ਖਾੜੀ ਅਤੇ ਓਮਾਨ ਦੀ ਖਾੜੀ ਤੱਕ ਦੇ ਇਲਾਕੇ ਸ਼ਾਮਲ ਸਨ। ਇਰਾਨ ਦਾ ਪ੍ਰਮੁੱਖ ਧਰਮ ਇਸਲਾਮ ਹੈ ਅਤੇ ਇਹ ਖੇਤਰ ਸ਼ੀਆ ਬਹੁਲ ਹੈ। ਇਰਾਨ ਦੀ 99 ਫ਼ੀਸਦੀ ਆਬਾਦੀ ਮੁਸਲਿਮ ਹੈ, ਜਦੋਂਕਿ ਯਹੂਦੀ, ਇਸਾਈ, ਬਹਾਈ ਅਤੇ ਨਾਸਤਿਕ ਸਿਰਫ਼ ਇੱਕ ਫ਼ੀਸਦੀ ਹਨ। ਇਰਾਨ ਦੀ ਮੌਜੂਦਾ ਸਰਕਾਰ ਕੱਟੜਪੰਥੀ ਹੈ, ਜੋ ਕਿ ਇਸਲਾਮੀ ਕਾਨੂੰਨਾਂ ਨੂੰ ਲਾਗੂ ਕਰ ਚੁੱਕੀ ਹੈ। ਇਸਲਾਮੀ ਸਰਕਾਰ ਅਤੇ ਇਸਲਾਮੀ ਆਬਾਦੀ ਦੀ ਬਹੁਲਤਾ ਵਾਲਾ ਇਰਾਨ ਜੇ ਇਸ ਸਮੇਂ ਅਸ਼ਾਂਤ ਹੈ ਤਾਂ ਇਸ ਦੇ ਵੀ ਕਈ ਕਾਰਨ ਹੋ ਸਕਦੇ ਹਨ। ਇਰਾਨ ਵਿੱਚ ਆਮ ਲੋਕਾਂ ਦੇ ਵਿਰੋਧ ਪ੍ਰਦਰਸ਼ਨ ਭਾਵੇਂ ਬੀਤੀ 28 ਦਸੰਬਰ 2025 ਤੋਂ ਸ਼ੁਰੂ ਹੋਏ ਪਰ 1979 ਦੀ ਇਸਲਾਮਿਕ ਕ੍ਰਾਂਤੀ ਤੋਂ ਬਾਅਦ ਹੀ ਇਰਾਨ ਵਿੱਚ ਅੰਦਰੂਨੀ ਉਥਲ-ਪੁਥਲ ਦਾ ਦੌਰ ਸ਼ੁਰੂ ਹੋ ਗਿਆ ਸੀ। ਇਸ ਮਗਰੋਂ ਉੱਥੇ 2009, 2017, 2019 ਤੇ 2022 ਵਿੱਚ ਵੀ ਵੱਡੇ ਪੱਧਰ 'ਤੇ ਅੰਦੋਲਨ ਹੋਏ ਤੇ ਹਰ ਵਾਰ ਸ਼ਾਸਨ ਵਿੱਚ ਬਦਲਾਅ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਰਹੀਆਂ ਪਰ ਵਿਵਸਥਾ ਵਿੱਚ ਕੋਈ ਤਬਦੀਲੀ ਨਾ ਹੋਈ। ਲੋਕਾਂ ਦੇ ਮਨਾਂ ਅੰਦਰ ਅੱਗ ਸੁਲਗਦੀ ਰਹੀ ਪਰ ਇਸ ਵਾਰ ਇਹ ਭਾਂਬੜ ਬਣ ਗਿਆ ਹੈ। ਇਸ ਸਮੇਂ ਸਰਕਾਰ ਵਿਰੁੱਧ ਵਿਰੋਧ ਪ੍ਰਦਰਸ਼ਨਾਂ ਦੀ ਗਿਣਤੀ ਕਾਫ਼ੀ ਵੱਧ ਗਈ ਹੈ। ਇਰਾਨ ਵਿੱਚ ਅਸਿਥਰਤਾ ਦਾ ਮਾਹੌਲ ਹੋਣ ਕਰਕੇ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਉਥੇ ਸਿੱਧੀ ਜਾਂ ਅਸਿੱਧੀ ਦਖ਼ਲਅੰਦਾਜੀ ਲਈ ਤਰਲੋਮੱਛੀ ਹੋ ਰਹੇ ਹਨ। ਅਮਰੀਕਾ ਇਰਾਨ ਦੇ ਇਸਲਾਮੀ ਗਣਰਾਜ ਦਾ ਤਖ਼ਤਾ ਪਲਟ ਕੇ ਇਰਾਨੀ ਸਰਕਾਰ ਦੇ ਸਭ ਤੋਂ ਵੱਡੇ ਵਿਰੋਧੀ ਤੇ ਇਰਾਨ ਦੇ ਸਾਬਕਾ ਸ਼ਾਸਕ ਮੁਹੰਮਦ ਰਜ਼ਾ ਪਹਿਲਵੀ ਦੇ ਸਭ ਤੋਂ ਵੱਡੇ ਪੁੱਤਰ ਰਜ਼ਾ ਪਹਿਲਵੀ ਨੂੰ ਇਰਾਨ ਦੇ ਸੁਪਰੀਮ ਨੇਤਾ ਖ਼ੋਮੇਨੀ ਦਾ ਜਾਨਸ਼ੀਨ ਨਿਯੁਕਤ ਕਰਨ ਦਾ ਖ਼ਾਹਿਸ਼ਮੰਦ ਹੈ। ਜਲਾਵਤਨ ਰਜ਼ਾ ਪਹਿਲਵੀ ਇਰਾਨ ਲਈ ਮੁਸ਼ਕਿਲਾਂ ਪੈਦਾ ਕਰ ਰਿਹਾ ਹੈ। ਉਸ ਵੱਲੋਂ ਅਮਰੀਕਾ ਨਾਲ ਕਈ ਵਾਰ ਗੁਪਤ ਮੀਟਿੰਗਾਂ ਕੀਤੀਆਂ ਗਈਆਂ ਹਨ। ਉਹ ਇਰਾਨ ਦੀ ਸੱਤਾ ਉੱਪਰ ਕਬਜ਼ਾ ਕਰਨਾ ਚਾਹੁੰਦਾ ਹੈ ਅਤੇ ਉਸ ਦੀ ਇੱਛਾ ਹੈ ਕਿ ਕਿਸੇ ਤਰ੍ਹਾਂ ਇਰਾਨ ਦੀ ਮੌਜੂਦਾ ਸਰਕਾਰ ਦਾ ਪਤਨ ਹੋ ਜਾਵੇ ਅਤੇ ਉਸ ਦੀ ਸੱਤਾ ਕਾਇਮ ਹੋ ਜਾਵੇ। ਇਸ ਲਈ ਉਹ ਅਮਰੀਕਾ ਦੀ ਸਹਾਇਤਾ 'ਤੇ ਨਿਰਭਰ ਹੈ। ਉਸ ਨੂੰ ਉਮੀਦ ਹੈ ਕਿ ਉਹ ਅਮਰੀਕਾ ਦੇ ਵੱਡੇ ਸਹਿਯੋਗ ਨਾਲ ਇਰਾਨ ਦੀ ਸੱਤਾ ਪ੍ਰਾਪਤ ਕਰ ਸਕੇਗਾ। ਅਮਰੀਕਾ ਵੀ ਚਾਹੁੰਦਾ ਹੈ ਕਿ ਇਰਾਨ ਵਿੱਚ ਉਸ ਦੀ ਕਠਪੁੱਤਲੀ ਸਰਕਾਰ ਹੋਵੇ ਤਾਂ ਕਿ ਉਹ ਇਰਾਨ ਦੇ ਤੇਲ ਦੇ ਸੋਮਿਆਂ 'ਤੇ ਕਰ ਸਕੇ। ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦੀ ਨਜ਼ਰ ਇਰਾਨ ਦੇ ਕੁਦਰਤੀ ਤੇਲ ਦੇ ਸੋਮਿਆਂ 'ਤੇ ਹੈ। ਇਰਾਨ ਦੇ ਲੋਕ ਇਸ ਸਮੇਂ ਮੌਜੂਦਾ ਸਰਕਾਰ ਵਿਰੁੱਧ ਸੰਘਰਸ਼ ਕਰ ਰਹੇ ਹਨ ਪਰ ਇਹ ਇਰਾਨ ਦਾ ਅੰਦਰੂਨੀ ਮਸਲਾ ਹੈ ਅਤੇ ਇਸ ਮਸਲੇ ਨੂੰ ਉਹ ਆਪੇ ਹੱਲ ਕਰ ਲਵੇਗਾ। ਆਉਣ ਵਾਲੇ ਦਿਨਾਂ ਦੌਰਾਨ ਅਮਰੀਕਾ ਨੇ ਜੇ ਇਰਾਨ 'ਤੇ ਹਮਲਾ ਕੀਤਾ ਤਾਂ ਇਸ ਨਾਲ ਪੂਰੀ ਦੁਨੀਆ ਵਿੱਚ ਅਸਥਿਰਤਾ ਫੈਲ ਸਕਦੀ ਹੈ ਅਤੇ ਉਥਲਪੁਥਲ ਵਾਲਾ ਮਾਹੌਲ ਪੈਦਾ ਹੋ ਸਕਦਾ ਹੈ। ਇਰਾਨ ਦੀ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਅਮਰੀਕਾ ਦਾ ਮੁਕਾਬਲਾ ਕਰਨ ਦੇ ਨਾਲ ਆਪਣੇ ਦੇਸ਼ ਦੇ ਵਸਨੀਕਾਂ ਦੀਆਂ ਮੂਲ ਸਮੱਸਿਆਵਾਂ ਨੂੰ ਸਮਝੇ ਅਤੇ ਉਹਨਾਂ ਨਾਲ ਗੱਲਬਾਤ ਕਰਕੇ ਸ਼ਾਂਤੀ ਕਾਇਮ ਕਰਨ ਦੇ ਯਤਨ ਕੀਤੇ ਜਾਣ।

## ਵੱਡੀ ਫ਼ੌਜੀ ਸ਼ਕਤੀ ਬਣਿਆ ਇਰਾਨ



ਮੱਧ ਪੂਰਬ ਇੱਕ ਵਾਰ ਫੇਰ ਬਾਰੂਦ ਦੇ ਢੇਰ 'ਤੇ ਬੈਠਾ ਹੈ। ਨਿੱਕੀ ਜਿਹੀ ਚਿੰਗਾਰੀ ਭਾਂਬੜ ਮਚਾ ਸਕਦੀ ਹੈ। ਇਰਾਨ ਨੇ ਪਿਛਲੇ ਸਾਲਾਂ ਦੌਰਾਨ ਆਪਣੀ ਫ਼ੌਜੀ ਸਮਰਥਾ ਵਿੱਚ ਬਹੁਤ ਵਾਧਾ ਕੀਤਾ ਹੈ।

ਇਰਾਨ ਦੀ ਵੱਡੀ ਤਾਕਤ ਫਤਹਿ, ਸੇਜਿਲ, ਖੈਬਰ ਅਤੇ ਖੋਰਮਸ਼ਹਿਰ ਵਰਗੀਆਂ ਮਿਜ਼ਾਇਲਾਂ ਹਨ, ਜੋ ਕਿ ਇਜ਼ਰਾਇਲ ਲਈ ਇੱਕ ਵੱਡਾ ਖ਼ਤਰਾ ਹਨ। ਫਤਹਿ-1 ਅਤੇ ਫਤਹਿ-2 ਨੂੰ ਇਰਾਨ ਦੀਆਂ ਸਭ ਤੋਂ ਖਤਰਨਾਕ ਹਾਈਪਰਸੋਨਿਕ ਮਿਜ਼ਾਈਲਾਂ ਮੰਨਿਆ ਜਾਂਦਾ ਹੈ। ਇਨ੍ਹਾਂ ਦੀ ਗਤੀ ਮੈਕ 13 ਤੋਂ ਮੈਕ 15 ਦੱਸੀ ਜਾਂਦੀ ਹੈ। ਇਨ੍ਹਾਂ ਦੀ ਰੇਂਜ ਲਗਭਗ 1400 ਤੋਂ 1500 ਕਿਲੋਮੀਟਰ ਹੈ। ਇਰਾਨ ਦੀ ਅਸਲ ਤਾਕਤ ਇਸਦੀ ਮਿਜ਼ਾਇਲ ਰਣਨੀਤੀ ਵਿੱਚ ਹੈ। ਅੱਜ ਇਸ ਕੋਲ ਹਜ਼ਾਰਾਂ ਬੈਲਿਸਟਿਕ ਮਿਜ਼ਾਈਲਾਂ ਹਨ। ਕੁਝ ਸਮੇਂ ਤੋਂ ਮਿਜ਼ਾਇਲਾਂ ਦੀ ਉਤਪਾਦਨ ਸਮਰੱਥਾ ਵਧਾਈ ਗਈ ਹੈ। ਹਰ ਮਹੀਨੇ ਸੈਂਕੜੇ ਮਿਜ਼ਾਇਲਾਂ ਦਾ ਉਤਪਾਦਨ ਕੀਤਾ ਜਾ ਰਿਹਾ ਹੈ।

## ਤੇਲ ਦੀਆਂ ਕੀਮਤਾਂ ਛੂਹਣਗੀਆਂ ਅਸਮਾਨ

ਜੇਕਰ ਅਮਰੀਕਾ ਅਤੇ ਇਰਾਨ ਵਿਚਾਲੇ ਸਿੱਧੀ ਜੰਗ ਛਿੜਦੀ ਹੈ, ਤਾਂ ਬ੍ਰੈਂਟ ਕਰੂਡ ਦੀਆਂ ਕੀਮਤਾਂ 100 ਡਾਲਰ ਤੋਂ 150 ਡਾਲਰ ਪ੍ਰਤੀ ਬੈਰਲ ਤੱਕ ਜਾ ਸਕਦੀਆਂ ਹਨ। ਮਾਹਿਰਾਂ ਮੁਤਾਬਕ, ਇਰਾਨ ਦੁਨੀਆ ਦੇ ਸਭ ਤੋਂ ਮਹੱਤਵਪੂਰਨ ਤੇਲ ਮਾਰਗ 'ਹੋਰਮੁਜ਼ ਦੀ ਖਾੜੀ' ਨੂੰ ਬੰਦ ਕਰ ਸਕਦਾ ਹੈ। ਦੁਨੀਆ ਦਾ ਲਗਭਗ 20% ਕੱਚਾ ਤੇਲ ਇਸੇ ਰਸਤੇ ਰਾਹੀਂ ਸਪਲਾਈ ਹੁੰਦਾ ਹੈ। ਜੇਕਰ ਇਹ ਰਸਤਾ ਬੰਦ ਹੁੰਦਾ ਹੈ, ਤਾਂ ਤੇਲ ਦੀਆਂ ਕੀਮਤਾਂ ਵਿੱਚ ਅਚਾਨਕ ਭਾਰੀ ਉਛਾਲ ਆਵੇਗਾ, ਜਿਸ ਨਾਲ ਭਾਰਤ ਵਰਗੇ ਦੇਸ਼ਾਂ ਵਿੱਚ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਕੰਟਰੋਲ ਤੋਂ ਬਾਹਰ ਹੋ ਜਾਣਗੀਆਂ। ਭਾਰਤ ਆਪਣੀ ਲੋੜ ਦਾ ਲਗਭਗ 85% ਕੱਚਾ ਤੇਲ ਵਿਦੇਸ਼ਾਂ ਤੋਂ ਮੰਗਵਾਉਂਦਾ ਹੈ।



# ਟਰੰਪ ਵੱਲੋਂ '365 ਦਿਨਾਂ 'ਚ 365 ਜਿੱਤਾਂ' ਸਿਰਲੇਖ ਵਾਲੀ ਰਿਪੋਰਟ ਜਾਰੀ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸੱਤਾ ਵਿੱਚ ਵਾਪਸੀ ਦੇ 365 ਦਿਨ ਪੂਰੇ ਹੋਣ 'ਤੇ ਵ੍ਹਾਈਟ ਹਾਊਸ ਨੇ ਇੱਕ ਵਿਸਤ੍ਰਿਤ ਰਿਪੋਰਟ ਜਾਰੀ ਕੀਤੀ ਹੈ। '365 ਦਿਨਾਂ ਵਿੱਚ 365 ਜਿੱਤਾਂ' ਸਿਰਲੇਖ ਵਾਲੀ ਇਸ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਟਰੰਪ ਪ੍ਰਸ਼ਾਸਨ ਨੇ ਅਮਰੀਕਾ ਦੀਆਂ ਘਰੇਲੂ ਅਤੇ ਵਿਦੇਸ਼ੀ ਨੀਤੀਆਂ ਨੂੰ ਨਵੀਂ ਦਿਸ਼ਾ ਦਿੱਤੀ ਹੈ।

**ਭਾਰਤ-ਪਾਕਿਸਤਾਨ ਦਰਮਿਆਨ ਸ਼ਾਂਤੀ ਦਾ ਦਾਅਵਾ**

ਵ੍ਹਾਈਟ ਹਾਊਸ ਦੀ ਇਸ ਰਿਪੋਰਟ ਵਿੱਚ ਵਿਦੇਸ਼ ਨੀਤੀ ਦਾ ਜ਼ਿਕਰ ਕਰਦਿਆਂ ਦਾਅਵਾ ਕੀਤਾ ਗਿਆ ਹੈ ਕਿ ਟਰੰਪ ਪ੍ਰਸ਼ਾਸਨ ਨੇ ਭਾਰਤ ਅਤੇ ਪਾਕਿਸਤਾਨ ਵਿਚਾਲੇ ਸ਼ਾਂਤੀ ਸਮਝੌਤਾ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਹਾਲਾਂਕਿ, ਭਾਰਤ ਨੇ ਸਾਲ 2025 ਦੀ ਜੰਗ ਨੂੰ ਖਤਮ ਕਰਨ ਵਿੱਚ ਕਿਸੇ ਵੀ ਤੀਜੀ ਧਿਰ (ਅਮਰੀਕਾ) ਦੀ ਭੂਮਿਕਾ ਤੋਂ ਸਾਫ਼ ਇਨਕਾਰ ਕੀਤਾ ਹੈ।

**ਸਰਹੱਦੀ ਸੁਰੱਖਿਆ ਅਤੇ ਰਿਕਾਰਡ ਦੇਸ਼ ਨਿਕਾਲਾ**

ਟਰੰਪ ਪ੍ਰਸ਼ਾਸਨ ਨੇ ਆਪਣੇ ਪਹਿਲੇ ਸਾਲ ਦੀ ਸਭ ਤੋਂ ਵੱਡੀ ਉਪਲਬਧੀ ਸਰਹੱਦੀ ਸੁਰੱਖਿਆ ਨੂੰ ਦੱਸਿਆ ਹੈ:

**ਰਿਕਾਰਡ ਦੇਸ਼ ਨਿਕਾਲਾ:** ਲਗਭਗ 26 ਲੱਖ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਵਿੱਚੋਂ ਕੱਢਿਆ ਗਿਆ ਜਾਂ ਉਹ ਖ਼ੁਦ ਵਾਪਸ ਚਲੇ ਗਏ।



**ਸਰਹੱਦੀ ਕੰਧ:** ਸਰਹੱਦ 'ਤੇ ਕੰਧ ਦੀ ਉਸਾਰੀ ਮੁੜ ਸ਼ੁਰੂ ਕੀਤੀ ਗਈ ਅਤੇ 'ਰੀਮੇਨ ਇਨ ਮੈਕਸੀਕੋ' ਨੀਤੀ ਲਾਗੂ ਕੀਤੀ ਗਈ।

**ਘੱਟ ਘੁਸਪੈਠ:** ਦਾਅਵਾ ਕੀਤਾ ਗਿਆ ਹੈ ਕਿ 1970 ਤੋਂ ਬਾਅਦ ਪਹਿਲੀ ਵਾਰ ਗੈਰ-ਕਾਨੂੰਨੀ ਸਰਹੱਦ ਪਾਰ ਕਰਨ ਵਾਲਿਆਂ ਦੀ ਗਿਣਤੀ ਸਭ ਤੋਂ ਘੱਟ ਰਹੀ।

**ਆਰਥਿਕ ਸੁਧਾਰ ਅਤੇ ਮਹਿੰਗਾਈ 'ਤੇ ਕਾਬੂ**

ਆਰਥਿਕ ਮੋਰਚੇ 'ਤੇ, ਪ੍ਰਸ਼ਾਸਨ ਨੇ ਦਾਅਵਾ ਕੀਤਾ ਕਿ 2025 ਵਿੱਚ ਜੀਡੀਪੀ ਵਿਕਾਸ ਦਰ ਉਮੀਦਾਂ ਤੋਂ ਕਿਤੇ ਵੱਧ ਰਹੀ ਅਤੇ ਮਹਿੰਗਾਈ ਵਿੱਚ ਭਾਰੀ ਗਿਰਾਵਟ ਆਈ ਹੈ। ਤੇਲ ਅਤੇ ਗੈਸ ਦੀਆਂ ਕੀਮਤਾਂ ਕਈ ਸਾਲਾਂ ਦੇ ਹੇਠਲੇ ਪੱਧਰ 'ਤੇ ਪਹੁੰਚ ਗਈਆਂ ਹਨ ਅਤੇ ਮਜ਼ਦੂਰਾਂ ਦੀਆਂ ਉਜਰਤਾਂ ਵਿੱਚ ਦਹਾਕਿਆਂ ਬਾਅਦ ਤੇਜ਼ੀ ਨਾਲ ਵਾਧਾ ਹੋਇਆ ਹੈ। ਇਸ ਦੇ ਨਾਲ ਹੀ ਟੈਕਸਾਂ ਵਿੱਚ ਰਾਹਤ ਅਤੇ ਨਿਵੇਸ਼ ਵਧਾਉਣ ਦੇ ਦਾਅਵੇ ਵੀ ਕੀਤੇ ਗਏ ਹਨ।

**ਅਪਰਾਧ ਮੁਕਤ ਅਮਰੀਕਾ ਦਾ ਟੀਚਾ**

ਜਨਤਕ ਸੁਰੱਖਿਆ ਦੇ ਮਾਮਲੇ ਵਿੱਚ ਵ੍ਹਾਈਟ ਹਾਊਸ ਨੇ ਕਿਹਾ ਕਿ ਅਮਰੀਕੀ ਇਤਿਹਾਸ ਵਿੱਚ ਕਤਲ ਦੀਆਂ ਵਾਰਦਾਤਾਂ ਵਿੱਚ ਇੱਕ ਸਾਲ ਵਿੱਚ ਸਭ ਤੋਂ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ। ਨਸ਼ਿਆਂ ਦੀ ਓਵਰਡੋਜ਼ ਅਤੇ ਹਿੰਸਕ ਅਪਰਾਧਾਂ ਨੂੰ ਰੋਕਣ ਲਈ ਸ਼ਹਿਰਾਂ ਵਿੱਚ ਵਿਸ਼ੇਸ਼ ਫੈਡਰਲ ਟਾਸਕ ਫੋਰਸਾਂ ਤਾਇਨਾਤ ਕੀਤੀਆਂ ਗਈਆਂ ਸਨ।

**ਬਿਊਰੋਕਰੇਸੀ 'ਤੇ ਚੱਲੀ ਕੈਂਚੀ**

ਟਰੰਪ ਪ੍ਰਸ਼ਾਸਨ ਨੇ ਸਰਕਾਰੀ ਵਿਭਾਗਾਂ ਵਿੱਚੋਂ ਵਿਭਿੰਨਤਾ ਅਤੇ ਸਮਾਨਤਾ ਦਫਤਰਾਂ ਨੂੰ ਖ਼ਤਮ ਕਰ ਦਿੱਤਾ ਹੈ ਅਤੇ ਫਾਲਤੂ ਸਰਕਾਰੀ ਖਰਚਿਆਂ ਵਿੱਚ ਵੱਡੀ ਕਟੌਤੀ ਕੀਤੀ ਹੈ। ਵ੍ਹਾਈਟ ਹਾਊਸ ਨੇ ਸਪੱਸ਼ਟ ਕੀਤਾ ਹੈ ਕਿ ਇਹ ਸਿਰਫ਼ ਸ਼ੁਰੂਆਤ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਟਰੰਪ ਦੇ ਦੂਜੇ ਕਾਰਜਕਾਲ ਦੇ ਏਜੰਡੇ ਤਹਿਤ ਹੋਰ ਵੀ ਕਈ ਵੱਡੇ ਫੈਸਲੇ ਲਏ ਜਾਣਗੇ।

# ਕੇਰਨ ਕਾਊਂਟੀ ਦੇ ਪਹਿਲੇ ਸਿੱਖ ਜੱਜ ਬਣੇ ਨਵਰਾਜ ਸਿੰਘ ਰਾਏ

ਕੈਲੀਫ਼ੋਰਨੀਆ/ਏ.ਟੀ.ਨਿਊਜ਼: ਕੈਲੀਫ਼ੋਰਨੀਆ ਦੇ ਕੇਰਨ ਕਾਊਂਟੀ ਵਿੱਚ ਇੱਕ ਇਤਿਹਾਸਕ ਪਲ ਘਟਿਆ ਹੈ ਜਦੋਂ ਪੰਜਾਬੀ ਮੂਲ ਦੇ ਨਵਰਾਜ ਸਿੰਘ ਰਾਏ ਨੇ ਸੁਪੀਰੀਅਰ ਕੋਰਟ ਵਿੱਚ ਪ੍ਰੋ ਟੈਮ ਜੱਜ ਵਜੋਂ ਬੀਤੇ ਦਿਨੀਂ ਸਹੁੰ ਚੁੱਕੀ। ਇਸ ਨਾਲ ਉਹ ਕਾਊਂਟੀ ਦੇ ਇਤਿਹਾਸ ਵਿੱਚ ਪਹਿਲੇ ਸਿੱਖ ਅਤੇ ਪੰਜਾਬੀ ਜੱਜ ਬਣ ਗਏ। ਇਹ ਨਿਯੁਕਤੀ ਨਾ ਸਿਰਫ਼ ਸਥਾਨਕ ਸਿੱਖ ਭਾਈਚਾਰੇ ਲਈ ਮਾਣ ਵਾਲੀ ਘੜੀ ਹੈ ਬਲਕਿ ਅਮਰੀਕੀ ਨਿਆਂ ਪ੍ਰਣਾਲੀ ਵਿੱਚ ਵਿਭਿੰਨਤਾ ਅਤੇ ਨਿਰਪੱਖਤਾ ਨੂੰ ਵੀ ਦਰਸਾਉਂਦੀ ਹੈ।



ਨਵਰਾਜ ਸਿੰਘ ਰਾਏ, ਲਾਸ ਏਂਜਲਸ ਵਿੱਚ ਜੰਮੇ ਅਤੇ ਬਾਅਦ ਵਿੱਚ ਬੇਕਰਸਫ਼ੀਲਡ (ਕੇਰਨ ਕਾਊਂਟੀ ਦਾ ਮੁੱਖ ਸ਼ਹਿਰ) ਚਲੇ ਗਏ। ਉਨ੍ਹਾਂ ਨੇ ਸਥਾਨਕ ਸਕੂਲਾਂ ਜਿਵੇਂ ਸਟਾਕਡੇਲ ਹਾਈ ਸਕੂਲ ਅਤੇ ਅਰਲ ਵਾਰਨ ਜੂਨੀਅਰ ਹਾਈ ਸਕੂਲ ਵਿੱਚ ਪੜ੍ਹਾਈ ਕੀਤੀ। ਬਾਅਦ ਵਿੱਚ ਯੂਨੀਵਰਸਿਟੀ ਆਫ਼ ਕੈਲੀਫ਼ੋਰਨੀਆ, ਡੇਵਿਸ ਤੋਂ ਗ੍ਰੈਜੂਏਸ਼ਨ ਅਤੇ ਯੂਨੀਵਰਸਿਟੀ ਆਫ਼ ਦ ਪੈਸਿਫ਼ਿਕ ਤੋਂ 2018 ਵਿੱਚ ਲਾਅ ਡਿਗਰੀ ਹਾਸਲ ਕੀਤੀ। ਬਚਪਨ ਵਿੱਚ ਮਾਪਿਆਂ ਦੇ ਕਾਰੋਬਾਰ ਦੇ ਨੁਕਸਾਨ ਅਤੇ ਫ਼ੋਰਕਲੋਜ਼ਰ ਨੋਟਿਸਾਂ ਨੂੰ ਵੇਖ ਕੇ ਉਨ੍ਹਾਂ ਵਿੱਚ ਕਾਨੂੰਨੀ ਸੇਵਾ ਦੀ ਭਾਵਨਾ ਜਾਗੀ, ਜਿਸ ਨੇ ਉਨ੍ਹਾਂ ਨੂੰ ਵਕੀਲ ਬਣਨ ਲਈ ਪ੍ਰੇਰਿਤ ਕੀਤਾ। ਉਹ ਕਹਿੰਦੇ ਹਨ ਕਿ ਉਹ ਇਹ ਯਕੀਨੀ ਬਣਾਉਣਾ ਚਾਹੁੰਦੇ ਹਨ ਕਿ ਕਿਸੇ ਹੋਰ ਨਾਲ ਅਜਿਹਾ ਨਾ ਵਾਪਰੇ।

ਸਹੁੰ ਚੁੱਕਣ ਸਮਾਰੋਹ ਬੇਕਰਸਫ਼ੀਲਡ ਵਿੱਚ ਹੋਇਆ, ਜਿੱਥੇ ਪਰਿਵਾਰ, ਦੋਸਤ, ਕਾਨੂੰਨੀ ਪੇਸ਼ੇ ਵਰਗੇ ਅਤੇ ਭਾਈਚਾਰਕ ਆਗੂ ਮੌਜੂਦ ਸਨ। ਵੀਡੀਓਜ਼ ਅਤੇ ਤਸਵੀਰਾਂ ਵਿੱਚ ਨਵਰਾਜ ਨੂੰ ਸਿੱਖ ਪੱਗ ਬੰਨਕੇ ਮਾਣ ਨਾਲ ਸਹੁੰ ਚੁੱਕਦੇ ਅਤੇ ਸਥਾਨਕ ਪੁਲਿਸ ਅਧਿਕਾਰੀਆਂ ਨਾਲ ਖੜ੍ਹੇ ਵੇਖਿਆ ਜਾ ਸਕਦਾ ਹੈ। ਸਮਾਰੋਹ ਦੌਰਾਨ ਅਦਾਲਤ ਭਰੀ ਹੋਈ ਸੀ। ਇਸ ਦੌਰਾਨ ਨਵਰਾਜ ਨੇ ਕਿਹਾ ਕਿ ਜਦੋਂ ਮੈਂ ਦਰਸ਼ਕਾਂ ਵੱਲ ਵੇਖਿਆ ਤਾਂ ਭਾਈਚਾਰੇ ਦੀ ਮਾਣ ਵਾਲੀ ਭਾਵਨਾ ਮਹਿਸੂਸ ਹੋਈ। ਇਹ ਮੇਰੇ ਲਈ ਨਹੀਂ, ਸਗੋਂ ਸਿੱਖ ਪੰਥ ਲਈ ਵੱਡਾ ਪਲ ਹੈ। ਉਨ੍ਹਾਂ ਨੇ ਅੱਗੇ ਕਿਹਾ ਕਿ ਇਹ ਨਿਯੁਕਤੀ ਕੇਰਨ ਕਾਊਂਟੀ ਵਿੱਚ ਵਧਣ ਅਤੇ ਸਫ਼ਲ ਹੋਣ ਦਾ ਸੰਦੇਸ਼ ਦਿੰਦੀ ਹੈ। ਉਨ੍ਹਾਂ ਨੂੰ ਵਿਦੇਸ਼ਾਂ ਤੋਂ ਵੀ ਵੱਡਾ ਸਹਿਯੋਗ ਮਿਲਿਆ ਅਤੇ ਫ਼ੋਨ ਸੰਦੇਸ਼ਾਂ ਨਾਲ ਭਰ ਗਿਆ।

ਕੇਰਨ ਕਾਊਂਟੀ ਹਿੰਦੂ ਕਲਚਰਲ ਸੈਂਟਰ ਨੇ ਇਸ ਨੂੰ 'ਵੱਡਾ ਅਤੇ ਇਤਿਹਾਸਕ ਮੀਲ ਪੱਥਰ' ਕਿਹਾ ਅਤੇ ਨਵਰਾਜ ਨੂੰ ਵਧਾਈ ਦਿੱਤੀ। ਬੇਕਰਸਫ਼ੀਲਡ ਦੇ ਵਾਈਸ ਮੇਅਰ ਮਨਪ੍ਰੀਤ ਕੌਰ, ਜੋ ਨਵਰਾਜ ਨਾਲ ਜੂਨੀਅਰ ਹਾਈ ਸਕੂਲ ਵਿੱਚ ਪੜ੍ਹੀ ਸੀ, ਨੇ ਕਿਹਾ ਕਿ ਇਹ ਸਿੱਖ ਭਾਈਚਾਰੇ ਲਈ ਮਾਣ ਵਾਲਾ ਪਲ ਹੈ। ਉਨ੍ਹਾਂ ਕਿਹਾ, ਇਹ ਅਮਰੀਕਨ ਡਰੀਮ ਨੂੰ ਦਰਸਾਉਂਦਾ ਹੈ ਕਿ ਸਥਾਨਕ ਪਰਿਵਾਰਾਂ ਲਈ ਮੌਕੇ ਹਨ ਅਤੇ ਅਗਲੀ ਪੀੜ੍ਹੀ ਉੱਚ ਪੱਧਰਾਂ ਤੱਕ ਪਹੁੰਚ ਸਕਦੀ ਹੈ।

ਇਹ ਨਿਯੁਕਤੀ ਕੈਲੀਫ਼ੋਰਨੀਆ ਵਿੱਚ ਸਿੱਖਾਂ ਦੇ ਵਧਦੇ (ਬਾਕੀ ਸਫ਼ਾ 26 'ਤੇ)

# ਭਾਰਤੀ ਮੂਲ ਦੀ ਗਾਜ਼ਲਾ ਹਾਸ਼ਮੀ ਨੇ ਲੈਫ਼ਟੀਨੈਂਟ ਗਵਰਨਰ ਵਜੋਂ ਚੁੱਕੀ ਸਹੁੰ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਗ਼ਾਜ਼ਲਾ ਹਾਸ਼ਮੀ ਨੇ ਵਰਜੀਨੀਆ ਦੇ 43 ਵੇਂ ਲੈਫ਼ਟੀਨੈਂਟ ਗਵਰਨਰ ਵਜੋਂ ਸਹੁੰ ਚੁੱਕੀ। ਉਹ ਪਹਿਲੀ ਮੁਸਲਮਾਨ ਦੱਖਣ ਏਸ਼ੀਅਨ ਅਮਰੀਕੀ ਔਰਤ ਹੈ ਜੋ ਇਸ ਅਹੁਦੇ 'ਤੇ ਪੁੱਜੀ ਹੈ। ਹਾਸ਼ਮੀ ਨੂੰ ਅਹੁਦੇ ਦੀ ਸਹੁੰ ਵਰਜੀਨੀਆ ਸੁਪਰੀਮ ਕੋਰਟ ਦੀ ਚੀਫ਼ ਜਸਟਿਸ ਸਲੀਓ ਪਾਵਲ ਨੇ ਚੁਕਾਈ। ਇਸ ਮੌਕੇ ਹਾਸ਼ਮੀ ਨੇ ਕਿਹਾ ਕਿ ਉਨ੍ਹਾਂ ਉੱਪਰ ਪ੍ਰਗਟਾਏ ਭਰੋਸੇ ਲਈ ਉਹ ਧੰਨਵਾਦੀ ਹੈ। ਭਾਰਤ ਦੇ ਹੈਦਰਾਬਾਦ ਵਿੱਚ ਪੈਦਾ ਹੋਈ ਹਾਸ਼ਮੀ ਨੇ ਜਾਰਜੀਆ ਸਾਊਥਰਨ ਯੂਨੀਵਰਸਿਟੀ ਤੋਂ ਅੰਡਰਗਰੈਜੂਏਟ ਡਿਗਰੀ, ਯੂਨੀਵਰਸਿਟੀ ਆਫ਼ ਵਰਜੀਨੀਆ ਤੋਂ ਮਾਸਟਰ ਡਿਗਰੀ ਤੇ ਅਮੇਰਕੀਨ ਸਟੱਡੀਜ਼ ਵਿੱਚ ਪੀ. ਐਚ. ਡੀ. ਐਮੋਰੀ ਯੂਨੀਵਰਸਿਟੀ ਤੋਂ ਕੀਤੀ। ਰਾਜਨੀਤੀ ਵਿੱਚ ਆਉਣ ਤੋਂ ਪਹਿਲਾਂ ਹਾਸ਼ਮੀ ਨੇ ਕਈ ਦਹਾਕੇ ਵਰਜੀਨੀਆ ਦੇ ਕਾਲਜਾਂ ਵਿੱਚ ਪੜ੍ਹਾਇਆ। ਉਹ ਵਰਜੀਨੀਆ ਸੈਨੇਟ ਲਈ ਵੀ ਚੁਣੀ ਗਈ ਸੀ। ਉਨ੍ਹਾਂ ਨੇ ਸਿੱਖਿਆ, ਸਿਹਤ ਸੰਭਾਲ ਤੇ ਮਾਨਵੀ ਅਧਿਕਾਰਾਂ ਦੇ ਖੇਤਰ ਵਿੱਚ ਲਾਮਿਸਾਲ ਕੰਮ ਕੀਤਾ।



# ਭਾਰਤ 'ਤੇ ਟੈਕਸ ਘਟਾਉਣ ਬਾਰੇ ਵਿਚਾਰ ਕਰ ਰਿਹੈ ਅਮਰੀਕਾ: ਬੇਸੈਂਟ

ਨਿਊਯਾਰਕ/ਏ.ਟੀ.ਨਿਊਜ਼: ਅਮਰੀਕੀ ਵਿੱਤ ਮੰਤਰੀ ਸਕੌਟ ਬੈਸੈਂਟ ਨੇ ਕਿਹਾ ਕਿ ਡੋਨਾਲਡ ਟਰੰਪ ਸਰਕਾਰ ਭਾਰਤ 'ਤੇ ਲਾਏ ਗਏ 50 ਫ਼ੀਸਦੀ ਟੈਕਸ ਵਿਚੋਂ ਅੱਧਾ ਟੈਕਸ ਹਟਾਉਣ 'ਤੇ ਵਿਚਾਰ ਕਰ ਰਹੀ ਹੈ ਤੇ ਇਹ ਵਾਧੂ ਟੈਕਸ ਹਟਾਇਆ ਜਾ ਸਕਦਾ ਹੈ। ਉਨ੍ਹਾਂ ਅਮਰੀਕੀ ਮੀਡੀਆ ਵੈਬਸਾਈਟ ਨੂੰ ਦਿੱਤੇ ਇੰਟਰਵਿਊ ਵਿੱਚ ਕਿਹਾ ਕਿ ਭਾਰਤ ਨੇ ਰੂਸ ਤੋਂ ਕੱਚਾ ਤੇਲ ਖਰੀਦਣਾ ਕਾਫ਼ੀ ਘੱਟ ਕਰ ਦਿੱਤਾ ਹੈ, ਇਸ ਕਰ ਕੇ ਟੈਰਿਫ਼ ਵਿੱਚ ਰਾਹਤ ਦੇਣ ਦੇ ਹਾਲਾਤ ਬਣ ਰਹੇ ਹਨ। ਉਨ੍ਹਾਂ ਕਿਹਾ ਕਿ ਭਾਰਤ 'ਤੇ ਲਾਇਆ ਗਿਆ ਟੈਕਸ ਕਾਫ਼ੀ ਅਸਰਦਾਰ ਰਿਹਾ ਹੈ ਤੇ ਇਸ ਕਾਰਨ ਰੂਸ ਤੇਲ ਦੀ ਖਰੀਦ ਵੀ ਘਟ ਗਈ ਹੈ ਤੇ ਹੁਣ ਇਸ ਨੂੰ ਹਟਾਉਣ ਦੀ ਯੋਜਨਾ ਹੈ। ਅਮਰੀਕਾ ਨੇ ਪਹਿਲੀ ਵਾਰ ਪਿਛਲੇ ਸਾਲ ਅਗਸਤ ਵਿੱਚ ਭਾਰਤ 'ਤੇ ਟੈਕਸ ਲਾਇਆ ਸੀ।



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ 'ਤੇ 50 ਫ਼ੀਸਦੀ ਟੈਰਿਫ਼ ਲਗਾਇਆ ਹੈ ਜਿਸ 'ਚ ਰੂਸੀ ਤੇਲ ਖ਼ਰੀਦਣ ਕਰਕੇ 25 ਫ਼ੀਸਦੀ ਟੈਰਿਫ਼ ਵੀ ਸ਼ਾਮਲ ਹੈ। ਉਨ੍ਹਾਂ ਨੇ ਭਾਰਤ 'ਤੇ ਟੈਰਿਫ਼ ਨਾ ਲਗਾਉਣ ਲਈ ਯੂਰੋਪ ਦੀ ਵੀ ਆਲੋਚਨਾ ਕਰਦਿਆਂ ਕਿਹਾ ਕਿ ਯੂਰੋਪੀਅਨ ਸਹਿਯੋਗੀਆਂ ਨੇ ਟੈਰਿਫ਼ ਲਗਾਉਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਹ ਭਾਰਤ ਨਾਲ ਵੱਡੇ ਪੱਧਰ 'ਤੇ ਵਪਾਰਕ ਸਮਝੌਤੇ 'ਤੇ ਦਸਤਖਤ ਕਰਨਾ ਚਾਹੁੰਦੇ ਹਨ। ਦੱਸਣਾ ਬਣਦਾ ਹੈ ਕਿ ਇਹ ਟੈਕਸ ਲਾਉਣ ਤੋਂ ਬਾਅਦ ਦੋਵੇਂ ਦੇਸ਼ਾਂ ਦੇ ਰਿਸ਼ਤਿਆਂ ਵਿੱਚ ਖਟਾਸ ਆ ਗਈ ਸੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

**Manager: Pardeep Singh   Sub: Editor: Balwinderpal Singh, Dr. Sarbjeet Kaur Jang   Online Interview Host: Balraj Pannu**

**Designer: A.K.V.   Content Composer: S. Jagmohan Singh   US Distributor: Amritsar Times Inc.  Owner: Amritsar Times Pvt Ltd.**

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

## ਟਰੰਪ ਨੇ ਡਬਲਯੂ.ਐਚ.ਓ. ਨੂੰ 2100 ਕਰੋੜ ਦਾ ਦਿੱਤਾ ਝਟਕਾ

# ਅਮਰੀਕਾ ਨੇ ਕਰਜ਼ਾ ਛੱਡ ਕੇ ਵਿਸ਼ਵ ਸਿਹਤ ਸੰਗਠਨ ਨੂੰ ਕਿਉਂ ਕਿਹਾ ਅਲਵਿਦਾ?

ਵਾਸ਼ਿੰਗਟਨ/ਜਿਨੇਵਾ : ਇੱਕ ਸਾਲ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਡਬਲਯੂ.ਐਚ.ਓ. ਤੋਂ ਅਮਰੀਕਾ ਨੂੰ ਵੱਖ ਕਰਨ ਵਾਲੇ ਕਾਰਜਕਾਰੀ ਹੁਕਮ 'ਤੇ ਦਸਤਖਤ ਕੀਤੇ ਸਨ। ਉਸ ਵੇਲੇ ਟਰੰਪ ਨੇ ਇਸ ਨੂੰ 'ਵੱਡਾ ਕਦਮ' ਦੱਸਿਆ ਸੀ। ਹੁਣ ਇੱਕ ਸਾਲ ਦੇ ਨੋਟਿਸ ਪੀਰੀਅਡ ਪੂਰਾ ਹੋਣ ਤੋਂ ਬਾਅਦ ਅਮਰੀਕਾ ਅਧਿਕਾਰਤ ਤੌਰ 'ਤੇ ਡਬਲਯੂ.ਐਚ.ਓ. ਤੋਂ ਵੱਖ ਹੋ ਗਿਆ ਹੈ। ਇਸ ਨਾਲ ਅਮਰੀਕਾ ਨੇ ਸੰਗਠਨ ਨੂੰ ਲਗਭਗ 260 ਮਿਲੀਅਨ ਡਾਲਰ (ਲਗਭਗ 2100 ਕਰੋੜ ਰੁਪਏ) ਦਾ ਕਰਜ਼ਾ ਵੀ ਨਹੀਂ ਚੁਕਾਇਆ, ਜਿਸ ਨੂੰ ਵਿੱਤੀ ਧੋਖਾ ਕਿਹਾ ਜਾ ਰਿਹਾ ਹੈ। ਇਸ ਫੈਸਲੇ ਨੇ ਵਿਸ਼ਵ ਪੱਧਰ 'ਤੇ ਹਲਚਲ ਮਚਾ ਦਿੱਤੀ ਹੈ, ਅਤੇ ਵਿਸ਼ਵ ਨੇਤਾਵਾਂ ਤੇ ਅੰਤਰਰਾਸ਼ਟਰੀ ਮੀਡੀਆ ਨੇ ਇਸ ਨੂੰ ਗੰਭੀਰ ਨਤੀਜੇ ਵਾਲਾ ਕਦਮ ਦੱਸਿਆ ਹੈ।

**ਟਰੰਪ ਨੇ ਡਬਲਯੂ.ਐਚ.ਓ. ਨੂੰ ਛੱਡਣ ਦਾ ਫੈਸਲਾ ਕਿਉਂ ਲਿਆ?**

ਟਰੰਪ ਦਾ ਮੁੱਖ ਤਰਕ ਵਿੱਤੀ ਖਰਚ ਵਿੱਚ ਕਟੌਤੀ ਸੀ। ਉਨ੍ਹਾਂ ਨੇ ਕਿਹਾ ਕਿ ਡਬਲਯੂ.ਐਚ.ਓ. ਅਮਰੀਕਾ ਤੋਂ ਜ਼ਰੂਰਤ ਤੋਂ ਵੱਧ ਪੈਸਾ ਲੈਂਦਾ ਹੈ। ਆਪਣੇ ਪਹਿਲੇ ਕਾਰਜਕਾਲ ਵਿੱਚ ਵੀ ਟਰੰਪ ਨੇ 2020 ਵਿੱਚ ਇਸੇ ਤਰ੍ਹਾਂ ਕੋਸ਼ਿਸ਼ ਕੀਤੀ ਸੀ, ਪਰ ਬਾਇਡੇਨ ਨੇ ਇਸ ਨੂੰ ਉਲਟਾ ਦਿੱਤਾ ਸੀ। ਹੁਣ ਦੂਜੇ ਕਾਰਜਕਾਲ ਵਿੱਚ ਟਰੰਪ ਨੇ ਇਸ ਨੂੰ ਪੂਰਾ ਕੀਤਾ ਹੈ। ਟਰੰਪ ਨੇ ਕਿਹਾ, 'ਵਿਸ਼ਵ ਸਿਹਤ ਸੰਗਠਨ ਨੇ ਸਾਨੂੰ ਲੁੱਟਿਆ ਹੈ। ਹਰ ਕੋਈ ਅਮਰੀਕਾ ਨੂੰ ਲੁੱਟਦਾ ਹੈ। ਹੁਣ ਅਜਿਹਾ ਨਹੀਂ ਹੋਵੇਗਾ।'

**ਡਬਲਯੂ.ਐਚ.ਓ. ਨੂੰ ਫੰਡਿੰਗ ਕਿਵੇਂ ਮਿਲਦੀ ਹੈ?**

ਡਬਲਯੂ.ਐਚ.ਓ. ਨੂੰ ਇਸ ਦੇ 193 ਮੈਂਬਰ ਦੇਸ਼ਾਂ ਦੀਆਂ ਸਰਕਾਰਾਂ ਅਤੇ ਹੋਰ ਦਾਨੀਆਂ ਤੋਂ ਫੰਡਿੰਗ ਮਿਲਦੀ ਹੈ। ਇਹ ਫੰਡਿੰਗ ਦੋ ਤਰ੍ਹਾਂ ਦੀ ਹੁੰਦੀ ਹੈ - ਜ਼ਰੂਰੀ ਅਤੇ ਸਵੈਇੱਛਕ। ਜ਼ਰੂਰੀ ਯੋਗਦਾਨ ਕਿਸੇ ਵੀ ਦੇਸ਼ ਦੀ ਆਬਾਦੀ ਅਤੇ ਆਰਥਿਕ ਸਥਿਤੀ ਦੇ ਅਧਾਰ 'ਤੇ ਨਿਰਧਾਰਿਤ




ਹੁੰਦਾ ਹੈ ਅਤੇ ਹਰ ਸਾਲ ਇਸ ਵਿੱਚ ਬਦਲਾਅ ਹੋ ਸਕਦਾ ਹੈ। ਅਮਰੀਕਾ ਲੰਬੇ ਸਮੇਂ ਤੋਂ ਡਬਲਯੂ.ਐਚ.ਓ. ਦਾ ਸਭ ਤੋਂ ਵੱਡਾ ਦਾਨੀ ਰਿਹਾ ਹੈ, ਜੋ ਹਰ ਸਾਲ ਲਗਭਗ 160 ਮਿਲੀਅਨ ਤੋਂ 815 ਮਿਲੀਅਨ ਡਾਲਰ ਤੱਕ ਦਿੰਦਾ ਰਿਹਾ ਹੈ। ਡਬਲਯੂ.ਐਚ.ਓ. ਦਾ ਕੁੱਲ ਸਾਲਾਨਾ ਬਜਟ ਲਗਭਗ 2 ਤੋਂ 3 ਅਰਬ ਡਾਲਰ ਹੁੰਦਾ ਹੈ।

ਅਮਰੀਕੀ ਸਰਕਾਰ ਨੇ ਦੋਸ਼ ਲਾਇਆ ਕਿ ਡਬਲਯੂ.ਐਚ.ਓ. ਅਮਰੀਕਾ ਤੋਂ 'ਅਨੁਚਿਤ ਰੂਪ ਨਾਲ ਬਹੁਤ ਜ਼ਿਆਦਾ ਭੁਗਤਾਨ' ਦੀ ਮੰਗ ਕਰਦਾ ਹੈ। ਹੁਕਮ ਵਿੱਚ ਲਿਖਿਆ ਗਿਆ ਕਿ ਅਮਰੀਕਾ ਦਾ ਯੋਗਦਾਨ ਬਾਕੀ ਦੇਸ਼ਾਂ ਨਾਲੋਂ ਕਾਫ਼ੀ ਜ਼ਿਆਦਾ ਹੈ। ਟਰੰਪ ਨੇ ਚੀਨ ਦਾ ਉਦਾਹਰਣ ਦਿੱਤਾ, ਜਿਸ ਵਿੱਚ ਕਿਹਾ ਗਿਆ ਕਿ ਚੀਨ ਦੀ ਆਬਾਦੀ 1.4 ਅਰਬ ਹੈ, ਜੋ ਅਮਰੀਕਾ ਨਾਲੋਂ ਲਗਭਗ 300 ਪ੍ਰਤੀਸ਼ਤ ਵੱਧ ਹੈ, ਫਿਰ ਵੀ ਚੀਨ ਡਬਲਯੂ.ਐਚ.ਓ. ਨੂੰ ਅਮਰੀਕਾ ਨਾਲੋਂ ਲਗਭਗ 90 ਪ੍ਰਤੀਸ਼ਤ ਘੱਟ ਯੋਗਦਾਨ ਦਿੰਦਾ ਹੈ। ਇਹ ਅਮਰੀਕਾ ਦੀ ਸਭ ਤੋਂ ਵੱਡੀ ਵਿੱਤੀ ਸ਼ਿਕਾਇਤ ਸੀ। ਪੈਸੇ ਤੋਂ ਇਲਾਵਾ, ਟਰੰਪ ਪ੍ਰਸ਼ਾਸਨ ਨੇ ਡਬਲਯੂ.ਐਚ.ਓ. ਦੇ ਕੰਮਕਾਜ 'ਤੇ ਵੀ ਗੰਭੀਰ ਦੋਸ਼ ਲਾਏ ਸਨ। ਹੁਕਮ ਵਿੱਚ ਕਿਹਾ ਗਿਆ ਸੀ ਕਿ ਡਬਲਯੂ.ਐਚ.ਓ. ਕੋਵਿਡ ਮਹਾਂਮਾਰੀ ਅਤੇ ਹੋਰ ਵਿਸ਼ਵ ਸਿਹਤ ਸੰਕਟਾਂ ਨਾਲ ਨਜਿੱਠਣ ਵਿੱਚ ਅਸਫਲ ਰਿਹਾ ਹੈ। ਇਸ ਵਿੱਚ ਇਹ ਵੀ ਦਾਅਵਾ ਕੀਤਾ ਗਿਆ ਕਿ ਸੰਗਠਨ ਜ਼ਰੂਰੀ ਸੁਧਾਰਾਂ ਨੂੰ ਅਪਣਾਉਣ ਵਿੱਚ ਨਾਕਾਮ ਰਿਹਾ ਅਤੇ ਰਾਜਨੀਤਿਕ ਦਬਾਅ ਤੋਂ ਆਪਣੇ ਆਪ ਨੂੰ ਸੁਤੰਤਰ ਨਹੀਂ ਰੱਖ ਸਕਿਆ। ਟਰੰਪ ਨੇ ਨਾ ਸਿਰਫ਼ ਡਬਲਯੂ.ਐਚ.ਓ. ਬਲਕਿ 35 ਅੰਤਰਰਾਸ਼ਟਰੀ ਸੰਗਠਨਾਂ ਅਤੇ 31 ਸੰਯੁਕਤ ਰਾਸ਼ਟਰ ਸੰਸਥਾਵਾਂ ਤੋਂ ਵੱਖ ਹੋਣ ਦੀ ਯੋਜਨਾ ਵੀ ਐਲਾਨੀ ਸੀ। ਵ੍ਹਾਈਟ ਹਾਊਸ ਦੇ ਇੱਕ ਮੈਮੋ ਵਿੱਚ ਕਿਹਾ ਗਿਆ ਕਿ ਟਰੰਪ ਨੇ ਘਰੇਲੂ ਤਰਜੀਹਾਂ ਜਿਵੇਂ ਬੁਨਿਆਦੀ ਢਾਂਚਾ, ਫ਼ੌਜੀ ਤਿਆਰੀ ਅਤੇ ਸੀਮਾ ਸੁਰੱਖਿਆ 'ਤੇ ਧਿਆਨ ਕੇਂਦਰਿਤ ਕਰਨ ਲਈ ਇਹ ਫੈਸਲਾ ਲਿਆ ਹੈ।

**ਅਮਰੀਕਾ 'ਤੇ ਡਬਲਯੂ.ਐਚ.ਓ. ਦਾ ਕਿੰਨਾ ਬਕਾਇਆ ਸੀ?**

ਅਮਰੀਕਾ ਨੂੰ 2024-25 ਵਿੱਤੀ ਸਾਲ ਲਈ ਡਬਲਯੂ.ਐਚ.ਓ. ਨੂੰ ਭੁਗਤਾਨ ਕਰਨਾ ਸੀ। ਰਿਪੋਰਟਾਂ ਮੁਤਾਬਕ, ਅਮਰੀਕਾ 'ਤੇ ਡਬਲਯੂ.ਐਚ.ਓ. ਦਾ ਲਗਭਗ 260 ਮਿਲੀਅਨ ਡਾਲਰ (ਲਗਭਗ 2100 ਕਰੋੜ ਰੁਪਏ) ਬਕਾਇਆ ਸੀ, ਪਰ 20 ਜਨਵਰੀ ਤੱਕ ਇਹ ਭੁਗਤਾਨ ਨਹੀਂ ਕੀਤਾ ਗਿਆ। ਇਸ ਨੂੰ ਵਿੱਤੀ ਧੋਖਾ ਕਿਹਾ ਜਾ ਰਿਹਾ ਹੈ ਕਿਉਂਕਿ ਅਮਰੀਕਾ ਨੇ ਵੱਖ ਹੋਣ ਤੋਂ ਪਹਿਲਾਂ ਆਪਣੇ ਵਿੱਤੀ ਵਚਨਬੱਧਤਾਵਾਂ ਨੂੰ ਪੂਰਾ ਨਹੀਂ ਕੀਤਾ।

**ਡਬਲਯੂ.ਐਚ.ਓ. ਕੀ ਹੈ ਅਤੇ ਇਹ ਕੀ ਕਰਦਾ ਹੈ?**

ਵਿਸ਼ਵ ਸਿਹਤ ਸੰਗਠਨ ਸੰਯੁਕਤ ਰਾਸ਼ਟਰ ਦੀ ਇੱਕ ਵਿਸ਼ੇਸ਼ ਸਿਹਤ ਏਜੰਸੀ ਹੈ। ਇਸ ਦਾ ਕੰਮ ਮੰਕੀਪੌਕਸ, ਈਬੋਲਾ, ਪੋਲੀਓ ਵਰਗੀਆਂ ਵਿਸ਼ਵ ਬੀਮਾਰੀਆਂ ਵਿਰੁੱਧ ਅੰਤਰਰਾਸ਼ਟਰੀ ਪ੍ਰਤੀਕਿਰਿਆ ਨੂੰ ਨਿਰਦੇਸ਼ਿਤ ਕਰਨਾ ਹੈ। ਇਸ ਦਾ ਮੁੱਖ ਦਫ਼ਤਰ ਜਿਨੇਵਾ ਵਿੱਚ ਹੈ ਅਤੇ ਇਹ ਵਿਸ਼ਵ ਭਰ ਵਿੱਚ ਸਿਹਤ ਸੰਕਟਾਂ ਨਾਲ ਨਜਿੱਠਣ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ।

(ਬਾਕੀ ਸਫ਼ਾ 27 'ਤੇ)

# ਕਰੋੜਪਤੀਆਂ ਦੀ ਦੌਲਤ ਦੇ ਕੇਂਦਰੀਕਰਨ ਦੇ ਮਾਮਲੇ ਵਿੱਚ ਦੁਨੀਆਂ ਦੀ ਰਾਜਧਾਨੀ ਬਣਿਆ 'ਮਿਲਾਨ'

ਰੋਮ/ਏ.ਟੀ.ਨਿਊਜ਼ : ਇਟਲੀ ਨੂੰ ਪਿਆਰ ਕਰਨ ਵਾਲਿਆਂ ਲਈ ਇੱਕ ਵੱਡੀ ਖੁਸ਼ਖਬਰੀ ਸਾਹਮਣੇ ਆ ਰਹੀ ਹੈ। ਉਂਝ ਤਾਂ ਇਟਲੀ ਇੱਕ ਨਹੀਂ ਸਗੋਂ ਅਨੇਕਾਂ ਖੂਬੀਆਂ ਲਈ ਦੁਨੀਆਂ ਭਰ ਵਿੱਚ ਵਿਸ਼ੇਸ਼ ਤੇ ਖਾਸ ਰੁਤਬਾ ਰੱਖਦੀ ਹੈ ਤੇ ਇਸ ਰੁਤਬੇ ਦੇ ਤਾਜ 'ਚ ਕੋਹੇਨੂਰ ਵਾਂਗਰ ਇੱਕ ਹੋਰ ਹੀਰਾ ਇਟਲੀ ਦੇਸ਼ ਦੇ ਮਿਲਾਨ ਸ਼ਹਿਰ ਨੂੰ ਦੁਨੀਆਂ ਦੇ ਸਭ ਤੋਂ ਅਮੀਰ ਲੋਕਾਂ ਦੀ ਸੂਚੀ ਲਈ ਬਾਦਸ਼ਾਹਾਂ ਦਾ ਬਾਦਸ਼ਾਹ ਬਣਾਉਂਦੀ ਹੈ। ਮਿਲਾਨ ਦੁਨੀਆਂ ਦਾ ਮੋਹਰੀ ਕਰੋੜਪਤੀ ਸ਼ਹਿਰ ਹੈ ਜਿੱਥੇ 12 ਨਿਵਾਸੀਆਂ ਵਿੱਚੋਂ ਇੱਕ ਕਰੋੜਪਤੀ ਦਰਜ ਕੀਤਾ ਗਿਆ। ਬੀਤੇ ਦਿਨ ਇਸ ਗੱਲ ਦਾ ਖੁਲਾਸਾ ਕੀਤਾ ਹੈ ਹੈਨਲੀ ਐਂਡ ਪਾਰਟਨਰਜ਼ ਇੱਕ ਗਲੋਬਲ ਸਿਟੀਜ਼ਨਸ਼ਿਪ ਅਤੇ ਰੈਜ਼ੀਡੈਂਸੀ ਸਲਾਹਕਾਰ ਫਰਮ ਨੇ, ਜਿਸ ਦਾ ਮੁੱਖ ਦਫ਼ਤਰ



ਲੰਡਨ ਵਿੱਚ ਹੈ। ਇਸ ਫਰਮ ਦਾ ਮੁੱਖ ਕੰਮ ਨਾਗਰਿਕਤਾ ਅਤੇ ਰੈਜ਼ੀਡੈਂਸੀ ਨੀਤੀਆਂ ਬਾਰੇ ਸਲਾਹ ਦੇਣਾ ਅਤੇ ਰੈਜ਼ੀਡੈਂਸੀ ਤੇ ਸਿਟੀਜ਼ਨਸ਼ਿਪ ਪ੍ਰੋਗਰਾਮ ਵਿਕਸਤ ਕਰਨ ਲਈ ਸਰਕਾਰ ਨਾਲ ਕੰਮ ਕਰਨਾ ਹੈ। ਇਸ ਫਰਮ ਦੀ ਤਾਜ਼ਾ ਰਿਪੋਰਟ ਅਨੁਸਾਰ ਮਿਲਾਨ ਕਰੋੜਪਤੀਆਂ ਦੀ ਦੌਲਤ ਦੇ ਕੇਂਦਰੀਕਰਨ ਦੇ ਮਾਮਲੇ ਵਿੱਚ ਦੁਨੀਆਂ ਦੀ ਰਾਜਧਾਨੀ ਵਜੋਂ ਆਪਣੀ ਪੁਸ਼ਟੀ ਕਰਦਾ ਹੈ ਜੋ ਕਿ ਨਿਊਯਾਰਕ ਅਤੇ ਲੰਡਨ ਵਰਗੇ ਇਤਿਹਾਸਕ ਤੌਰ 'ਤੇ ਦੌਲਤ ਦੇ ਗੜ੍ਹ ਵਜੋਂ ਮੰਨੇ ਜਾਂਦੇ ਸ਼ਹਿਰਾਂ ਨੂੰ ਪਛਾੜਦਾ ਹੈ।

(ਬਾਕੀ ਸਫ਼ਾ 27 'ਤੇ)

# ਹੁਣ ਆਰਟੀਫਿਸ਼ੀਅਲ ਇੰਟੈਲੀਜੈਂਸ 'ਕਰੈਕਟਰ' ਨਹੀਂ ਚਲਾ ਸਕਣਗੇ ਨਾਬਾਲਗ

## ਮੇਟਾ ਨੇ ਅੱਲ੍ਹੜਾਂ ਦੀ ਏ.ਆਈ. ਕਰੈਕਟਰ ਤੱਕ ਪਹੁੰਚ 'ਤੇ ਲਗਾਈ ਪਾਬੰਦੀ

ਸਾਂ ਫਰਾਂਸਿਸਕੋ/ਏ.ਟੀ.ਨਿਊਜ਼: ਅਮਰੀਕਾ ਦੀ ਬਹੁ-ਰਾਸ਼ਟਰੀ ਤਕਨਾਲੋਜੀ ਅਤੇ ਸੋਸ਼ਲ ਮੀਡੀਆ ਕੰਪਨੀ ਮੇਟਾ ਨੇ ਕਿਹਾ ਹੈ ਕਿ ਉਹ ਨਾਬਾਲਗਾਂ ਲਈ ਆਰਟੀਫਿਸ਼ੀਅਲ ਇੰਟੈਲੀਜੈਂਸ (ਏ.ਆਈ.) 'ਕਰੈਕਟਰ' ਤੱਕ ਪਹੁੰਚ ਨੂੰ ਅਸਥਾਈ ਤੌਰ 'ਤੇ ਰੋਕ ਰਹੀ ਹੈ। ਕੰਪਨੀ ਨੇ ਪਿਛਲੇ ਦਿਨੀਂ ਇੱਕ ਬਲੌਗ ਪੋਸਟ ਵਿੱਚ ਇਹ ਜਾਣਕਾਰੀ ਦਿੱਤੀ। ਇੰਸਟਾਗ੍ਰਾਮ ਅਤੇ ਵਟਸਐਪ ਦੀ ਮਾਲਕੀ ਵਾਲੀ ਕੰਪਨੀ ਮੇਟਾ ਪਲੇਟਫਾਰਮਸ ਇੰਕ. ਨੇ ਕਿਹਾ ਕਿ 'ਆਉਣ ਵਾਲੇ ਕੁਝ ਹਫ਼ਤਿਆਂ' ਵਿੱਚ ਨਾਬਾਲਗਾਂ ਨੂੰ ਏ. ਆਈ. ਕਰੈਕਟਰ (ਏ.ਆਈ.-ਅਧਾਰਿਤ ਡਿਜੀਟਲ ਕਰੈਕਟਰ) ਤੱਕ ਪਹੁੰਚ ਨਹੀਂ ਦਿੱਤੀ ਜਾਵੇਗੀ ਅਤੇ 'ਜਦੋਂ ਤੱਕ ਇੱਕ ਨਵਾਂ ਅਤੇ ਸੁਧਰਿਆ ਹੋਇਆ ਸੰਸਕਰਣ ਤਿਆਰ ਨਹੀਂ ਹੁੰਦਾ' ਇਹ ਪਾਬੰਦੀ ਉਦੋਂ ਤੱਕ ਲਾਗੂ ਰਹੇਗੀ। ਕੰਪਨੀ ਨੇ ਕਿਹਾ




ਕਿ ਇਹ ਫੈਸਲਾ ਉਨ੍ਹਾਂ ਸਾਰੇ ਖਪਤਕਾਰਾਂ 'ਤੇ ਲਾਗੂ ਹੁੰਦਾ ਹੈ ਜਿਨ੍ਹਾਂ ਨੇ ਮੈਟਾ 'ਤੇ ਜਨਮ ਤਰੀਕ ਦਰਜ ਕੀਤੀ ਹੈ ਜਿਸ ਕਾਰਨ ਉਹ ਨਾਬਾਲਗ ਦਿਖਾਈ ਦਿੰਦੇ ਹਨ। ਇਹ ਪਾਬੰਦੀ ਉਨ੍ਹਾਂ 'ਤੇ ਵੀ ਲਾਗੂ ਹੁੰਦੀ ਹੈ 'ਜੋ ਬਾਲਗ ਹੋਣ ਦਾ ਦਾਅਵਾ ਕਰਦੇ ਹਨ ਪਰ ਸਾਡੀ ਉਮਰ-ਅਨੁਮਾਨ ਤਕਨਾਲੋਜੀ ਦੇ ਅਧਾਰ 'ਤੇ ਸਾਨੂੰ ਨਾਬਾਲਗ ਜਾਪਦੇ ਹਨ।'

(ਬਾਕੀ ਸਫ਼ਾ 26 'ਤੇ)

# ਦੁਨੀਆਂ ਦੀਆਂ ਖੁਫ਼ੀਆ ਏਜੰਸੀਆਂ 'ਚੋਂ ਸਭ ਤੋਂ ਖ਼ਤਰਨਾਕ ਏਜੰਸੀ ਕਿਹੜੀ?

## ਸੀ.ਆਈ.ਏ., ਮੌਸਾਦ, ਐਮ. ਐਸ. ਐਸ., ਰਾਅ ਜਾਂ ਐਮ 16 'ਚੋਂ ਕੌਣ ਤਾਕਤਵਰ ਖੁਫ਼ੀਆ ਏਜੰਸੀ ਬਣੀ ?

ਦੁਨੀਆਂ ਵਿੱਚ ਰਾਜਨੀਤੀ, ਸੁਰੱਖਿਆ ਅਤੇ ਕੂਟਨੀਤੀ ਨੂੰ ਚਲਾਉਣ ਵਿੱਚ ਖੁਫ਼ੀਆ ਏਜੰਸੀਆਂ ਦੀ ਭੂਮਿਕਾ ਬਹੁਤ ਵੱਡੀ ਹੁੰਦੀ ਹੈ। ਇਹ ਏਜੰਸੀਆਂ ਚੁੱਪ-ਚਾਪ ਕੰਮ ਕਰਦੀਆਂ ਹਨ ਪਰ ਇਨ੍ਹਾਂ ਦੀ ਜਾਣਕਾਰੀ ਨਾਲ ਦੇਸ਼ਾਂ ਦੀ ਸੁਰੱਖਿਆ ਬਚ ਜਾਂਦੀ ਹੈ। ਇਹ ਏਜੰਸੀਆਂ ਆਤੰਕਵਾਦ, ਸਾਈਬਰ ਹਮਲੇ, ਜੰਗਾਂ ਅਤੇ ਅੰਤਰਰਾਸ਼ਟਰੀ ਸਾਜ਼ਿਸ਼ਾਂ ਬਾਰੇ ਪਹਿਲਾਂ ਹੀ ਪਤਾ ਲਗਾ ਲੈਂਦੀਆਂ ਹਨ ਤਾਂ ਜੋ ਸਰਕਾਰ ਨੂੰ ਸਹੀ ਫ਼ੈਸਲੇ ਲੈਣ ਵਿੱਚ ਮਦਦ ਮਿਲੇ। ਅੱਜ ਦੇ ਸਮੇਂ ਵਿੱਚ ਜਦੋਂ ਟੈਕਨਾਲੋਜੀ ਬਹੁਤ ਤੇਜ਼ੀ ਨਾਲ ਵਧ ਰਹੀ ਹੈ, ਤਾਂ ਇਹ ਏਜੰਸੀਆਂ ਸੈਟੇਲਾਈਟ, ਸਾਈਬਰ ਜਾਸੂਸੀ ਅਤੇ ਮਨੁੱਖੀ ਜਾਸੂਸਾਂ ਨਾਲ ਕੰਮ ਕਰਦੀਆਂ ਹਨ। ਵੱਖ-ਵੱਖ ਵੈੱਬਸਾਈਟਾਂ ਅਤੇ ਰਿਪੋਰਟਾਂ ਮੁਤਾਬਕ (ਜਿਵੇਂ ਕਿ 2025-2026 ਦੀਆਂ ਤਾਜ਼ਾ ਰੈਂਕਿੰਗਾਂ), ਦੁਨੀਆਂ ਦੀਆਂ ਟਾਪ ਖੁਫ਼ੀਆ ਏਜੰਸੀਆਂ ਵਿੱਚ ਅਮਰੀਕਾ ਦੀ ਸੀ.ਆਈ.ਏ. ਸਭ ਤੋਂ ਉੱਪਰ ਹੈ। ਇਸ ਤੋਂ ਬਾਅਦ ਇਜ਼ਰਾਇਲ ਦੀ ਮੌਸਾਦ, ਬ੍ਰਿਟੇਨ ਦੀ ਐਮ 96, ਚੀਨ ਦੀ ਐਮ. ਐਸ. ਐਸ. ਅਤੇ ਭਾਰਤ ਦੀ ਰਾਅ ਵਰਗੀਆਂ ਏਜੰਸੀਆਂ ਆਉਂਦੀਆਂ ਹਨ। ਇਹ ਰੈਂਕਿੰਗ ਬਜਟ, ਟੈਕਨਾਲੋਜੀ, ਵਿਸ਼ਵ ਵਿੱਚ ਨੈੱਟਵਰਕ ਅਤੇ ਸਫ਼ਲ ਮਿਸ਼ਨਾਂ 'ਤੇ ਅਧਾਰਿਤ ਹੁੰਦੀ ਹੈ। ਆਓ ਵੇਖੀਏ ਟਾਪ 10 ਏਜੰਸੀਆਂ ਬਾਰੇ ਵਿਸਥਾਰ ਨਾਲ।

**ਸੀ.ਆਈ.ਏ. - ਅਮਰੀਕਾ**

ਇਹ ਦੁਨੀਆਂ ਦੀ ਸਭ ਤੋਂ ਮਸ਼ਹੂਰ



ਅਤੇ ਸਭ ਤੋਂ ਤਾਕਤਵਰ ਖੁਫ਼ੀਆ ਏਜੰਸੀ ਮੰਨੀ ਜਾਂਦੀ ਹੈ। 1947 ਵਿੱਚ ਬਣੀ ਇਸ ਏਜੰਸੀ ਦਾ ਬਜਟ ਬਹੁਤ ਵੱਡਾ ਹੈ ਅਤੇ ਇਸ ਦਾ ਨੈੱਟਵਰਕ ਪੂਰੀ ਦੁਨੀਆਂ ਵਿੱਚ ਫ਼ੈਲਿਆ ਹੋਇਆ ਹੈ। ਸੀ.ਆਈ.ਏ. ਸੈਟੇਲਾਈਟ, ਡਰੋਨ ਅਤੇ ਸਾਈਬਰ ਟੂਲ ਨਾਲ ਜਾਣਕਾਰੀ ਇਕੱਠੀ ਕਰਦੀ ਹੈ। ਇਸ ਨੇ ਓਸਾਮਾ ਬਿਨ ਲਾਦੇਨ ਨੂੰ ਖਤਮ ਕਰਨ ਵਾਲੇ ਮਿਸ਼ਨ ਵਿੱਚ ਵੱਡੀ ਭੂਮਿਕਾ ਨਿਭਾਈ ਸੀ। ਇਹ ਆਤੰਕਵਾਦ ਰੋਕਣ, ਜਾਸੂਸੀ ਅਤੇ ਗੁਪਤ ਆਪਰੇਸ਼ਨਾਂ ਵਿੱਚ ਮਾਹਿਰ ਹੈ। ਅੱਜ ਵੀ ਇਹ ਅਮਰੀਕਾ ਦੀ ਵਿਦੇਸ਼ ਨੀਤੀ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ।

**ਮੌਸਾਦ - ਇਜ਼ਰਾਇਲ**

ਇਹ ਏਜੰਸੀ ਆਪਣੀ ਸਟੀਕਤਾ ਅਤੇ ਖਤਰਨਾਕ ਅਪਰੇਸ਼ਨਾਂ ਲਈ ਜਾਣੀ ਜਾਂਦੀ ਹੈ। 1949 ਵਿੱਚ ਬਣੀ ਇਸ ਨੇ ਇਜ਼ਰਾਇਲ ਦੇ ਦੁਸ਼ਮਣਾਂ ਨੂੰ ਕਈ ਵਾਰ ਚੁੱਪਚਾਪ ਖਤਮ ਕੀਤਾ ਹੈ। ਇਸ ਦਾ ਸਭ ਤੋਂ ਮਸ਼ਹੂਰ ਅਪਰੇਸ਼ਨ 'ਵਰਥ ਆਫ਼ ਗਾਡ' ਸੀ ਜਿਸ ਵਿੱਚ 1972 ਦੇ ਮਿਊਨਿਖ ਉਲੰਪਿਕ ਵਿੱਚ ਇਜ਼ਰਾਇਲੀ ਐਥਲੀਟਾਂ 'ਤੇ ਹਮਲੇ ਦਾ ਬਦਲਾ ਲਿਆ ਗਿਆ ਸੀ। ਮੌਸਾਦ ਮਨੁੱਖੀ ਜਾਸੂਸਾਂ ਅਤੇ ਟੈਕਨਾਲੋਜੀ ਨੂੰ ਬਹੁਤ ਚੰਗੇ ਤਰੀਕੇ ਨਾਲ ਵਰਤਦੀ ਹੈ। ਇਹ ਆਤੰਕਵਾਦ ਵਿਰੋਧੀ ਲੜਾਈ ਵਿੱਚ ਸਭ ਤੋਂ ਅੱਗੇ ਮੰਨੀ ਜਾਂਦੀ ਹੈ।

**ਐਮ16 - ਬ੍ਰਿਟੇਨ**

ਜੇਮਜ਼ ਬਾਂਡ ਵਾਲੀਆਂ ਫ਼ਿਲਮਾਂ ਕਾਰਨ ਇਹ ਬਹੁਤ ਮਸ਼ਹੂਰ ਹੈ। 1909 ਵਿੱਚ ਬਣੀ ਇਹ ਏਜੰਸੀ ਵਿਦੇਸ਼ੀ ਜਾਸੂਸੀ ਅਤੇ ਆਤੰਕਵਾਦ ਰੋਕਣ ਵਿੱਚ ਮਾਹਿਰ ਹੈ। ਇਸ ਨੇ ਦੂਜੀ ਜੰਗ ਵਿਸ਼ਵ ਜੰਗ ਅਤੇ ਠੰਡੀ ਜੰਗ ਵਿੱਚ ਵੱਡੀ ਭੂਮਿਕਾ ਨਿਭਾਈ। ਅੱਜ ਵੀ ਇਹ ਸਾਈਬਰ ਸੁਰੱਖਿਆ ਅਤੇ ਅੰਤਰਰਾਸ਼ਟਰੀ ਸਹਿਯੋਗ ਵਿੱਚ ਅੱਗੇ ਹੈ।


**ਐਮ.ਐਸ.ਐਸ. - ਚੀਨ**

ਚੀਨ ਦੀ ਇਹ ਏਜੰਸੀ ਸਾਈਬਰ ਜਾਸੂਸੀ ਅਤੇ ਟੈਕਨਾਲੋਜੀ ਚੋਰੀ ਵਿੱਚ ਸਭ ਤੋਂ ਅੱਗੇ ਹੈ।

(ਬਾਕੀ ਸਫ਼ਾ 26 'ਤੇ)

# ਮਿਨੀਆਪੋਲਿਸ ਵਿੱਚ ਟਰੰਪ ਦੀਆਂ ਨੀਤੀਆਂ ਵਿਰੁੱਧ ਜਨ-ਸੈਲਾਬ ਉਮੜਿਆ

## ਠੰਡ ਵਿੱਚ 50,000 ਲੋਕਾਂ ਨੇ ਸੜਕਾਂ 'ਤੇ ਉੱਤਰ ਕੇ ਮਾਰਿਆ ਲਲਕਾਰਾ




ਵਾਸ਼ਿੰਗਟਨ/ਮਿਨੀਆਪੋਲਿਸ/ ਏ.ਟੀ.ਨਿਊਜ਼: ਅਮਰੀਕਾ ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦੀਆਂ ਸਖ਼ਤ ਨੀਤੀਆਂ ਵਿਰੁੱਧ ਬਗਾਵਤ ਦੇ ਸੁਰ ਤੇਜ਼ ਹੋ ਗਏ ਹਨ। ਪਿਛਲੇ ਦਿਨੀਂ ਮਿਨੀਆਪੋਲਿਸ ਦੀਆਂ ਸੜਕਾਂ 'ਤੇ ਇੱਕ ਇਤਿਹਾਸਕ ਪ੍ਰਦਰਸ਼ਨ ਦੇਖਣ ਨੂੰ ਮਿਲਿਆ, ਜਿੱਥੇ ਲਗਭਗ 50,000 ਲੋਕਾਂ ਨੇ ਕੜਾਕੇ ਦੀ ਠੰਡ ਦੀ ਪਰਵਾਹ ਕੀਤੇ ਬਿਨਾਂ ਮਾਰਚ ਕੀਤਾ। ਰੈਲੀ ਦੌਰਾਨ ਤਾਪਮਾਨ ਮਾਈਨਸ 29 ਡਿਗਰੀ ਸੈਲਸੀਅਸ ਤੱਕ ਡਿੱਗ ਗਿਆ ਸੀ, ਪਰ ਪ੍ਰਦਰਸ਼ਨਕਾਰੀਆਂ ਦਾ ਗੁੱਸਾ ਇਸ ਠੰਡ 'ਤੇ ਭਾਰੀ ਪਿਆ। ਇਹ ਵਿਰੋਧ ਪ੍ਰਦਰਸ਼ਨ ਖ਼ਾਸ ਤੌਰ 'ਤੇ ਟਰੰਪ ਦੀ ਅਕਰਮਕ ਇਮੀਗ੍ਰੇਸ਼ਨ ਕਾਰਵਾਈ, ਵਧਦੇ ਟੈਰਿਫ਼ ਅਤੇ ਵਿਦੇਸ਼ਾਂ ਵਿੱਚ ਫ਼ੌਜੀ ਕਾਰਵਾਈਆਂ ਦੀਆਂ ਧਮਕੀਆਂ ਦੇ ਖਿਲਾਫ਼ ਸੀ।

**ਜੇ.ਡੀ. ਵੈਂਸ ਦਾ ਦੌਰਾ ਰਿਹਾ ਨਾਕਾਮ**

ਪ੍ਰਦਰਸ਼ਨ ਤੋਂ ਇੱਕ ਦਿਨ ਪਹਿਲਾਂ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਨੇ ਮਿਨੀਆਪੋਲਿਸ ਦਾ ਦੌਰਾ ਕੀਤਾ ਸੀ। ਉਨ੍ਹਾਂ ਨੇ ਸਥਾਨਕ ਆਗੂਆਂ ਨਾਲ ਮੁਲਾਕਾਤ ਕਰਕੇ ਤਣਾਅ ਘਟਾਉਣ ਅਤੇ ਇਮੀਗ੍ਰੇਸ਼ਨ ਅਧਿਕਾਰੀਆਂ ਦਾ ਸਮਰਥਨ ਕਰਨ ਦੀ ਅਪੀਲ ਕੀਤੀ ਸੀ। ਪਰ ਲੋਕਾਂ ਵਿੱਚ ਗੁੱਸਾ ਇੰਨਾ ਜ਼ਿਆਦਾ ਸੀ ਕਿ ਵੈਂਸ ਦੀ ਅਪੀਲ ਦਾ ਕੋਈ ਅਸਰ ਨਹੀਂ ਹੋਇਆ ਅਤੇ ਅਗਲੇ ਹੀ ਦਿਨ ਪੂਰੇ ਮਿਨੀਸੋਟਾ ਵਿੱਚ ਵਪਾਰਕ ਅਦਾਰੇ ਬੰਦ ਰਹੇ ਅਤੇ ਹਜ਼ਾਰਾਂ ਲੋਕ ਸੜਕਾਂ 'ਤੇ ਉੱਤਰ ਆਏ।

**100 ਪਾਦਰੀਆਂ ਦੀ ਗ੍ਰਿਫ਼ਤਾਰੀ**

ਵਿਰੋਧ ਦੀ ਲਹਿਰ ਹਵਾਈ ਅੱਡਿਆਂ ਤੱਕ ਵੀ ਪਹੁੰਚ ਗਈ। ਮਿਨੀਆਪੋਲਿਸ-ਸੈਂਟ ਪੌਲ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪ੍ਰਦਰਸ਼ਨ ਕਰ ਰਹੇ ਲਗਭਗ 100 ਪਾਦਰੀਆਂ ਨੂੰ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ। 'ਫ਼ੇਥ ਇਨ ਮਿਨੀਸੋਟਾ' ਗਰੁੱਪ ਅਨੁਸਾਰ, ਇਹ ਪਾਦਰੀ ਸ਼ਾਂਤੀਪੂਰਨ ਤਰੀਕੇ ਨਾਲ ਇਮੀਗ੍ਰੇਸ਼ਨ ਕਾਰਵਾਈਆਂ ਦਾ ਵਿਰੋਧ ਕਰ ਰਹੇ ਸਨ। ਪੁਲਿਸ ਨੇ ਉਨ੍ਹਾਂ 'ਤੇ ਹਵਾਈ ਸੇਵਾਵਾਂ ਵਿੱਚ ਰੁਕਾਵਟ ਪਾਉਣ ਦੇ ਇਲਜ਼ਾਮ ਲਗਾਏ ਹਨ।

**ਹਿਰਾਸਤ ਅਤੇ ਹਿੰਸਾ: ਰੇਨੀ ਗੁੱਡ ਦੀ ਮੌਤ ਨੇ ਭੜਕਾਈ ਅੱਗ**

ਤਣਾਅ ਵਧਣ ਦਾ ਮੁੱਖ ਕਾਰਨ 7 ਜਨਵਰੀ ਨੂੰ ਹੋਈ ਇੱਕ ਘਟਨਾ ਹੈ, ਜਿੱਥੇ 935 ਏਜੰਟ ਦੀ ਗੋਲੀ ਨਾਲ 37 ਸਾਲਾ ਅਮਰੀਕੀ ਨਾਗਰਿਕ ਰੇਨੀ ਗੁੱਡ ਦੀ ਮੌਤ ਹੋ ਗਈ ਸੀ। ਇਸ ਤੋਂ ਇਲਾਵਾ, ਹਾਲ ਹੀ ਵਿੱਚ ਇੱਕ 5 ਸਾਲ ਦੇ ਬੱਚੇ ਨੂੰ ਉਸਦੇ ਪਿਤਾ ਸਮੇਤ ਸਕੂਲ ਤੋਂ ਘਰ ਆਉਂਦੇ ਸਮੇਂ ਹਿਰਾਸਤ ਵਿੱਚ ਲਿਆ ਗਿਆ, ਜਿਸ ਨੇ ਮਨੁੱਖੀ ਅਧਿਕਾਰਾਂ ਦੇ ਘਾਣ ਨੂੰ ਲੈ ਕੇ ਨਵੀਂ ਚਰਚਾ ਛੇੜ ਦਿੱਤੀ ਹੈ। ਪ੍ਰਦਰਸ਼ਨਕਾਰੀਆਂ ਨੇ ਬਿਸ਼ਪ ਹੈਨਰੀ ਵ੍ਹਿਪਲ ਫ਼ੈਡਰਲ ਬਿਲਡਿੰਗ ਵੱਲ ਜਾਣ ਵਾਲੇ ਰਸਤੇ ਰੋਕ ਦਿੱਤੇ ਅਤੇ ਕਈ ਥਾਵਾਂ 'ਤੇ ਪੁਲਿਸ ਵਾਹਨਾਂ 'ਤੇ ਬਰਫ਼ ਦੇ ਟੁੱਕੜੇ ਸੁੱਟ ਕੇ ਆਪਣਾ ਰੋਸ ਪ੍ਰਗਟਾਇਆ।

**ਕੀ ਇਹ ਟਰੰਪ ਲਈ ਵੱਡੀ ਸਿਰਦਰਦੀ ਬਣੇਗੀ?**

ਇਸ ਅੰਦੋਲਨ ਨੂੰ ਆਈ.ਸੀ.ਈ. ਆਊਟ ਆਫ਼ ਮਿਨੀਸੋਟਾ: ਏ.ਡੇ.ਆਫ਼ ਟਰੂਥ ਐਂਡ ਫ਼ਰੀਡਮ ਦਾ ਨਾਂ ਦਿੱਤਾ ਗਿਆ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਸਿਰਫ਼ ਇੱਕ ਰਾਜ ਦਾ ਵਿਰੋਧ ਨਹੀਂ ਹੈ, ਸਗੋਂ ਇਹ ਟਰੰਪ ਸਰਕਾਰ ਵਿਰੁੱਧ ਇੱਕ ਦੇਸ਼ ਵਿਆਪੀ ਲਹਿਰ ਦਾ ਮੁੱਢ ਬਣ ਸਕਦਾ ਹੈ। ਜਿਸ ਤਰ੍ਹਾਂ ਵਿਦਿਆਰਥੀ, ਵਪਾਰੀ, ਪਾਦਰੀ ਅਤੇ ਆਮ ਪਰਿਵਾਰ ਇਸ ਵਿੱਚ ਸ਼ਾਮਲ ਹੋ ਰਹੇ ਹਨ, ਉਹ ਟਰੰਪ ਦੇ ਦੂਜੇ ਕਾਰਜਕਾਲ ਦੀ ਸਥਿਰਤਾ ਲਈ ਇੱਕ ਵੱਡੀ ਚੁਣੌਤੀ ਪੈਦਾ ਕਰ ਰਿਹਾ ਹੈ।

# ਅਮਰੀਕਾ 'ਚ 20,000 ਕਮਰਸ਼ੀਅਲ ਡਰਾਈਵਿੰਗ ਲਾਇਸੈਂਸ ਰੱਦ ਹੋਣ ਦਾ ਬਣਿਆ ਖ਼ਤਰਾ

## ਅਮਰੀਕੀ ਸੈਨੇਟਰ 'ਐਡਮ ਸ਼ਿਫ਼' ਵੱਲੋਂ ਸਿੱਖ ਡਰਾਈਵਰਾਂ ਅਤੇ ਕਾਰੋਬਾਰੀਆਂ ਨਾਲ ਵਿਸ਼ੇਸ਼ ਗੋਲਮੇਜ਼ ਕਾਨਫ਼ਰੰਸ

ਬੇਕਰਸਫੀਲਡ/ਕੈਲੀਫੋਰਨੀਆ/ ਏ.ਟੀ.ਨਿਊਜ਼: ਅਮਰੀਕਾ ਦੇ ਕੈਲੀਫੋਰਨੀਆ ਸੂਬੇ ਵਿੱਚ ਵਸਦੇ ਹਜ਼ਾਰਾਂ ਪ੍ਰਵਾਸੀ ਟਰੱਕ ਡਰਾਈਵਰਾਂ, ਖਾਸ ਕਰਕੇ ਸਿੱਖ ਭਾਈਚਾਰੇ ਲਈ ਚਿੰਤਾ ਵਾਲੀ ਖ਼ਬਰ ਸਾਹਮਣੇ ਆਈ ਹੈ। ਇੱਕ ਸੰਘੀ ਆਡਿਟ ਤੋਂ ਬਾਅਦ ਲਗਭਗ 20,000 ਕਮਰਸ਼ੀਅਲ ਡਰਾਈਵਿੰਗ ਲਾਇਸੈਂਸ ਧਾਰਕਾਂ ਦੇ ਲਾਇਸੈਂਸ ਰੱਦ ਹੋਣ ਦਾ ਖ਼ਤਰਾ ਪੈਦਾ ਹੋ ਗਿਆ ਹੈ, ਕਿਉਂਕਿ ਉਹ ਹੁਣ ਸੰਘੀ ਮਾਪਦੰਡਾਂ 'ਤੇ ਖਰੇ ਨਹੀਂ ਉਤਰਦੇ ਪਾਏ ਗਏ। ਇਸ ਗੰਭੀਰ ਮੁੱਦੇ ਨੂੰ ਲੈ ਕੇ ਅਮਰੀਕੀ ਸੈਨੇਟਰ ਐਡਮ ਸ਼ਿਫ਼ ਨੇ ਸਿੱਖ ਡਰਾਈਵਰਾਂ ਅਤੇ ਕਾਰੋਬਾਰੀਆਂ ਨਾਲ ਇੱਕ ਵਿਸ਼ੇਸ਼ ਗੋਲਮੇਜ਼ ਕਾਨਫਰੰਸ ਕੀਤੀ ਤਾਂ ਜੋ ਉਨ੍ਹਾਂ ਨੂੰ ਦਰਪੇਸ਼ ਖ਼ਤਰਿਆਂ ਅਤੇ ਆਰਥਿਕ ਪ੍ਰਭਾਵਾਂ ਬਾਰੇ ਜਾਣਿਆ ਜਾ ਸਕੇ।



**ਟਰੱਕ ਖੜ੍ਹੇ ਹੋਣ ਨਾਲ ਆਰਥਿਕਤਾ ਨੂੰ ਵੱਡੀ ਸੱਟ**

ਰੋਡ ਲਾਈਨਰ ਲੌਜਿਸਟਿਕਸ ਦੇ ਮਾਲਕ ਸੁਖਬੀਰ ਜੌਹਲ ਨੇ ਆਪਣਾ ਦੁੱਖ ਸਾਂਝਾ ਕਰਦਿਆਂ ਦੱਸਿਆ ਕਿ ਇਸ ਮਾਹੌਲ ਕਾਰਨ ਕਈ ਡਰਾਈਵਰ ਕੰਮ 'ਤੇ ਆਉਣ ਤੋਂ ਡਰ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਡਰਾਈਵਰ ਨਹੀਂ ਹੋਣਗੇ ਤਾਂ ਮਕੈਨਿਕ ਅਤੇ ਡਿਸਪੈਚਰਾਂ ਦੀਆਂ ਨੌਕਰੀਆਂ ਵੀ ਚਲੀਆਂ ਜਾਣਗੀਆਂ ਕਿਉਂਕਿ ਸਾਰਾ ਕਾਰੋਬਾਰ ਡਰਾਈਵਰਾਂ ਨਾਲ ਜੁੜਿਆ ਹੋਇਆ ਹੈ। ਸੈਨੇਟਰ ਸ਼ਿਫ਼ ਨੇ ਵੀ ਹੈਰਾਨੀ ਜਤਾਈ ਕਿ ਕਈ ਕੰਪਨੀਆਂ ਦੇ 10-10 ਤੋਂ ਵੱਧ ਟਰੱਕ ਵਿਹਲੇ ਖੜ੍ਹੇ ਹਨ, ਜਿਸ ਨਾਲ ਨੌਕਰੀਆਂ ਦਾ ਨੁਕਸਾਨ ਹੋ ਰਿਹਾ ਹੈ ਅਤੇ ਚੀਜ਼ਾਂ ਦੀਆਂ ਕੀਮਤਾਂ ਵਧ ਰਹੀਆਂ ਹਨ।

**ਇਮੀਗ੍ਰੇਸ਼ਨ ਜਾਂਚ ਅਤੇ ਫੰਡਾਂ 'ਤੇ ਰੋਕ**

ਇਸ ਮਾਮਲੇ ਵਿੱਚ ਇੱਕ ਹੋਰ ਵੱਡਾ ਮੋੜ ਉਦੋਂ ਆਇਆ ਜਦੋਂ ਅਮਰੀਕੀ ਟਰਾਂਸਪੋਰਟ ਵਿਭਾਗ ਨੇ ਲਾਇਸੈਂਸ ਰੱਦ ਕਰਨ ਵਿੱਚ ਦੇਰੀ ਕਾਰਨ ਕੈਲੀਫੋਰਨੀਆ ਦੇ 160 ਮਿਲੀਅਨ ਡਾਲਰ ਦੇ ਫੰਡ ਰੋਕ ਲਏ। ਇਸ ਤੋਂ ਇਲਾਵਾ, ਅਜਿਹੀਆਂ ਰਿਪੋਰਟਾਂ ਵੀ ਸਾਹਮਣੇ ਆਈਆਂ ਹਨ ਕਿ ਹਾਈਵੇਅ 'ਤੇ ਸਕੇਲਾਂ 'ਤੇ ਡਰਾਈਵਰਾਂ ਨੂੰ ਰੋਕ ਕੇ ਉਨ੍ਹਾਂ ਦੀ ਇਮੀਗ੍ਰੇਸ਼ਨ ਸਥਿਤੀ ਦੀ ਜਾਂਚ ਹੋਣ ਤੱਕ ਹਿਰਾਸਤ ਵਿੱਚ ਰੱਖਿਆ ਜਾ ਰਿਹਾ ਹੈ। ਸੈਨੇਟਰ ਸ਼ਿਫ਼ ਨੇ ਇਸ ਕਾਰਵਾਈ ਦੀ ਨਿੰਦਾ ਕਰਦਿਆਂ ਕਿਹਾ ਕਿ ਇਹ ਸਰਕਾਰੀ ਕੋਸ਼ਿਸ਼ ਪ੍ਰਵਾਸੀ ਭਾਈਚਾਰਿਆਂ ਵਿੱਚ ਡਰ ਅਤੇ ਸ਼ੱਕ ਪੈਦਾ ਕਰ ਰਹੀ ਹੈ।

**ਸੈਨੇਟਰ ਵੱਲੋਂ ਮਦਦ ਦਾ ਭਰੋਸਾ**

ਸੈਨੇਟਰ ਐਡਮ ਸ਼ਿਫ਼ ਨੇ ਭਰੋਸਾ ਦਿੱਤਾ ਹੈ ਕਿ ਉਹ ਅਤੇ ਹੋਰ ਡੈਮੋਕਰੇਟ ਸੈਨੇਟਰ ਇਸ ਮੁੱਦੇ 'ਤੇ ਕੰਮ ਕਰ ਰਹੇ ਹਨ ਤਾਂ ਜੋ ਪ੍ਰਵਾਸੀ ਡਰਾਈਵਰ ਆਪਣੇ ਲਾਇਸੈਂਸ ਬਰਕਰਾਰ ਰੱਖ ਸਕਣ। ਉਨ੍ਹਾਂ ਕਿਹਾ ਕਿ ਲੋਕਾਂ ਦਾ ਕੰਮ 'ਤੇ ਨਾ ਆਉਣਾ ਅਤੇ ਟਰੱਕਾਂ ਦਾ ਖੜ੍ਹੇ ਹੋਣਾ ਕਿਸੇ ਦੇ ਵੀ ਹਿੱਤ ਵਿੱਚ ਨਹੀਂ ਹੈ।

# ਅਮਰੀਕਾ 'ਚ ਬਰਫ਼ੀਲੇ ਤੂਫ਼ਾਨ ਨੇ ਮਚਾਈ ਤਬਾਹੀ

## 30 ਵਿਅਕਤੀਆਂ ਦੀ ਮੌਤ, ਬਿਜਲੀ ਨਾ ਹੋਣ ਕਾਰਨ ਲੱਖਾਂ ਘਰਾਂ 'ਚ ਛਾਇਆ ਹਨੇਰਾ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਵਿੱਚ ਬਰਫ਼ੀਲੇ ਤੂਫ਼ਾਨ ਦੀ ਦਸਤਕ ਨਾਲ ਹਰ ਪਾਸੇ ਹਨੇਰਾ ਛਾ ਗਿਆ ਹੈ। 8 ਲੱਖ ਤੋਂ ਵੱਧ ਘਰਾਂ ਵਿੱਚ ਬਿਜਲੀ ਨਹੀਂ ਹੈ, ਜਿਸ ਕਾਰਨ ਲੱਖਾਂ ਲੋਕ ਹਨੇਰੇ ਵਿੱਚ ਰਹਿਣ ਲਈ ਮਜਬੂਰ ਹਨ। ਇਸ ਦੇ ਨਾਲ ਹੀ ਖ਼ਰਾਬ ਮੌਸਮ ਕਾਰਨ 10,000 ਤੋਂ ਵੱਧ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ।



ਬਰਫ਼ੀਲੇ ਤੂਫ਼ਾਨ ਨੇ ਅਮਰੀਕਾ ਦੇ ਪੂਰਬੀ ਹਿੱਸੇ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ। ਜ਼ਿਆਦਾਤਰ ਇਲਾਕਿਆਂ ਵਿੱਚ ਭਾਰੀ ਬਰਫ਼ਬਾਰੀ ਅਤੇ ਤੇਜ਼ ਮੀਂਹ ਦੇਖਣ ਨੂੰ ਮਿਲ ਰਿਹਾ ਹੈ। ਤਾਪਮਾਨ ਬਹੁਤ ਜ਼ਿਆਦਾ ਡਿੱਗਣ ਕਾਰਨ ਠੰਡ ਅਚਾਨਕ ਵਧ ਗਈ ਹੈ।

ਐਨ.ਡਬਲਯੂ.ਐਸ. ਨੇ ਜਾਰੀ ਕੀਤਾ ਅਲਰਟ

ਨੈਸ਼ਨਲ ਵੈਦਰ ਸਰਵਿਸ (ਐਨ.ਡਬਲਯੂ.ਐਸ.) ਨੇ ਚਿਤਾਵਨੀ ਜਾਰੀ ਕੀਤੀ ਸੀ। ਇਸ ਅਨੁਸਾਰ, ਲੋਕਾਂ ਨੂੰ ਅਜੇ ਇਸ ਬਰਫ਼ੀਲੇ ਤੂਫ਼ਾਨ ਤੋਂ ਰਾਹਤ ਮਿਲਣ ਦੇ ਕੋਈ ਆਸਾਰ ਨਹੀਂ ਹਨ। ਘਰਾਂ ਤੋਂ ਬਾਹਰ ਨਿਕਲਣਾ ਜਾਨਲੇਵਾ ਹੋ ਸਕਦਾ ਹੈ, ਇਸ ਲਈ ਲੋਕਾਂ ਨੂੰ ਅੰਦਰ ਰਹਿਣ ਦੀ ਅਪੀਲ ਕੀਤੀ ਗਈ ਹੈ। 'ਪਾਵਰ ਆਊਟੇਜ' ਦੇ ਅਨੁਸਾਰ, 8,50,000 ਲੋਕ ਬਿਨਾਂ ਬਿਜਲੀ ਦੇ ਹਨ। ਟੈਨੇਸੀ, ਮਿਸੀਸਿਪੀ, ਟੈਕਸਾਸ ਅਤੇ ਲੂਸੀਆਨਾ ਵਰਗੇ ਸ਼ਹਿਰਾਂ ਵਿੱਚ ਇਸ ਦਾ ਜ਼ਬਰਦਸਤ ਅਸਰ ਦੇਖਣ ਨੂੰ ਮਿਲ ਰਿਹਾ ਹੈ। ਕੈਂਟਕੀ, ਜਾਰਜੀਆ, ਵਰਜੀਨੀਆ ਅਤੇ ਅਲਾਬਾਮਾ ਵਰਗੇ ਸੂਬੇ ਵੀ ਬਿਜਲੀ ਗੁਲ ਹੋਣ ਦੀ (ਬਾਕੀ ਸਫ਼ਾ 26 'ਤੇ)

# ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ਅਤੇ ਚਾਰ ਹੋਰਾਂ ਦੀ ਜਹਾਜ਼ ਹਾਦਸੇ ਦੌਰਾਨ ਮੌਤ





ਮੁੰਬਈ/ ਏ.ਟੀ.ਨਿਊਜ਼: ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ਅਤੇ ਚਾਰ ਹੋਰ ਵਿਅਕਤੀਆਂ ਦੀ ਬੁੱਧਵਾਰ ਸਵੇਰੇ ਪੁਣੇ ਜ਼ਿਲ੍ਹੇ ਵਿੱਚ ਇੱਕ ਜਹਾਜ਼ ਹਾਦਸੇ ਦੌਰਾਨ ਮੌਤ ਹੋ ਗਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਅਜੀਤ ਪਵਾਰ ਦਾ ਜਹਾਜ਼ ਪੁਣੇ ਦੇ ਬਾਰਾਮਤੀ ਇਲਾਕੇ ਵਿੱਚ ਲੈਂਡ ਕਰ ਰਿਹਾ ਸੀ।

ਖ਼ਬਰਾਂ ਮੁਤਾਬਕ ਉਪ ਮੁੱਖ ਮੰਤਰੀ ਅਜੀਤ ਪਵਾਰ ਉਸ ਜਹਾਜ਼ ਵਿੱਚ ਸਵਾਰ ਹੋ ਕੇ ਕਿਸੇ ਪ੍ਰੋਗਰਾਮ ਲਈ ਬਾਰਾਮਤੀ ਜਾ ਰਹੇ ਸਨ। ਵੇਰਵਿਆਂ ਅਨੁਸਾਰ ਲੈਂਡਿੰਗ ਦੇ ਸਮੇਂ ਇਹ ਜਹਾਜ਼ ਹਾਦਸਾ ਹੋਇਆ ਹੈ।

ਡੀ ਜੀ ਸੀ ਏ (ਡਾਇਰੈਕਟੋਰੇਟ ਜਨਰਲ ਆਫ ਸਿਵਲ ਐਵੀਏਸ਼ਨ) ਦੇ ਇੱਕ ਸੀਨੀਅਰ ਅਧਿਕਾਰੀ ਨੇ ਬੁੱਧਵਾਰ ਨੂੰ ਦੱਸਿਆ ਕਿ ਲੀਅਰਜੈੱਟ 45 (Learjet DE) ਜਹਾਜ਼ ਵਿੱਚ ਹਾਦਸੇ ਸਮੇਂ ਪੰਜ ਲੋਕ ਸਵਾਰ ਸਨ—ਜਿਨ੍ਹਾਂ ਵਿੱਚ ਉਪ ਮੁੱਖ ਮੰਤਰੀ ਅਜੀਤ ਪਵਾਰ, ਦੋ ਹੋਰ ਕਰਮਚਾਰੀ (ਇੱਕ ਪੀ.ਐਸ.ਓ. ਅਤੇ ਇੱਕ ਸਹਾਇਕ) ਅਤੇ ਦੋ ਚਾਲਕ ਦਲ ਦੇ ਮੈਂਬਰ (ਪਾਇਲਟ ਇਨ-ਕਮਾਂਡ ਅਤੇ ਫਸਟ ਅਫਸਰ) ਸ਼ਾਮਲ ਸਨ। ਅਧਿਕਾਰੀ ਮੁਤਾਬਕ ਸ਼ੁਰੂਆਤੀ ਜਾਣਕਾਰੀ ਅਨੁਸਾਰ ਜਹਾਜ਼ ਵਿੱਚ ਸਵਾਰ ਕਿਸੇ ਵੀ ਵਿਅਕਤੀ ਦੀ ਜਾਨ ਨਹੀਂ ਬਚ ਸਕੀ ਹੈ ਅਤੇ ਡੀ.ਜੀ.ਸੀ.ਏ. ਦੇ ਅਧਿਕਾਰੀਆਂ ਦੀ ਇੱਕ ਟੀਮ ਹਾਦਸੇ ਵਾਲੀ ਥਾਂ ਵੱਲ ਰਵਾਨਾ ਹੋ ਗਈ ਹੈ।

# ਯੂ.ਕੇ. ਸਰਕਾਰ ਵੱਲੋਂ 'ਬ੍ਰਿਟਿਸ਼ ਐਫ਼.ਬੀ.ਆਈ.' ਬਣਾਉਣ ਦਾ ਐਲਾਨ

ਲੰਡਨ/ਏ.ਟੀ.ਨਿਊਜ਼: ਬ੍ਰਿਟਿਸ਼ ਸਰਕਾਰ ਨੇ ਕਿਹਾ ਹੈ ਕਿ ਉਹ ਇਸ ਹਫ਼ਤੇ ਇੱਕ ਨਵਾਂ ਕੌਮੀ ਪੁਲਿਸ ਬਲ ਬਣਾਉਣ ਦੀਆਂ ਯੋਜਨਾਵਾਂ ਬਾਰੇ ਖੁਲਾਸਾ ਕਰੇਗੀ, ਜਿਸ ਨੂੰ 'ਬ੍ਰਿਟਿਸ਼ ਐਫ਼.ਬੀ.ਆਈ.' ਕਿਹਾ ਜਾਵੇਗਾ। ਇਹ ਪੁਲਿਸ ਬਲ ਅੱਤਵਾਦ ਵਿਰੋਧੀ, ਧੋਖਾਧੜੀ, ਔਨਲਾਈਨ ਬਾਲ ਸ਼ੋਸ਼ਣ ਅਤੇ ਅਪਰਾਧਿਕ ਗਿਰੋਹਾਂ ਵਰਗੀਆਂ ਗੁੰਝਲਦਾਰ ਜਾਂਚਾਂ ਦੀ ਜ਼ਿੰਮੇਵਾਰੀ ਸੰਭਾਲੇਗਾ। ਰਾਸ਼ਟਰੀ ਪੁਲਿਸ ਸੇਵਾ ਅੱਤਵਾਦ ਅਤੇ ਅਪਰਾਧ ਨਾਲ ਨਜਿੱਠਣ ਵਾਲੀਆਂ ਮੌਜੂਦਾ ਏਜੰਸੀਆਂ, ਪੁਲਿਸ ਹੈਲੀਕਾਪਟਰਾਂ ਅਤੇ ਸੜਕਾਂ ਦੀ ਪੁਲੀਸਿੰਗ, ਅਤੇ ਇੰਗਲੈਂਡ ਅਤੇ ਵੇਲਜ਼ ਵਿੱਚ ਖੇਤਰੀ ਸੰਗਠਿਤ ਅਪਰਾਧ ਇਕਾਈਆਂ ਦੇ ਕੰਮ ਨੂੰ ਇੱਕੋ ਛਤਰੀ ਹੇਠ ਲਿਆਏਗੀ। ਗ੍ਰਹਿ ਸਕੱਤਰ ਸ਼ਬਾਨਾ ਮਹਿਮੂਦ ਨੇ ਕਿਹਾ ਕਿ ਨਵੀਂ ਸੰਸਥਾ ਇੰਗਲੈਂਡ ਅਤੇ ਵੇਲਜ਼ ਵਿੱਚ 43 ਸਥਾਨਕ ਪੁਲੀਸ ਬਲਾਂ 'ਤੇ ਬੋਝ ਨੂੰ ਘਟਾਏਗੀ, ਜਿਸ ਨਾਲ ਉਨ੍ਹਾਂ ਨੂੰ ਆਪਣੇ ਅਧਿਕਾਰ ਖੇਤਰਾਂ ਵਿੱਚ ਰੋਜ਼ਾਨਾ ਹੋਣ ਵਾਲੇ ਅਪਰਾਧਾਂ 'ਤੇ ਧਿਆਨ ਕੇਂਦਰਤ ਕਰਨ ਵਿੱਚ ਮਦਦ ਮਿਲੇਗੀ। ਮਹਿਮੂਦ ਨੇ ਕਿਹਾ, "ਕੁਝ ਸਥਾਨਕ ਬਲਾਂ ਕੋਲ ਧੋਖਾਧੜੀ, ਔਨਲਾਈਨ ਬਾਲ ਸ਼ੋਸ਼ਣ ਜਾਂ ਸੰਗਠਿਤ ਅਪਰਾਧਿਕ ਗਿਰੋਹਾਂ ਵਰਗੇ ਗੁੰਝਲਦਾਰ (ਬਾਕੀ ਸਫ਼ਾ 26 'ਤੇ)

# ਭਾਰਤ ਤੇ ਯੂਰੋਪੀਅਨ ਯੂਨੀਅਨ ਵਿਚਾਲੇ ਮੁਕਤ ਵਪਾਰ ਸਮਝੌਤਾ

## ਦਹਾਕਿਆਂ ਬਾਅਦ ਸਿਰੇ ਚੜ੍ਹੀ ਵਾਰਤਾ; ਸਮਝੌਤਾ 2027 ਤੱਕ ਲਾਗੂ ਹੋਵੇਗਾ

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤ ਅਤੇ ਯੂਰੋਪੀਅਨ ਯੂਨੀਅਨ (ਈ ਯੂ) ਵਿਚਾਲੇ ਦੋ ਦਹਾਕਿਆਂ ਤੋਂ ਵੱਧ ਸਮੇਂ ਤੱਕ ਚੱਲੀ ਗੁੰਝਲਦਾਰ ਗੱਲਬਾਤ ਮਗਰੋਂ ਅੱਜ ਇਤਿਹਾਸਕ ਮੁਕਤ ਵਪਾਰ ਸਮਝੌਤਾ (ਐੱਫ ਟੀ ਏ) ਸਿਰੇ ਚੜ੍ਹ ਗਿਆ ਹੈ। ਇਸ ਤਹਿਤ 93 ਫੀਸਦੀ ਤੋਂ ਵੱਧ ਭਾਰਤੀ ਵਸਤਾਂ ਬਿਨਾਂ ਟੈਕਸ ਤੋਂ 27 ਯੂਰੋਪੀਅਨ ਦੇਸ਼ਾਂ ਵਿੱਚ ਭੇਜੀਆਂ ਜਾ ਸਕਣਗੀਆਂ। ਇਸੇ ਤਰ੍ਹਾਂ ਭਾਰਤ 25 ਲੱਖ ਰੁਪਏ ਤੋਂ ਮਹਿੰਗੀਆਂ ਗੱਡੀਆਂ ’ਤੇ ਲੱਗਣ ਵਾਲੀ ਦਰਾਮਦ ਡਿਊਟੀ ਘਟਾ ਕੇ 10 ਫੀਸਦੀ ਤੱਕ ਲੈ ਆਵੇਗਾ, ਜਿਸ ਮਗਰੋਂ ਭਾਰਤ ਵਿੱਚ ਯੂਰੋਪੀਅਨ ਲਗਜ਼ਰੀ ਕਾਰਾਂ ਸਸਤੀਆਂ ਹੋ ਜਾਣਗੀਆਂ। ਯੂਰੋਪੀਅਨ ਵਾਈਨ ਅਤੇ ਹੋਰ ਪ੍ਰਾਸੈਸਡ ਫੂਡ ਵੀ ਸਸਤਾ ਹੋਵੇਗਾ। ‘ਸਾਰੇ ਸੌਦਿਆਂ ਦੀ ਮਾਂ’ ਦੱਸਿਆ ਜਾ ਰਿਹਾ ਇਹ ਸਮਝੌਤਾ ਇਸ ਸਾਲ ਦੇ ਅੰਤ ਤੱਕ ਸਹੀਬੱਧ ਹੋਣ ਅਤੇ 2027 ਦੀ ਸ਼ੁਰੂਆਤ ਵਿੱਚ ਲਾਗੂ ਹੋਣ ਦੀ ਉਮੀਦ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਯੂਰੋਪੀਅਨ ਯੂਨੀਅਨ ਦੇ ਸਿਖਰਲੇ ਆਗੂਆਂ ਉਰਸੂਲਾ ਵੌਨ ਡੇਰ ਲੇਯਨ ਅਤੇ ਅੰਤੋਨੀਓ ਕੌਸਟਾ ਨਾਲ ਗੱਲਬਾਤ ਤੋਂ ਬਾਅਦ ਇਸ ਸਮਝੌਤੇ ਦਾ ਐਲਾਨ ਕੀਤਾ। ਉਨ੍ਹਾਂ ਕਿਹਾ, ‘ਇਹ ਸਿਰਫ਼ ਵਪਾਰਕ ਸਮਝੌਤਾ ਨਹੀਂ ਹੈ, ਸਗੋਂ ਸਾਂਝੀ ਖ਼ੁਸ਼ਹਾਲੀ ਦਾ ਨਵਾਂ ਖਾਕਾ ਹੈ।” ਵਣਜ ਮੰਤਰੀ ਪਿਊਸ਼ ਗੋਇਲ ਮੁਤਾਬਕ ਇਹ ਸਮਝੌਤਾ ਭਾਰਤੀ ਬਰਾਮਦਕਾਰਾਂ ਲਈ 20 ਖਰਬ ਡਾਲਰ ਦੇ ਯੂਰੋਪੀਅਨ ਬਾਜ਼ਾਰ ਦੇ ਦਰਵਾਜ਼ੇ ਖੋਲ੍ਹੇਗਾ। ਇਸ ਤਹਿਤ ਆਟੋਮੋਬਾਈਲ ਤੇ ਸਟੀਲ ਵਰਗੇ ਕੁਝ ਚੋਣਵੇਂ ਖੇਤਰਾਂ ਨੂੰ ਛੱਡ ਕੇ ਤਕਰੀਬਨ ਸਾਰੀਆਂ ਭਾਰਤੀ ਵਸਤਾਂ (93 ਫੀਸਦੀ ਤੋਂ ਵੱਧ) ਨੂੰ ਯੂਰੋਪੀਅਨ ਯੂਨੀਅਨ ’ਚ ਜ਼ੀਰੋ ਡਿਊਟੀ ਦਾ ਲਾਭ ਮਿਲੇਗਾ। ਬਾਕੀ ਬਚਦੇ 6 ਫੀਸਦੀ ਹਿੱਸੇ ਲਈ ਵੀ ਭਾਰਤੀ ਬਰਾਮਦਕਾਰਾਂ ਨੂੰ ਟੈਰਿਫ ’ਚ ਕਟੌਤੀ ਤੇ ਕੋਟਾ ਆਧਾਰਿਤ ਛੋਟਾਂ ਮਿਲਣਗੀਆਂ। ਮੌਜੂਦਾ ਸਮੇਂ ਯੂਰੋਪੀਅਨ ਯੂਨੀਅਨ ਦਾ ਭਾਰਤੀ ਵਸਤਾਂ ’ਤੇ ਔਸਤ ਟੈਰਿਫ 3.8 ਫੀਸਦੀ ਹੈ, ਜੋ ਸਮਝੌਤੇ ਤਹਿਤ ਘਟ ਕੇ 0.1 ਫੀਸਦੀ ਰਹਿ ਜਾਵੇਗਾ।



ਜਿੱਥੇ ਭਾਰਤੀ ਕੱਪੜੇ, ਚਮੜਾ, ਗਹਿਣੇ ਅਤੇ ਰਸਾਇਣ ਡਿਊਟੀ ਮੁਕਤ ਹੋਣਗੇ, ਉੱਥੇ ਹੀ ਭਾਰਤ ਯੂਰੋਪੀਅਨ ਵਾਹਨਾਂ, ਮਸ਼ੀਨਰੀ ਅਤੇ ਪ੍ਰਾਸੈਸਡ ਫੂਡ (ਜਿਵੇਂ ਪਾਸਤਾ, ਚਾਕਲੇਟ, ਬਿਸਕੁਟ) ’ਤੇ ਟੈਰਿਫ ਘਟਾਏਗਾ। ਭਾਰਤ ਨੇ ਡੇਅਰੀ ਤੇ ਅਨਾਜ ਵਰਗੇ ਖੇਤਰਾਂ ਨੂੰ ਸੁਰੱਖਿਅਤ ਰੱਖਿਆ ਹੈ।ਸੇਵਾਵਾਂ ਦੇ ਖੇਤਰ ’ਚ ਯੂਰੋਪੀਅਨ ਨੇ ਭਾਰਤੀ ਪੇਸ਼ੇਵਰਾਂ ਲਈ 144 ਉਪ-ਖੇਤਰ ਖੋਲ੍ਹੇ ਹਨ, ਜਦਕਿ ਭਾਰਤ ਨੇ 102 ਖੇਤਰਾਂ ’ਚ ਛੋਟ ਦਿੱਤੀ ਹੈ। ਇਸ ਤੋਂ ਇਲਾਵਾ ਭਾਰਤੀ ਵਿਦਿਆਰਥੀਆਂ ਲਈ ਪੜ੍ਹਾਈ ਤੋਂ ਬਾਅਦ ਕੰਮ ਕਰਨ ਦੇ ਵੀਜ਼ਾ ਨਿਯਮਾਂ ’ਚ ਵੀ ਢਿੱਲ ਮਿਲੇਗੀ।

## ਵਪਾਰ ਸਮਝੌਤੇ ਵਿੱਚ ਭਾਰਤ ਸਿਖਰ ’ਤੇ ਰਿਹਾ: ਟਰੰਪ ਪ੍ਰਸ਼ਾਸਨ

ਨਿਊਯਾਰਕ/ਏ.ਟੀ.ਨਿਊਜ਼: ਅਮਰੀਕੀ ਵਪਾਰ ਪ੍ਰਤੀਨਿਧ ਜੈਮੀਸਨ ਗ੍ਰੀਰ ਨੇ ਯੂਰਪੀ ਸੰਘ (ਈ ਯੂ) ਨਾਲ ਹੋਏ ਵਪਾਰਕ ਸਮਝੌਤੇ ’ਤੇ ਟਰੰਪ ਪ੍ਰਸ਼ਾਸਨ ਦੀ ਪਹਿਲੀ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਹੈ ਕਿ ਭਾਰਤ ਇਸ ਸਮਝੌਤੇ ਵਿੱਚ ਸਿਖਰ ’ਤੇ ਰਿਹਾ ਹੈ ਅਤੇ ਇਸ ਨਾਲ ਭਾਰਤ ਦੇ ਬਹੁਤ ਵਧੀਆ ਦਿਨ ਆਉਣ ਵਾਲੇ ਹਨ। ਗ੍ਰੀਰ ਮੰਗਲਵਾਰ ਨੂੰ ਭਾਰਤ ਅਤੇ ਯੂਰਪੀ ਸੰਘ ਵਿਚਕਾਰ ਹੋਏ ਇਸ ਮੁਕਤ ਵਪਾਰ ਸਮਝੌਤੇ, ਜਿਸ ਨੂੰ ‘ਸਾਰੇ ਸਮਝੌਤਿਆਂ ਦੀ ਮਾਂ’ ਕਿਹਾ ਜਾ ਰਿਹਾ ਹੈ, ਬਾਰੇ ਪੁੱਛੇ ਗਏ ਇੱਕ ਸਵਾਲ ਦਾ ਜਵਾਬ ਦੇ ਰਹੇ ਸਨ।

ਫੌਕਸ ਬਿਜ਼ਨਸ ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਉਨ੍ਹਾਂ ਕਿਹਾ, ‘ਮੈਂ ਹੁਣ ਤੱਕ ਸਮਝੌਤੇ ਦੇ ਕੁਝ ਵੇਰਵਿਆਂ ਨੂੰ ਦੇਖਿਆ ਹੈ। ਮੈਨੂੰ ਲੱਗਦਾ ਹੈ ਕਿ ਸਪੱਸ਼ਟ ਤੌਰ ’ਤੇ ਭਾਰਤ ਇਸ ਵਿੱਚ ਸਿਖਰ ’ਤੇ ਆਇਆ ਹੈ। ਉਨ੍ਹਾਂ ਨੂੰ ਯੂਰਪ ਵਿੱਚ ਵਧੇਰੇ ਮਾਰਕੀਟ ਪਹੁੰਚ ਮਿਲੀ ਹੈ।’ ਗ੍ਰੀਰ ਨੇ ਅੱਗੇ ਕਿਹਾ ਕਿ ਅਜਿਹਾ ਲੱਗਦਾ ਹੈ ਕਿ ਭਾਰਤ ਨੂੰ ਕੁਝ ਵਾਧੂ ਇਮੀਗ੍ਰੇਸ਼ਨ ਅਧਿਕਾਰ ਵੀ ਮਿਲੇ ਹਨ ਅਤੇ ਯੂਰਪੀ ਸੰਘ ਦੀ ਪ੍ਰਧਾਨ ਉਰਸੁਲਾ ਵਾਨ ਡੇਰ ਲੇਅਨ ਨੇ ਭਾਰਤੀ ਕਾਮਿਆਂ ਦੀ ਯੂਰਪ ਵਿੱਚ ਗਤੀਸ਼ੀਲਤਾ ਬਾਰੇ ਗੱਲ ਕੀਤੀ ਹੈ, ਜਿਸ ਨਾਲ ਘੱਟ ਲਾਗਤ ਵਾਲੀ ਲੇਬਰ ਵਾਲੇ ਭਾਰਤ ਨੂੰ ਵੱਡਾ ਫਾਇਦਾ ਹੋਵੇਗਾ।

## ਵਪਾਰ ਸਮਝੌਤੇ ਨਾਲ ਪੰਜਾਬ ਦੇ ਐਮ.ਐਸ.ਐਮ.ਈ. ਖੇਤਰ ’ਚ ਆਵੇਗੀ ਕ੍ਰਾਂਤੀ

### ਲੁਧਿਆਣਾ ਦੀ ਗਾਰਮੈਂਟ ਇੰਡਸਟਰੀ ਅਤੇ ਜਲੰਧਰ ਦੇ ਖੇਡਾਂ ਦੇ ਸਾਮਾਨ ਤੇ ਇੰਜੀਨੀਅਰਿੰਗ ਬਰਾਮਦ ਨੂੰ ਮਿਲੇਗਾ ਵੱਡਾ ਹੁਲਾਰਾ

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤ ਅਤੇ 27 ਦੇਸ਼ਾਂ ਵਾਲੇ ਯੂਰੋਪੀਅਨ ਯੂਨੀਅਨ ਵਿਚਾਲੇ ਹੋਏ ਵਪਾਰਕ ਸਮਝੌਤੇ ਨਾਲ 6 ਮੁੱਖ ਖੇਤਰਾਂ ਅਤੇ 6 ਤੋਂ ਵੱਧ ਰਾਜਾਂ ਨੂੰ ਭਾਰੀ ਲਾਭ ਹੋਣ ਜਾ ਰਿਹਾ ਹੈ। ਇਨ੍ਹਾਂ ਸੈਕਟਰਾਂ ਵਿੱਚ ਲਘੂ ਤੇ ਦਰਮਿਆਨੇ ਉਦਯੋਗਾਂ (ਐਮ.ਐਸ.ਐਮ.ਈ.) ਦੀ ਹਿੱਸੇਦਾਰੀ 50 ਪ੍ਰਤੀਸ਼ਤ ਤੋਂ ਵੱਧ ਹੈ।

ਟੈਕਸਟਾਈਲ (ਕੱਪੜਾ ਉਦਯੋਗ): ਯੂਰੋਪੀਅਨ ਯੂਨੀਅਨ ਵਿੱਚ ਇਸ ’ਤੇ ਲੱਗਣ ਵਾਲੀ 12% ਡਿਊਟੀ ਹੁਣ ਜ਼ੀਰੋ ਹੋ ਜਾਵੇਗੀ। ਇਸ ਨਾਲ ਲੁਧਿਆਣਾ (ਪੰਜਾਬ) ਦੀ ਗਾਰਮੈਂਟ ਇੰਡਸਟਰੀ ਅਤੇ ਜਲੰਧਰ ਦੇ ਖੇਡਾਂ ਦੇ ਸਾਮਾਨ ਤੇ ਇੰਜੀਨੀਅਰਿੰਗ ਨਿਰਯਾਤ ਨੂੰ ਵੱਡਾ ਹੁਲਾਰਾ ਮਿਲੇਗਾ।

ਕੈਮੀਕਲਸ ਤੇ ਫਾਰਮਾ: 13% ਤੱਕ ਲੱਗਣ ਵਾਲਾ ਟੈਕਸ ਖ਼ਤਮ ਹੋ ਕੇ ਜ਼ੀਰੋ ਹੋ ਜਾਵੇਗਾ। ਇਸ ਨਾਲ ਗੁਜਰਾਤ ਦੇ ਭਰੂਚ ਅਤੇ ਵਡੋਦਰਾ ਦੇ ਕੈਮੀਕਲ ਉਦਯੋਗ ਨੂੰ ਫ਼ਾਇਦਾ ਹੋਵੇਗਾ।

ਲੈਦਰ (ਚਮੜਾ) ਫੁਟਵੀਅਰ: ਇਸ ’ਤੇ ਲੱਗਣ ਵਾਲੀ 17% ਡਿਊਟੀ ਖ਼ਤਮ ਹੋਵੇਗੀ। ਕਾਨਪੁਰ, ਆਗਰਾ ਅਤੇ ਸਹਾਰਨਪੁਰ ਦੇ ਚਮੜਾ ਉਦਯੋਗਾਂ ਨੂੰ ਯੂਰਪੀ ਬਾਜ਼ਾਰ ਵਿੱਚ ਵੱਡਾ ਮੌਕਾ ਮਿਲੇਗਾ।

ਸਮੁੰਦਰੀ ਉਤਪਾਦ (ਸੀ ਫੂਡਸ): ਭਾਰਤੀ ਸਮੁੰਦਰੀ ਉਤਪਾਦਾਂ ’ਤੇ ਲੱਗਣ ਵਾਲਾ 26% ਟੈਕਸ ਹੁਣ ਜ਼ੀਰੋ ਹੋ ਜਾਵੇਗਾ, ਜਿਸ ਨਾਲ ਬੰਗਾਲ ਅਤੇ ਆਂਧਰਾ ਪ੍ਰਦੇਸ਼ ਤੋਂ ਨਿਰਯਾਤ ਵਧੇਗਾ।

ਜੇਮਸ ਤੇ ਜਵੈਲਰੀ: 4% ਟੈਕਸ ਖ਼ਤਮ ਹੋਣ ਨਾਲ ਗੁਜਰਾਤ (ਸੂਰਤ) ਅਤੇ ਰਾਜਸਥਾਨ ਦੇ ਹੈਂਡੀਕ੍ਰਾਫਟ ਉਦਯੋਗ ਨੂੰ ਲਾਭ ਹੋਵੇਗਾ।

ਪਲਾਸਟਿਕ ਤੇ ਰਬੜ: 6% ਟੈਕਸ ਜ਼ੀਰੋ ਹੋਣ ਨਾਲ ਨਿਰਯਾਤ ਵਧਣ ਦੀ ਪੂਰੀ ਸੰਭਾਵਨਾ ਹੈ।

ਵਿਦੇਸ਼ੀ ਕਾਰਾਂ ਅਤੇ ਵਾਈਨ ’ਤੇ ਟੈਕਸ ਹੋਵੇਗਾ ਘੱਟ:

ਕਾਰਾਂ: ਯੂਰੋਪੀਅਨ ਯੂਨੀਅਨ ਤੋਂ ਆਉਣ ਵਾਲੀਆਂ ਕਾਰਾਂ ’ਤੇ ਲੱਗਣ ਵਾਲਾ 100-125% ਟੈਕਸ ਅਗਲੇ 7 ਸਾਲਾਂ ਵਿੱਚ ਘਟਾ ਕੇ 10% ਤੱਕ ਲਿਆਂਦਾ ਜਾਵੇਗਾ (ਸਿਰਫ਼ 2.5 ਲੱਖ ਕਾਰਾਂ ਲਈ)।

ਵਾਈਨ ਤੇ ਸ਼ਰਾਬ: ਵਾਈਨ ’ਤੇ 150% ਟੈਕਸ ਨੂੰ 7-10 ਸਾਲਾਂ ਵਿੱਚ ਘਟਾ ਕੇ 30% ਅਤੇ ਬੀਅਰ ’ਤੇ 110% ਟੈਕਸ ਨੂੰ 50% ਕੀਤਾ ਜਾਵੇਗਾ।

ਅਮਿਤ ਸ਼ਾਹ ਨੇ ਦੱਸਿਆ ‘ਰਣਨੀਤਕ ਸਫ਼ਲਤਾ’

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਸ ਸਮਝੌਤੇ ਨੂੰ ਭਾਰਤ ਦੀ ਇੱਕ ਵੱਡੀ ਰਣਨੀਤਕ ਜਿੱਤ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ‘ਆਤਮ-ਨਿਰਭਰ ਭਾਰਤ’ ਦੇ ਮਿਸ਼ਨ ਨੂੰ ਮਜ਼ਬੂਤ ਕਰੇਗਾ ਅਤੇ ‘ਵਿਕਸਿਤ ਭਾਰਤ 2047’ ਦੇ ਵਿਜ਼ਨ ਦੇ ਅਨੁਸਾਰ ਖ਼ੁਸ਼ਹਾਲੀ ਦੇ ਨਵੇਂ ਯੁੱਗ ਦੀ ਸ਼ੁਰੂਆਤ ਕਰੇਗਾ।



# ਭਾਰਤੀ ਨਿਆਂ ਪ੍ਰਣਾਲੀ ’ਤੇ ਘੱਟਗਿਣਤੀਆਂ ਦਾ ਵਿਸ਼ਵਾਸ ਕਿਉਂ ਹੋਇਆ ਡਾਵਾਂਡੋਲ?

## ਅੰਮ੍ਰਿਤਪਾਲ ਸਿੰਘ ਅਤੇ ਉਮਰ ਖਾਲਿਦ ਦੀ ਰਿਹਾਈ ’ਚ ਅੜਚਣਾਂ ਤੇ ਜੇਲ੍ਹ ਅਤੇ ਕਾਲੇ ਕਾਨੂੰਨਾਂ ਦਾ ਲੰਮਾ ਦੌਰ ਕਿਉਂ?

## ਨਿਆਂ ਪ੍ਰਣਾਲੀ ਦੀਆਂ ਕਮੀਆਂ ਸਿੱਖ ਕੌਮ ਦੇ ਦਰਦ ਦਾ ਕਾਰਨ ਬਣੀਆਂ

ਭਾਰਤ ਵਿੱਚ ਨਿਆਂ ਪ੍ਰਣਾਲੀ ਨੂੰ ਲੋਕਤੰਤਰ ਦਾ ਮਜ਼ਬੂਤ ਥੰਮ੍ਹ ਮੰਨਿਆ ਜਾਂਦਾ ਹੈ, ਪਰ ਘੱਟਗਿਣਤੀ ਕੌਮਾਂ, ਖ਼ਾਸ ਕਰਕੇ ਸਿੱਖਾਂ ਵਿੱਚ ਪੈਦਾ ਹੋ ਰਹੀ ਨਿਰਾਸ਼ਾ ਨੇ ਇਸ ਦੀ ਨਿਰਪੱਖਤਾ ’ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। 1984 ਦੇ ਸਿੱਖ ਵਿਰੋਧੀ ਕਤਲੇਆਮ ਤੋਂ ਲੈ ਕੇ ਅੰਮ੍ਰਿਤਪਾਲ ਸਿੰਘ ਅਤੇ ਉਮਰ ਖ਼ਾਲਿਦ ਵਰਗੇ ਹਾਲੀਆ ਮਾਮਲਿਆਂ ਤੱਕ, ਅਦਾਲਤੀ ਦੇਰੀ ਅਤੇ ਸਖ਼ਤ ਕਾਨੂੰਨਾਂ ਦੇ ਦੌਰ ਨੇ ਨਿਆਂ ਲਈ ਇੱਕ ਵੱਡੀ ਖਾਈ ਪੈਦਾ ਕਰ ਦਿੱਤੀ ਹੈ।

**1984 ਕਤਲੇਆਮ: 42 ਸਾਲਾਂ ਬਾਅਦ ਵੀ ਲੂਣ ਛਿੜਕਦੇ ਫ਼ੈਸਲੇ**

ਨਵੰਬਰ 1984 ਦਾ ਕਤਲੇਆਮ ਭਾਰਤੀ ਇਤਿਹਾਸ ਦਾ ਉਹ ਕਾਲਾ ਪੰਨਾ ਹੈ ਜਿਸ ਦੇ ਜ਼ਖ਼ਮ ਅੱਜ ਵੀ ਅੱਲ੍ਹੇ ਹਨ। ਹਾਲ ਹੀ ਵਿੱਚ ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਵੱਲੋਂ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਜਨਕਪੁਰੀ ਅਤੇ ਵਿਕਾਸਪੁਰੀ ਹਿੰਸਾ ਮਾਮਲੇ ਵਿੱਚ ਬਰੀ ਕਰਨ ਦੇ ਫ਼ੈਸਲੇ ਨੇ ਪੀੜਤ ਪਰਿਵਾਰਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ।

**ਅੰਕੜਿਆਂ ਦੀ ਗਵਾਹੀ:** ਕਤਲੇਆਮ ਦੌਰਾਨ 2,733 ਸਿੱਖ ਮਾਰੇ ਗਏ, 587 ਐਫ.ਆਈ.ਆਰ. ਦਰਜ ਹੋਈਆਂ, ਪਰ ਸਿਰਫ਼ 28 ਮਾਮਲਿਆਂ ਵਿੱਚ ਹੀ ਦੋਸ਼ੀਆਂ ਨੂੰ ਸਜ਼ਾਵਾਂ ਹੋ ਸਕੀਆਂ।

**ਪੀੜਤਾਂ ਦਾ ਦਰਦ:** ਕੇਸ ਵਿੱਚ ਸੋਹਨ ਸਿੰਘ ਅਤੇ ਅਵਤਾਰ ਸਿੰਘ ਦੇ ਕਤਲ ਅਤੇ ਗੁਰਚਰਨ ਸਿੰਘ ਨੂੰ ਅੱਗ ਲਾਉਣ ਦੇ ਦੋਸ਼ ਸਨ। ਅਦਾਲਤ ਨੇ ਮਰਡਰ ਚਾਰਜ ਨੂੰ ਖਾਰਜ ਕਰ ਦਿੱਤਾ ਅਤੇ ਕਿਹਾ ਕਿ ਸਬੂਤ ਕਾਫ਼ੀ ਨਹੀਂ ਹਨ। ਸੱਜਣ ਕੁਮਾਰ ਨੇ ਕਿਹਾ ਸੀ ਕਿ ਉਹ ਨਿਰਦੋਸ਼ ਹਨ ਅਤੇ ਮੌਕੇ ’ਤੇ ਨਹੀਂ ਸਨ। ਪਰ ਪੀੜਤਾਂ ਨੇ ਕਿਹਾ ਕਿ ਇਹ ਅਨਿਆਂ ਹੈ ਅਤੇ ਉਨ੍ਹਾਂ ਨੇ ਆਪਣੇ ਪਰਿਵਾਰਾਂ ਨੂੰ ਗੁਆਇਆ ਹੈ। ਅਦਾਲਤ ਬਾਹਰ ਰੋਸ ਪ੍ਰਦਰਸ਼ਨ ਕਰ ਰਹੀ ਪੀੜਤ ਸਿੱਖ ਬੀਬੀ ਨੇ ਭਰੇ ਮਨ ਨਾਲ ਕਿਹਾ, ‘ਮੇਰੇ ਪਰਿਵਾਰ ਦੇ 7 ਜੀਅ ਮਾਰੇ ਗਏ, ਪਰ 42 ਸਾਲ ਬਾਅਦ ਵੀ ਸਾਨੂੰ ਸਿਰਫ਼ ਤਾਰੀਖਾਂ ਮਿਲੀਆਂ, ਇਨਸਾਫ਼ ਨਹੀਂ।’

ਇਹ ਮਸਲਾ ਨਿਆਂ ਪ੍ਰਣਾਲੀ ਦੀ ਕਮਜ਼ੋਰੀ ਨੂੰ ਦਰਸਾਉਂਦਾ ਹੈ, ਜਿੱਥੇ ਸਬੂਤ ਗਾਇਬ ਹੋ ਜਾਂਦੇ ਹਨ ਅਤੇ ਪ੍ਰਕਿਰਿਆ ਲੰਮੀ ਹੋ ਜਾਂਦੀ ਹੈ। ਸਿੱਖ ਕੌਮ ਨੂੰ ਲੱਗਦਾ ਹੈ ਕਿ ਇਹ ਵਿਤਕਰਾ ਹੈ ਅਤੇ ਨਿਆਂ ਨੂੰ ਸਿਆਸੀ ਪ੍ਰਭਾਵ ਨਾਲ ਬਦਲਿਆ ਜਾ ਰਿਹਾ ਹੈ।

**ਅੰਮ੍ਰਿਤਪਾਲ ਸਿੰਘ ਅਤੇ ਉਮਰ ਖ਼ਾਲਿਦ: ਕੌਮੀ ਸੁਰੱਖਿਆ ਬਨਾਮ ਸੰਵਿਧਾਨਕ ਹੱਕ**

ਅਜੋਕੇ ਸਮੇਂ ਵਿੱਚ ਅੰਮ੍ਰਿਤਪਾਲ ਸਿੰਘ ਅਤੇ ਉਮਰ ਖ਼ਾਲਿਦ ਦੇ ਕੇਸ ਨਿਆਂ ਪ੍ਰਣਾਲੀ ਦੀ ਕਾਰਜਪ੍ਰਣਾਲੀ ’ਤੇ ਸਵਾਲ ਚੁੱਕਦੇ ਹਨ:



**ਅੰਮ੍ਰਿਤਪਾਲ ਸਿੰਘ:** ਖਡੂਰ ਸਾਹਿਬ ਤੋਂ ਵੱਡੀ ਜਿੱਤ ਦਰਜ ਕਰਨ ਵਾਲੇ ਚੁਣੇ ਹੋਏ ਲੋਕ ਸਭਾ ਮੈਂਬਰ ਹੋਣ ਦੇ ਬਾਵਜੂਦ, ਉਹ ਐੱਨ.ਐੱਸ.ਏ. ਤਹਿਤ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹਨ। ਉਨ੍ਹਾਂ ਦੇ ਹਲਕੇ ਦੇ 19 ਲੱਖ ਵੋਟਰਾਂ ਦੀ ਆਵਾਜ਼ ਸੰਸਦ ਵਿੱਚ ਗੂੰਜਣ ਤੋਂ ਵਾਂਝੀ ਹੈ। ਅਦਾਲਤ ਵੱਲੋਂ ਫ਼ੈਸਲਾ ਸਰਕਾਰ ’ਤੇ ਛੱਡਣਾ ਇੱਕ ਵੱਖਰੀ ਬਹਿਸ ਨੂੰ ਜਨਮ ਦਿੰਦਾ ਹੈ।

**ਉਮਰ ਖ਼ਾਲਿਦ:** ਪਿਛਲੇ ਪੰਜ ਸਾਲਾਂ ਤੋਂ ਬਿਨਾਂ ਮੁਕੱਦਮੇ ਦੇ ਜੇਲ੍ਹ ਵਿੱਚ ਬੰਦ ਖ਼ਾਲਿਦ ਦਾ ਮਾਮਲਾ ਨਿਆਂ ਵਿੱਚ ਦੇਰੀ ਦੀ ਇੱਕ ਪ੍ਰਤੱਖ ਮਿਸਾਲ ਹੈ। ਜਦੋਂ ਸਬੂਤ ਕਮਜ਼ੋਰ ਹੋਣ ਅਤੇ ਫਿਰ ਵੀ ਜ਼ਮਾਨਤ ਨਾ ਮਿਲੇ, ਤਾਂ ਇਹ ਨਾਗਰਿਕ ਅਧਿਕਾਰਾਂ ਦੀ ਉਲੰਘਣਾ ਪ੍ਰਤੀਤ ਹੁੰਦੀ ਹੈ।

ਸਾਬਕਾ ਚੀਫ ਜਸਟਿਸ ਡੀ.ਵਾਈ. ਚੰਦਰਚੂੜ ਨੇ ਵੀ ਮੰਨਿਆ ਕਿ ਉਨ੍ਹਾਂ ਨੂੰ ਜ਼ਮਾਨਤ ਨਾ ਦੇਣਾ ਗਲਤ ਹੈ ਅਤੇ ਸਬੂਤ ਕਮਜ਼ੋਰ ਹਨ। ਇਹ ਕੇਸ ਘੱਟਗਿਣਤੀ ਨੌਜਵਾਨਾਂ ਨੂੰ ਲੰਮੇ ਸਮੇਂ ਤੱਕ ਜੇਲ੍ਹ ਵਿੱਚ ਰੱਖਣ ਦੀ ਨੀਤੀ ਨੂੰ ਦਰਸਾਉਂਦੇ ਹਨ, ਜਿੱਥੇ ਨਿਆਂ ਵਿੱਚ ਦੇਰੀ ਨੇ ਜ਼ਿੰਦਗੀਆਂ ਬਰਬਾਦ ਕਰ ਦਿੱਤੀਆਂ ਹਨ।

ਦੋਵੇਂ ਮਾਮਲੇ ਇਹ ਦਰਸਾਉਂਦੇ ਹਨ ਕਿ ਘੱਟਗਿਣਤੀ ਨੌਜਵਾਨਾਂ ਨੂੰ ਕੌਮੀ ਸੁਰੱਖਿਆ ਕਾਨੂੰਨਾਂ ਤਹਿਤ ਬੰਦ ਕਰਕੇ ਨਿਆਂ ਨੂੰ ਲਟਕਾਇਆ ਜਾ ਰਿਹਾ ਹੈ। ਨੇਤਾਵਾਂ ਨੇ ਅਜਿਹੇ ਕਾਨੂੰਨ ਪਾਸ ਕੀਤੇ ਜੋ ਨਿਰਦੋਸ਼ ਹੋਣ ਦੀ ਧਾਰਨਾ ਨੂੰ ਕਮਜ਼ੋਰ ਕਰਦੇ ਹਨ। ਅਦਾਲਤਾਂ ਵੀ ਨਿਰਾਸ਼ ਕਰ ਰਹੀਆਂ ਹਨ, ਜਿੱਥੇ ਹੇਠਲੀਆਂ ਅਦਾਲਤਾਂ ਜ਼ਮਾਨਤ ਦੇਣ ਤੋਂ ਹਿਚਕਿਚਾਉਂਦੀਆਂ ਹਨ। ਇਹ ਸਥਿਤੀ ਨਿਆਂ ਦੇ ਸੱਚ ਨੂੰ ਤੋੜ ਰਹੀ ਹੈ ਅਤੇ (ਬਾਕੀ ਸਫ਼ਾ 26 ’ਤੇ)

## 1984 ਸਿੱਖ ਨਸਲਕੁਸ਼ੀ ਦੇ 2 ਮਾਮਲਿਆਂ ’ਚ ਸੱਜਣ ਕੁਮਾਰ ਬਰੀ

ਨਵੀਂ ਦਿੱਲੀ/ਏ.ਟੀ.ਨਿਊਜ਼: ਦਿੱਲੀ ਦੀ ਅਦਾਲਤ ਨੇ 1984 ਦੇ ਸਿੱਖ ਦੰਗਿਆਂ ਦੌਰਾਨ ਰਾਜਧਾਨੀ ਦੇ ਜਨਕਪੁਰੀ ਅਤੇ ਵਿਕਾਸਪੁਰੀ ਇਲਾਕਿਆਂ ਵਿੱਚ ਹੋਈ ਹਿੰਸਾ ਨਾਲ ਸਬੰਧਿਤ ਮਾਮਲੇ ਵਿੱਚ ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਬਰੀ ਕਰ ਦਿੱਤਾ ਹੈ।

ਵਿਸ਼ੇਸ਼ ਜੱਜ ਡੀ.ਆਈ.ਜੀ. ਵਿਨੈ ਸਿੰਘ ਨੇ ਪਿਛਲੇ ਸਾਲ ਦਸੰਬਰ ਵਿੱਚ ਮਾਮਲੇ ਵਿੱਚ ਅੰਤਿਮ ਬਹਿਸ ਪੂਰੀ ਹੋਣ ਤੋਂ ਬਾਅਦ 22 ਜਨਵਰੀ ਲਈ ਫੈਸਲਾ ਰਾਖਵਾਂ ਰੱਖ



ਲਿਆ ਸੀ। ਫਰਵਰੀ 2015 ਵਿੱਚ ਵਿਸ਼ੇਸ਼ ਜਾਂਚ ਟੀਮ ਨੇ ਦਿੱਲੀ ਦੇ ਜਨਕਪੁਰੀ ਅਤੇ ਵਿਕਾਸਪੁਰੀ ਵਿੱਚ ਦੰਗਿਆਂ ਦੌਰਾਨ ਹਿੰਸਾ ਦੀਆਂ ਸ਼ਿਕਾਇਤਾਂ ਦੇ ਆਧਾਰ ’ਤੇ ਸੱਜਣ ਕੁਮਾਰ ਖਿਲਾਫ਼ ਦੋ ਐਫਆਈਆਰ ਦਰਜ ਕੀਤੀਆਂ ਸਨ।

ਪਹਿਲੀ ਐਫਆਈਆਰ ਜਨਕਪੁਰੀ ਵਿੱਚ ਹੋਈ ਹਿੰਸਾ ਬਾਰੇ ਸੀ, ਜਿੱਥੇ 1 ਨਵੰਬਰ, 1984 ਨੂੰ ਦੋ ਵਿਅਕਤੀ ਸੋਹਣ ਸਿੰਘ ਅਤੇ ਉਸ ਦਾ ਜਵਾਈ ਅਵਤਾਰ ਸਿੰਘ ਮਾਰੇ ਗਏ ਸਨ। ਦੂਜੀ ਐਫਆਈਆਰ ਗੁਰਚਰਨ ਸਿੰਘ ਦੇ ਮਾਮਲੇ ਵਿੱਚ ਦਰਜ ਕੀਤੀ ਗਈ ਸੀ, ਜਿਸ ਨੂੰ ਕਥਿਤ 2 ਨਵੰਬਰ, 1984 ਨੂੰ ਵਿਕਾਸਪੁਰੀ ਵਿੱਚ ਅੱਗ ਲਗਾ ਦਿੱਤੀ ਗਈ ਸੀ।

# ਦੁਨੀਆ ਵਿੱਚ ਗੰਭੀਰ ਹੋਈ ਅਨਪੜ੍ਹਤਾ ਦੀ ਸਮੱਸਿਆ

## ਕਿਹੜੇ ਹਨ ਸਭ ਤੋਂ ਵੱਧ ਪ੍ਰਭਾਵਿਤ ਦੇਸ਼ ਅਤੇ ਭਾਰਤ ਦੀ ਸਥਿਤੀ ਕੀ ਹੈ?


## ਪੰਜਾਬ ਦੀ ਸਾਖਰਤਾ: ਰਾਸ਼ਟਰੀ ਔਸਤ ਤੋਂ ਉੱਪਰ

ਵਿਸ਼ਵ ਬੈਂਕ ਅਤੇ ਯੂਨੈਸਕੋ ਵਰਗੀਆਂ ਅੰਤਰਰਾਸ਼ਟਰੀ ਸੰਸਥਾਵਾਂ ਨੇ ਵਿਸ਼ਵ ਪੱਧਰੀ ਸਾਖਰਤਾ ਦੀ ਇੱਕ ਚਿੰਤਾਜਨਕ ਤਸਵੀਰ ਪੇਸ਼ ਕੀਤੀ ਹੈ। ਇੱਕ ਪਾਸੇ ਜਿੱਥੇ ਵਿਸ਼ਵ ਆਰਟੀਫਿਸ਼ੀਅਲ ਇੰਟੈਲੀਜੈਂਸ ਅਤੇ ਡਿਜੀਟਲ ਕ੍ਰਾਂਤੀ ਦੇ ਸਿਖਰ ਤੇ ਪਹੁੰਚ ਚੁੱਕਾ ਹੈ, ਉੱਥੇ ਹੀ ਕਰੋੜਾਂ ਲੋਕ ਅੱਜ ਵੀ ਆਪਣਾ ਨਾਂ ਵੀ ਨਹੀਂ ਲਿਖ ਸਕਦੇ। ਰਿਪੋਰਟਾਂ ਮੁਤਾਬਕ, ਵਿਸ਼ਵ ਵਿੱਚ ਲਗਭਗ 73.9 ਕਰੋੜ ਬਾਲਗ ਬੁਨਿਆਦੀ ਸਾਖਰਤਾ ਤੋਂ ਵਾਂਝੇ ਹਨ, ਜਿਨ੍ਹਾਂ ਵਿੱਚੋਂ ਦੋ-ਤਿਹਾਈ ਔਰਤਾਂ ਹਨ। ਵਿਕਸਿਤ ਦੇਸ਼ਾਂ ਨੇ ਲਗਭਗ 100 ਫੀਸਦੀ ਸਾਖਰਤਾ ਦਾ ਟੀਚਾ ਹਾਸਲ ਕਰ ਲਿਆ ਹੈ, ਜਦਕਿ ਦੱਖਣੀ ਸੂਡਾਨ ਅਤੇ ਚਾਡ ਵਰਗੇ ਦੇਸ਼ਾਂ ਵਿੱਚ ਸਾਖਰਤਾ ਦਰ 30 ਫੀਸਦੀ ਤੋਂ ਵੀ ਘੱਟ ਬਣੀ ਹੋਈ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਇਸ ਸੂਚੀ ਵਿੱਚ ਪਾਕਿਸਤਾਨ ਅਤੇ ਅਫਗਾਨਿਸਤਾਨ ਵਰਗੇ ਏਸ਼ੀਆਈ ਦੇਸ਼ ਵੀ ਕਾਫੀ ਨੀਵੇਂ ਸਥਾਨ ’ਤੇ ਸੰਘਰਸ਼ ਕਰ ਰਹੇ ਹਨ।

ਦੁਨੀਆ ਦੇ 10 ਸਭ ਤੋਂ ਵੱਧ ਅਨਪੜ੍ਹ ਦੇਸ਼ਾਂ ਦੀ ਸੂਚੀ ਵਿੱਚ ਮੁੱਖ ਤੌਰ ’ਤੇ ਅਫਰੀਕੀ ਅਤੇ ਏਸ਼ੀਆਈ ਦੇਸ਼ ਸ਼ਾਮਲ ਹਨ, ਜਿੱਥੇ ਗਰੀਬੀ, ਸੰਘਰਸ਼ ਅਤੇ ਅਸਥਿਰਤਾ ਨੇ ਸਿੱਖਿਆ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। 2025 ਦੇ ਅੰਕੜਿਆਂ ਅਨੁਸਾਰ, ਇਹ ਸੂਚੀ ਇਸ ਪ੍ਰਕਾਰ ਹੈ:

ਚਾਡ : 27.28 ਫੀਸਦੀ
ਮਾਲੀ: 31 ਫੀਸਦੀ
ਬੁਰਕੀਨਾ ਫਾਸੋ : 34.49 ਫੀਸਦੀ
ਦੱਖਣੀ ਸੂਡਾਨ : ਲਗਭਗ 35 ਫੀਸਦੀ
ਨਾਈਜਰ : 36 ਫੀਸਦੀ
ਅਫਗਾਨਿਸਤਾਨ : 37 ਫੀਸਦੀ
ਗਿੰਨੀ : 40 ਫੀਸਦੀ
ਕੇਂਦਰੀ ਅਫਰੀਕੀ ਗਣਰਾਜ : 42 ਫੀਸਦੀ
ਸੀਏਰਾ ਲਿਓਨ : 48 ਫੀਸਦੀ
ਬੇਨਿਨ : 52 ਫੀਸਦੀ

ਇਹਨਾਂ ਦੇਸ਼ਾਂ ਵਿੱਚ ਅਨਪੜ੍ਹਤਾ ਦੇ ਮੁੱਖ ਕਾਰਨਾਂ ਵਿੱਚ ਗਰੀਬੀ, ਸੰਘਰਸ਼, ਨਾਕਾਫੀ ਸਿੱਖਿਆ ਬੁਨਿਆਦੀ ਢਾਂਚਾ ਅਤੇ ਲਿੰਗ ਅਸਮਾਨਤਾ ਸ਼ਾਮਲ ਹਨ। ਉਦਾਹਰਨ ਵਜੋਂ, ਅਫਗਾਨਿਸਤਾਨ ਵਿੱਚ ਤਾਲਿਬਾਨ ਸ਼ਾਸਨ ਕਾਰਨ ਔਰਤਾਂ ਦੀ ਸਾਖਰਤਾ ਦਰ ਘਟ ਕੇ 22.6 ਫੀਸਦੀ ਰਹਿ ਗਈ ਹੈ। ਇਸੇ ਤਰ੍ਹਾਂ, ਅਫਰੀਕੀ ਦੇਸ਼ਾਂ ਵਿੱਚ ਗ੍ਰਹਿ ਯੁੱਧ ਅਤੇ ਆਰਥਿਕ ਅਸਥਿਰਤਾ ਨੇ ਸਕੂਲਾਂ ਨੂੰ ਬੰਦ ਕਰਨ ਲਈ ਮਜਬੂਰ ਕੀਤਾ ਹੈ।



ਭਾਰਤ ਇਸ ਸੂਚੀ ਵਿੱਚ ਨਹੀਂ ਹੈ। ਭਾਰਤ ਨੇ ਪਿਛਲੇ ਕੁਝ ਸਾਲਾਂ ਵਿੱਚ ਸਾਖਰਤਾ ਵਿੱਚ ਵੱਡੀ ਛਾਲ ਮਾਰੀ ਹੈ। ਵਿਸ਼ਵ ਬੈਂਕ ਦੇ 2024-25 ਦੇ ਅੰਕੜਿਆਂ ਅਨੁਸਾਰ, ਭਾਰਤ ਦੀ ਸਾਖਰਤਾ ਦਰ 80.9 ਫੀਸਦੀ ਤੱਕ ਪਹੁੰਚ ਗਈ ਹੈ। ਇਹ ਅੰਕੜਾ ਦਰਸਾਉਂਦਾ ਹੈ ਕਿ ਭਾਰਤ ਦੱਖਣੀ ਏਸ਼ੀਆ ਵਿੱਚ ਇੱਕ ਸਿੱਖਿਆ ਸ਼ਕਤੀ ਵਜੋਂ ਤੇਜ਼ੀ ਨਾਲ ਉਭਰ ਰਿਹਾ ਹੈ। ਸਿੱਖਿਆ ਦਾ ਅਧਿਕਾਰ ਕਾਨੂੰਨ ਅਤੇ ਪੇਂਡੂ ਖੇਤਰਾਂ ਵਿੱਚ ਡਿਜੀਟਲ ਸਾਖਰਤਾ ਦੇ ਪ੍ਰਸਾਰ ਨੇ ਇਸ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਈ ਹੈ। 2011 ਵਿੱਚ ਭਾਰਤ ਦੀ ਸਾਖਰਤਾ ਦਰ 73 ਫੀਸਦੀ ਸੀ, ਜੋ 2023-24 ਵਿੱਚ ਵਧ ਕੇ 80.9 ਫੀਸਦੀ ਹੋ ਗਈ ਹੈ। ਇਹ ਨਾ ਸਿਰਫ ਦੇਸ਼ ਦੀ ਬੌਧਿਕ ਪ੍ਰਗਤੀ ਨੂੰ ਦਰਸਾਉਂਦੀ ਹੈ, ਸਗੋਂ ਵਿਸ਼ਵ ਅਰਥਵਿਵਸਥਾ ਵਿੱਚ ਭਾਰਤ ਦੀ ਵਧਦੀ ਕਾਰਜਕੁਸ਼ਲਤਾ ਦਾ ਵੀ ਸਬੂਤ ਹੈ। ਭਾਰਤ ਵਿੱਚ ਅਜੇ ਵੀ ਚੁਣੌਤੀਆਂ ਮੌਜੂਦ ਹਨ। ਪੇਂਡੂ ਖੇਤਰਾਂ ਵਿੱਚ ਸਾਖਰਤਾ ਦਰ 77 ਫੀਸਦੀ ਹੈ, ਜਦਕਿ ਸ਼ਹਿਰੀ ਖੇਤਰਾਂ ਵਿੱਚ ਇਹ 90 ਫੀਸਦੀ ਹੈ। ਲਿੰਗ ਅਸਮਾਨਤਾ ਵੀ ਇੱਕ ਵੱਡੀ ਸਮੱਸਿਆ ਹੈ, ਜਿੱਥੇ ਪੁਰਸ਼ਾਂ ਦੀ ਸਾਖਰਤਾ ਦਰ 88 ਫੀਸਦੀ ਅਤੇ ਔਰਤਾਂ ਦੀ 81 ਫੀਸਦੀ ਹੈ। ਹਾਲਾਂਕਿ, ਔਰਤਾਂ ਦੀ ਸਾਖਰਤਾ ਵਿੱਚ ਵਾਧਾ ਪੁਰਸ਼ਾਂ ਨਾਲੋਂ ਤੇਜ਼ ਹੈ, ਜੋ ਲਿੰਗ ਅੰਤਰ ਨੂੰ ਘਟਾਉਣ ਵੱਲ ਇਸ਼ਾਰਾ ਕਰਦਾ ਹੈ।

**ਭਾਰਤ ਵਿਚੋਂ ਪੰਜਾਬ ਦੀ ਸਥਿਤੀ ਬਿਹਤਰ**

ਭਾਰਤ ਦੇ ਪ੍ਰਾਂਤਾਂ ਦੇ ਸੰਦਰਭ ਵਿੱਚ ਪੰਜਾਬ ਦੀ ਸਥਿਤੀ ਕਾਫੀ ਮਜ਼ਬੂਤ ਹੈ।2023-24 ਦੇ ਪੀਰੀਓਡਿਕ ਲੇਬਰ ਫੋਰਸ ਸਰਵੇ ਅਨੁਸਾਰ, ਪੰਜਾਬ ਦੀ ਸਾਖਰਤਾ ਦਰ 83.7 ਫੀਸਦੀ ਹੈ, ਜੋ ਰਾਸ਼ਟਰੀ ਔਸਤ ਤੋਂ ਉੱਪਰ ਹੈ। ਭਾਰਤ ਦੇ ਟਾਪ 10 ਸਭ ਤੋਂ ਵੱਧ ਸਾਖਰ ਪ੍ਰਾਂਤਾਂ ਵਿੱਚ ਪੰਜਾਬ ਸੱਤਵੇਂ ਨੰਬਰ ’ਤੇ ਹੈ। ਸਭ ਤੋਂ ਉੱਚੀ ਸਾਖਰਤਾ ਵਾਲੇ ਪ੍ਰਾਂਤਾਂ ਵਿੱਚ ਮਿਜ਼ੋਰਮ (98.2 ਫੀਸਦੀ), ਲਕਸ਼ਦੀਪ (97.3 ਫੀਸਦੀ), ਕੇਰਲਾ (95.3 ਫੀਸਦੀ), ਤ੍ਰਿਪੁਰਾ (93.7 ਫੀਸਦੀ) ਅਤੇ ਗੋਆ (93.6 ਫੀਸਦੀ) ਸ਼ਾਮਲ ਹਨ। ਉੱਥੇ ਹੀ ਸਭ ਤੋਂ ਘੱਟ ਸਾਖਰਤਾ ਵਾਲੇ ਪ੍ਰਾਂਤਾਂ ਵਿੱਚ ਆਂਧਰਾ ਪ੍ਰਦੇਸ਼ (72.6 ਫੀਸਦੀ), ਬਿਹਾਰ (74.3 ਫੀਸਦੀ) ਅਤੇ ਮੱਧ ਪ੍ਰਦੇਸ਼ (75.2 ਫੀਸਦੀ) ਹਨ।ਪੰਜਾਬ ਨੇ ਆਪਣੀ ਸਾਖਰਤਾ ਵਿੱਚ ਵਾਧੇ ਲਈ ਕਈ ਪਹਿਲਕਦਮੀਆਂ ਕੀਤੀਆਂ ਹਨ। ਰਾਜ ਵਿੱਚ ਸਕੂਲਾਂ ਦੀ ਗਿਣਤੀ ਵਧੀ ਹੈ ਅਤੇ ਡਿਜੀਟਲ ਸਿੱਖਿਆ ਨੂੰ ਉਤਸ਼ਾਹਿਤ ਕੀਤਾ ਗਿਆ ਹੈ। ਪੰਜਾਬ ਵਿੱਚ ਔਰਤਾਂ ਦੀ ਸਾਖਰਤਾ ਵੀ ਬਿਹਤਰ ਹੈ, ਜੋ ਰਾਸ਼ਟਰੀ ਔਸਤ ਨਾਲੋਂ ਉੱਚੀ ਹੈ। ਹਾਲਾਂਕਿ, ਪੇਂਡੂ ਖੇਤਰਾਂ ਵਿੱਚ ਅਜੇ ਵੀ ਚੁਣੌਤੀਆਂ ਹਨ, ਜਿੱਥੇ ਡਰਾਪਆਊਟ ਰੇਟ ਵੱਧ ਹੈ। ਪੰਜਾਬ ਸਰਕਾਰ ਨੇ ‘ਸਿੱਖਿਆ ਕ੍ਰਾਂਤੀ’ ਵਰਗੀਆਂ ਯੋਜਨਾਵਾਂ ਨਾਲ ਇਸ ਨੂੰ ਨਿਯੰਤਰਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਭਾਰਤ ਦੇ ਹੋਰ ਪ੍ਰਾਂਤਾਂ ਨਾਲ ਤੁਲਨਾ ਵਿੱਚ ਪੰਜਾਬ ਉੱਤਰੀ ਭਾਰਤ ਵਿੱਚ ਇੱਕ ਮਿਸਾਲੀ ਰਾਜ ਹੈ, ਜਿੱਥੇ ਹਿਮਾਚਲ ਪ੍ਰਦੇਸ਼ (86.6 ਫੀਸਦੀ) ਅਤੇ ਉੱਤਰਾਖੰਡ (87.6 ਫੀਸਦੀ) ਵੀ ਉੱਚੇ ਪੱਧਰ ਤੇ ਹਨ।

**ਦੱਖਣੀ ਏਸ਼ੀਆ ਵਿੱਚ ਭਾਰਤ ਦੀ ਸਥਿਤੀ**

ਦੱਖਣੀ ਏਸ਼ੀਆ ਵਿੱਚ ਭਾਰਤ ਦੇ ਗੁਆਂਢੀ ਦੇਸ਼ਾਂ ਦੀ ਸਥਿਤੀ ਨੂੰ ਵੇਖੀਏ ਤਾਂ ਬੰਗਲਾਦੇਸ਼ ਸਭ ਤੋਂ ਅੱਗੇ ਹੈ। ਬੰਗਲਾਦੇਸ਼ ਦੀ ਸਾਖਰਤਾ ਦਰ 74.9 ਫੀਸਦੀ ਹੈ, ਜੋ ਪਿਛਲੇ ਦਹਾਕੇ ਵਿੱਚ ਪ੍ਰਾਇਮਰੀ ਸਿੱਖਿਆ ਅਤੇ ਔਰਤਾਂ ਦੀ ਸਾਖਰਤਾ ਵਿੱਚ ਨਿਵੇਸ਼ ਕਾਰਨ ਵਧੀ ਹੈ। ਨੇਪਾਲ ਦੀ ਦਰ 71.2 ਫੀਸਦੀ ਹੈ, ਜਿੱਥੇ ਭੂਗੋਲਿਕ ਚੁਣੌਤੀਆਂ ਕਾਰਨ ਪੇਂਡੂ ਖੇਤਰਾਂ ਵਿੱਚ ਸਿੱਖਿਆ ਪਹੁੰਚ ਇੱਕ ਮੁੱਦਾ ਹੈ। ਪਾਕਿਸਤਾਨ ਦੀ ਸਥਿਤੀ ਸਭ ਤੋਂ ਚਿੰਤਾਜਨਕ ਹੈ, ਜਿੱਥੇ ਸਾਖਰਤਾ ਦਰ ਸਿਰਫ 58 ਫੀਸਦੀ ਹੈ, ਜੋ ਭਾਰਤ ਅਤੇ ਬੰਗਲਾਦੇਸ਼ ਨਾਲੋਂ ਕਾਫੀ ਘੱਟ ਹੈ ਅਤੇ ਇਥੀਓਪੀਆ ਵਰਗੇ ਅਫਰੀਕੀ ਦੇਸ਼ ਨਾਲੋਂ ਵੀ ਪਿੱਛੇ ਹੈ। ਅਫਗਾਨਿਸਤਾਨ ਵਿੱਚ ਤਾਂ ਹਾਲਾਤ ਹੋਰ ਵੀ ਖਰਾਬ ਹਨ, ਜਿੱਥੇ ਸਾਖਰਤਾ ਦਰ 37 ਫੀਸਦੀ ਹੈ ਅਤੇ ਔਰਤਾਂ ਦੀ ਦਰ 22.6 ਫੀਸਦੀ ਹੈ।ਲਿੰਗ ਅਸਮਾਨਤਾ ਸਾਖਰਤਾ ਦੀ ਸਭ ਤੋਂ ਵੱਡੀ ਰੁਕਾਵਟ ਹੈ। ਰਿਪੋਰਟਾਂ ਵਿੱਚ ਇਹ ਖ਼ੁਲਾਸਾ ਹੋਇਆ ਹੈ ਕਿ ਅਫਗਾਨਿਸਤਾਨ, ਨਾਈਜਰ ਅਤੇ ਪਾਕਿਸਤਾਨ ਵਿੱਚ ਪੇਂਡੂ ਔਰਤਾਂ ਦੀ ਸਥਿਤੀ ਬਹੁਤ ਮਾੜੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਜਦੋਂ ਤੱਕ ਔਰਤਾਂ ਦੀ ਸਿੱਖਿਆ ਤੇ ਧਿਆਨ ਨਹੀਂ ਦਿੱਤਾ ਜਾਵੇਗਾ, ਉਦੋਂ ਤੱਕ ਇਹ ਦੇਸ਼ ਅਨਪੜ੍ਹਤਾ ਦੇ ਚੱਕਰ ਤੋਂ ਬਾਹਰ ਨਹੀਂ ਨਿਕਲ ਸਕਣਗੇ। ਭਾਰਤ ਵਿੱਚ ਵੀ ਇਹ ਅਸਮਾਨਤਾ ਮੌਜੂਦ ਹੈ, ਪਰ ਸਰਕਾਰੀ ਕੋਸ਼ਿਸ਼ਾਂ ਨਾਲ ਇਹ ਘਟ ਰਹੀ ਹੈ।

## ਦਰਪਣ ਝੂਠ ਨਹੀਂ ਬੋਲਦਾ

# ਸਿੱਖ ਰੈਜੀਮੈਂਟ ਸੰਕਟ ਵਿੱਚ: 2022 ਤੋਂ 2026 ਤੱਕ ਭਰਤੀ ’ਚ ਵੱਡੀ ਗਿਰਾਵਟ, ਫ਼ੌਜ ਨੇ ਨੌਜਵਾਨਾਂ ਨੂੰ ਲਗਾਈ ਪੁਕਾਰ !

## ਅਗਨੀ ਪਥ, ਨਸ਼ੇ ਅਤੇ ਪ੍ਰਵਾਸ ਕਾਰਨ ਫ਼ੌਜ ਵਿੱਚ ਘਟੀ ਗਿਣਤੀ

ਭਾਰਤੀ ਫ਼ੌਜ ਨੇ ਪੰਜਾਬ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਸਿੱਖ ਰੈਜੀਮੈਂਟ ਵਿੱਚ ਸ਼ਾਮਲ ਹੋ ਕੇ ਆਪਣੀ ਵਿਰਾਸਤ ਨੂੰ ਅੱਗੇ ਵਧਾਉਣ। ਇਹ ਅਪੀਲ ਉਸ ਸਮੇਂ ਆਈ ਹੈ ਜਦੋਂ ਫ਼ੌਜ ਵਿੱਚ ਸਿੱਖਾਂ ਦੀ ਗਿਣਤੀ ਵਿੱਚ ਲਗਾਤਾਰ ਗਿਰਾਵਟ ਦੇਖੀ ਜਾ ਰਹੀ ਹੈ। ਸੀਨੀਅਰ ਫ਼ੌਜੀ ਅਧਿਕਾਰੀਆਂ ਨੇ ਇਸ ਗਿਰਾਵਟ ਨੂੰ ਲੈ ਕੇ ਚਿੰਤਾ ਪ੍ਰਗਟ ਕੀਤੀ ਹੈ ਅਤੇ ਕਿਹਾ ਹੈ ਕਿ ਇਹ ਵਰਤਾਰਾ ਨਾ ਸਿਰਫ਼ ਰੈਜੀਮੈਂਟ ਨੂੰ ਪ੍ਰਭਾਵਿਤ ਕਰ ਰਿਹਾ ਹੈ ਬਲਕਿ ਰਾਸ਼ਟਰੀ ਸੁਰੱਖਿਆ ਲਈ ਵੀ ਚੁਣੌਤੀ ਬਣ ਰਿਹਾ ਹੈ। ਫ਼ੌਜ ਨੇ ਆਪਣੇ ਅਧਿਕਾਰਤ ਬਿਆਨ ਵਿੱਚ ਕਿਹਾ ਹੈ ਕਿ ਸਿੱਖ ਰੈਜੀਮੈਂਟ ਭਾਰਤੀ ਫ਼ੌਜ ਦੀਆਂ ਸਭ ਤੋਂ ਵੱਕਾਰੀ ਯੂਨਿਟਾਂ ਵਿੱਚੋਂ ਇੱਕ ਹੈ ਅਤੇ ਇਸ ਦੀ ਵਿਰਾਸਤ ਸਿੱਖ ਧਰਮ ਨਾਲ ਜੁੜੀ ਹੋਈ ਹੈ। ਸਿੱਖ ਰੈਜੀਮੈਂਟ ਦੀ ਸ਼ਾਨਦਾਰ ਵਿਰਾਸਤ ਨੂੰ ਯਾਦ ਕਰਦਿਆਂ ਫ਼ੌਜ ਨੇ ਕਿਹਾ ਕਿ ਇਹ ਰੈਜੀਮੈਂਟ 19ਵੀਂ ਸਦੀ ਤੋਂ ਲੈ ਕੇ ਅੱਜ ਤੱਕ ਬਹਾਦਰੀ ਦੀਆਂ ਮਿਸਾਲਾਂ ਕਾਇਮ ਕਰਦੀ ਆ ਰਹੀ ਹੈ। ਇਸ ਨੇ ਦੋ ਵਿਸ਼ਵ ਯੁੱਧਾਂ, ਭਾਰਤ-ਪਾਕਿਸਤਾਨ ਯੁੱਧਾਂ (1947-48, 1965, 1971), 1962 ਦੇ ਚੀਨ-ਭਾਰਤ ਯੁੱਧ, ਕਾਰਗਿਲ ਯੁੱਧ (1999) ਅਤੇ ਵੱਖ-ਵੱਖ ਅੰਤਰਿਕ ਸੁਰੱਖਿਆ ਆਪ੍ਰੇਸ਼ਨਾਂ ਵਿੱਚ ਹਿੱਸਾ ਲਿਆ ਸੀ। ਰੈਜੀਮੈਂਟ ਕੋਲ 75 ਬੈਟਲ ਆਨਰਜ਼, 38 ਥੀਏਟਰ ਆਨਰਜ਼ ਅਤੇ 1650 ਤੋਂ ਵੱਧ ਗੈਲੈਂਟਰੀ ਅਵਾਰਡਜ਼ ਹਨ। ਹਾਲ ਹੀ ਵਿੱਚ ਜਨਵਰੀ 2026 ਵਿੱਚ, ਰੈਜੀਮੈਂਟ ਦੇ ਸੱਤ ਬਟਾਲੀਅਨਾਂ ਨੂੰ ਚੀਫ਼ ਆਫ਼ ਆਰਮੀ ਸਟਾਫ਼ ਯੂਨਿਟ ਸਾਈਟੇਸ਼ਨ ਅਤੇ ਹੋਰ ਐਵਾਰਡਜ਼ ਨਾਲ ਸਨਮਾਨਿਤ ਕੀਤਾ ਗਿਆ ਸੀ, ਜੋ ਕਿ ਇੱਕ ਵੱਡੀ ਪ੍ਰਾਪਤੀ ਹੈ। ਇਸ ਤੋਂ ਪਹਿਲਾਂ 2015 ਵਿੱਚ ਵੀ ਛੇ ਬਟਾਲੀਅਨਾਂ ਨੂੰ ਅਜਿਹੇ ਸਨਮਾਨ ਮਿਲੇ ਸਨ।ਪਰ ਇਸ ਸਭ ਦੇ ਬਾਵਜੂਦ, ਰੈਜੀਮੈਂਟ ਵਿੱਚ ਨੌਜਵਾਨਾਂ ਦੀ ਭਰਤੀ ਵਿੱਚ ਗਿਰਾਵਟ ਆ ਰਹੀ ਹੈ। ਭਾਰਤੀ ਫ਼ੌਜ ਦੇ ਸੀਨੀਅਰ ਅਧਿਕਾਰੀਆਂ ਨੇ ਕਿਹਾ ਕਿ ਪੰਜਾਬ ਤੋਂ ਆਉਣ ਵਾਲੇ ਨੌਜਵਾਨਾਂ ਦੀ ਘੱਟ ਰਹੀ ਗਿਣਤੀ ਕਾਰਨ ਕਈ ਬਟਾਲੀਅਨਾਂ ਵਿੱਚ ਮੈਨਪਾਵਰ ਦੀ ਘਾਟ ਹੋ ਰਹੀ ਹੈ। ਇਸ ਦੇ ਮੁੱਖ ਕਾਰਨਾਂ ਵਿੱਚ ਵਿਦੇਸ਼ੀ ਪ੍ਰਵਾਸ, ਨਸ਼ਿਆਂ ਦੀ ਸਮੱਸਿਆ ਅਤੇ ਫ਼ਿਟਨੈੱਸ ਮੁੱਦੇ ਸ਼ਾਮਲ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਇਸ ਨੂੰ ਮੰਨਿਆ ਹੈ ਅਤੇ ਕਿਹਾ ਕਿ ਨੌਜਵਾਨ ਵਿਦੇਸ਼ ਜਾ ਰਹੇ ਹਨ ਜਾਂ ਨਸ਼ਿਆਂ ਨੇ ਉਨ੍ਹਾਂ ਨੂੰ ਬਰਬਾਦ ਕਰ ਦਿੱਤਾ ਹੈ।



ਪਰ ਕੁਝ ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਸਿੱਖ ਫ਼ੌਜੀਆਂ ਨੂੰ ਖਤਰਨਾਕ ਇਲਾਕਿਆਂ ਵਿੱਚ ਜ਼ਿਆਦਾ ਭੇਜਿਆ ਜਾਂਦਾ ਹੈ, ਜਿਥੇ ਉਹ ਮਾਰੇ ਜਾਂਦੇ ਹਨ। ਦੂਸਰਾ ਅਗਨੀਪਥ ਸਕੀਮ ਨੂੰ ਵੀ ਇਸ ਗਿਰਾਵਟ ਦਾ ਇੱਕ ਵੱਡਾ ਕਾਰਨ ਮੰਨਿਆ ਜਾ ਰਿਹਾ ਹੈ। ਇਹ ਸਕੀਮ 2022 ਵਿੱਚ ਸ਼ੁਰੂ ਹੋਈ ਸੀ ਅਤੇ ਇਸ ਅਧੀਨ ਨੌਜਵਾਨਾਂ ਨੂੰ ਸਿਰਫ਼ ਚਾਰ ਸਾਲ ਦੀ ਨੌਕਰੀ ਮਿਲਦੀ ਹੈ, ਜਿਸ ਤੋਂ ਬਾਅਦ ਸਿਰਫ਼ 25% ਨੂੰ ਪੱਕੀ ਨੌਕਰੀ ਮਿਲਦੀ ਹੈ। ਇਸ ਨੇ ਪੰਜਾਬ ਦੇ ਪੇਂਡੂ ਘਰਾਂ ਵਿੱਚ ਫ਼ੌਜ ਨੂੰ ਪਹਿਲੀ ਪਸੰਦ ਨਹੀਂ ਰਹਿਣ ਦਿੱਤਾ। ਬਹੁਤ ਸਾਰੇ ਨੌਜਵਾਨ ਹੁਣ ਵਿਦੇਸ਼ ਵਿੱਚ ਆਰਥਿਕ ਸਥਿਰਤਾ ਲੱਭ ਰਹੇ ਹਨ ਜਾਂ ਨਸ਼ਿਆਂ ਨੇ ਉਨ੍ਹਾਂ ਨੂੰ ਭਰਤੀ ਲਈ ਅਯੋਗ ਬਣਾ ਦਿੱਤਾ ਹੈ। ਅਗਨੀਪਥ ਸਕੀਮ ਦੇ ਕਾਰਨ ਲੰਬੇ ਸਮੇਂ ਦੀ ਨੀਂਹ ਨਾਲ ਜੋੜ ਕੇ ਸੇਵਾ ਕਰਨ ਦਾ ਰੁਝਾਨ ਘਟ ਗਿਆ ਹੈ, ਕਿਉਂਕਿ ਹੁਣ ਸਿਰਫ਼ 4 ਸਾਲ ਦੀ ਸੇਵਾ ਬਾਅਦ ਲੰਬੇ ਸਮੇਂ ਦੀ ਨੌਕਰੀ ਦੀ ਗਾਰੰਟੀ ਨਹੀਂ। ਇਸ ਕਾਰਨ ਪਰੰਪਰਾਗਤ ਫ਼ੌਜ-ਭਰਤੀ ਘੱਟ ਹੋ ਰਹੀ ਹੈ।ਅਗਨੀ ਪਥ ਵਿੱਚ ਸਿੱਖ ਨੌਜਵਾਨਾਂ ਦੀ ਜਾਨ ਜ਼ਿਆਦਾ ਖ਼ਤਰੇ ਵਿੱਚ ਪੈ ਰਹੀ ਹੈ। ਪੈਨਸ਼ਨਾਂ ਦੀ ਸਹੂਲਤ ਤੇ ਪਰਿਵਾਰ ਨੂੰ ਵਾਜਬ ਮਦਦ ਨਹੀਂ ਮਿਲਦੀ ਸ਼੍ਰੋਮਣੀ ਅਕਾਲੀ ਦਲ ਨੇ ਅਗਨੀ ਪਥ ਸਕੀਮ ਨੂੰ ਫ਼ੌਜੀ ਪਰੰਪਰਾਵਾਂ ਦੇ ਖ਼ਿਲਾਫ਼ ਦੱਸਿਆ ਸੀ। ਉਨ੍ਹਾਂ ਦਾ ਤਰਕ ਸੀ ਕਿ ਇਸ ਨਾਲ ਸਿੱਖ ਰੈਜੀਮੈਂਟ ਵਰਗੀਆਂ ਖਾਸ ਰੈਜੀਮੈਂਟਾਂ ਦੀ ਪਛਾਣ ਨੂੰ ਖਤਰਾ ਹੋ ਸਕਦਾ ਹੈ। ਪ੍ਰਤਾਪ ਸਿੰਘ ਬਾਜਵਾ ਅਤੇ ਅਮਰਿੰਦਰ ਸਿੰਘ ਰਾਜਾ ਵੜਿੰਗ ਆਗੂਆਂ ਨੇ ਵੀ ਇਸ ਨੂੰ ਨੌਜਵਾਨਾਂ ਨਾਲ ਧੋਖਾ ਕਰਾਰ ਦਿੱਤਾ ਸੀ ਡਾ. ਅਮਰਜੀਤ ਸਿੰਘ ਅਮਰੀਕਾ ਵਰਗੇ ਕੌਮਾਂਤਰੀ ਪੱਧਰ ’ਤੇ ਸਰਗਰਮ ਕੁਝ ਸਿੱਖ ਵਿਦਵਾਨ ਅਤੇ ਆਗੂ ਇਹ ਪ੍ਰਚਾਰ ਕਰਦੇ ਹਨ ਕਿ ਸਿੱਖਾਂ ਨੂੰ ਜੰਗਾਂ ਵਿੱਚ ਸ਼ਹੀਦ ਹੋਣ ਦੀ ਬਜਾਏ ਆਪਣੇ ਹੱਕਾਂ ਲਈ ਲੜਨਾ ਚਾਹੀਦਾ ਹੈ। (ਬਾਕੀ ਸਫ਼ਾ 26 ’ਤੇ)

# ਆਸਟ੍ਰੇਲੀਆ ’ਚ ਸਿੱਖ ਟਰੱਕ ਚਾਲਕਾਂ ਵਿਰੁੱਧ ਕਿਉਂ ਵੱਧ ਰਿਹਾ ਨਸਲਵਾਦ, ਕਿਉਂ ਹੋ ਰਹੇ ਨੇ ਹਮਲੇ ਅਤੇ ਅਪਮਾਨ ?

## ਕਈ ਚਾਲਕ ਮਾਨਸਿਕ ਤਣਾਅ ਵਿੱਚ ਅਤੇ ਕੁਝ ਤਾਂ ਇਸ ਨੌਕਰੀ ਨੂੰ ਛੱਡਣ ਲਈ ਮਜਬੂਰ

ਆਸਟ੍ਰੇਲੀਆ ਦੇ ਟਰਾਂਸਪੋਰਟ ਖੇਤਰ ਵਿੱਚ ਭਾਰਤੀ ਮੂਲ ਦੇ ਟਰੱਕ ਚਾਲਕਾਂ, ਖਾਸ ਕਰਕੇ ਸਿੱਖ ਭਾਈਚਾਰੇ ਨਾਲ ਸਬੰਧਿਤ ਲੋਕਾਂ ਵਿਰੁੱਧ ਨਸਲਵਾਦੀ ਘਟਨਾਵਾਂ ਵਿੱਚ ਤੇਜੀ ਨਾਲ ਵਾਧਾ ਹੋ ਰਿਹਾ ਹੈ।2026 ਤੱਕ ਦੇ ਤਾਜ਼ਾ ਅੰਕੜੇ ਦੱਸਦੇ ਨੇ ਕਿ ਇਹ ਸਮੱਸਿਆ ਹੁਣ ਆਮ ਹੋ ਗਈ ਹੈ। ਚਾਲਕਾਂ ਨੂੰ ਸੜਕਾਂ ’ਤੇ, ਰੇਡੀਓ ਸੰਚਾਰ ਵਿੱਚ ਅਤੇ ਸੋਸ਼ਲ ਮੀਡੀਆ ’ਤੇ ਅਪਮਾਨਜਨਕ ਵਿਹਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਈ ਚਾਲਕ ਮਾਨਸਿਕ ਤਣਾਅ ਵਿੱਚ ਨੇ ਅਤੇ ਕੁਝ ਤਾਂ ਇਸ ਨੌਕਰੀ ਨੂੰ ਛੱਡਣ ਲਈ ਮਜਬੂਰ ਹੋ ਰਹੇ ਨੇ।

ਆਸਟ੍ਰੇਲੀਆ ਵਿੱਚ ਟਰੱਕ ਡਰਾਈਵਰਾਂ ਦੀ ਘਾਟ ਹੈ। 2024 ਵਿੱਚ ਇੰਟਰਨੈਸ਼ਨਲ ਰੋਡ ਟਰਾਂਸਪੋਰਟ ਯੂਨੀਅਨ ਨੇ ਅੰਦਾਜ਼ਾ ਲਾਇਆ ਸੀ ਕਿ ਆਸਟ੍ਰੇਲੀਆ ਵਿੱਚ ਲਗਭਗ 28,000 ਹੈਵੀ ਵਹੀਕਲ ਡਰਾਈਵਰਾਂ ਦੀ ਘਾਟ ਹੈ। ਪੁਰਾਣੇ ਡਰਾਈਵਰ ਰਿਟਾਇਰ ਹੋ ਰਹੇ ਨੇ ਅਤੇ ਨੌਜਵਾਨ ਆਸਟ੍ਰੇਲੀਅਨ ਲੋਕ ਇਸ ਨੌਕਰੀ ਵਿੱਚ ਨਹੀਂ ਆ ਰਹੇ। ਇਸ ਕਰਕੇ ਭਾਰਤੀ ਪ੍ਰਵਾਸੀ, ਖਾਸ ਕਰਕੇ ਪੰਜਾਬ ਅਤੇ ਰਾਜਸਥਾਨ ਤੋਂ ਆਏ ਸਿੱਖ ਲੋਕ ਇਸ ਖੇਤਰ ਵਿੱਚ ਆ ਰਹੇ ਨੇ। ਟਰੱਕ ਚਲਾਉਣਾ ਉਨ੍ਹਾਂ ਦੇ ਖ਼ੂਨ ਵਿੱਚ ਹੈ। ਜਸਵਿੰਦਰ ਕਹਿੰਦੇ ਨੇ, ‘ਮੇਰੇ ਪਿਤਾ ਜੀ ਨੇ ਭਾਰਤ ਵਿੱਚ ਟਰਾਂਸਪੋਰਟ ਕੰਪਨੀ ਚਲਾਈ ਸੀ, ਇਸ ਲਈ ਮੈਨੂੰ ਬਚਪਨ ਤੋਂ ਟਰੱਕ ਪਸੰਦ ਨੇ।’

ਪਰ ਇਹ ਨਵੇਂ ਚਾਲਕ ਨਸਲਵਾਦ ਦਾ ਸ਼ਿਕਾਰ ਨੇ। ਨਰਿੰਦਰ ਸਿੰਘ ਨੂੰ ਇੱਕ ਵਾਰ ਐਮਰਜੈਂਸੀ ਕਰਕੇ ਗਲਤ ਜਗ੍ਹਾ ’ਤੇ ਟਰੱਕ ਪਾਰਕ ਕਰਨ ਕਾਰਨ ਨਸਲੀ ਗਾਲ੍ਹਾਂ ਕੱਢੀਆਂ ਗਈਆਂ ਅਤੇ ਉਨ੍ਹਾਂ ਦੀ ਦਸਤਾਰ ਦਾ ਮਜ਼ਾਕ ਉਡਾਇਆ ਗਿਆ। ਉਹ ਨਿਊਜ਼ੀਲੈਂਡ ਵਿੱਚ 10 ਸਾਲ ਡਰਾਈਵਿੰਗ ਕਰ ਚੁੱਕੇ ਨੇ ਪਰ ਆਸਟ੍ਰੇਲੀਆ ਵਿੱਚ ਨਫ਼ਰਤੀ ਵਰਤਾਰੇ ਕਾਰਨ ਸਿਰਫ਼ ਅੱਠ ਮਹੀਨੇ ਵਿੱਚ ਨੌਕਰੀ ਛੱਡ ਦਿੱਤੀ।



ਸਭ ਤੋਂ ਵੱਡੀ ਸਮੱਸਿਆ ਰੇਡੀਓ ਸੰਚਾਰ ਹੈ। ਟੂ-ਵੇ ਸੀਬੀ ਰੇਡੀਓ ਤੇ ਚਾਲਕ ਟ੍ਰੈਫ਼ਿਕ ਅਤੇ ਖ਼ਤਰੇ ਬਾਰੇ ਜਾਣਕਾਰੀ ਸਾਂਝੀ ਕਰਦੇ ਨੇ ਪਰ ਇਸ ’ਤੇ ਨਸਲੀ ਅਪਮਾਨ ਵੀ ਹੋ ਰਿਹਾ ਹੈ।

ਸੋਸ਼ਲ ਮੀਡੀਆ ’ਤੇ ਵੀ ਨਸਲੀ ਮੀਮ ਅਤੇ ਤਸਵੀਰਾਂ ਸਾਂਝੀਆਂ ਕੀਤੀਆਂ ਜਾਂਦੀਆਂ ਨੇ ਜੋ ਸਿੱਖ ਚਾਲਕਾਂ ਨੂੰ ਨਿਸ਼ਾਨਾ ਬਣਾਉਂਦੀਆਂ ਨੇ। ਆਸਟ੍ਰੇਲੀਆ ਵਿੱਚ ਭਾਰਤੀ ਲੋਕ ਸਭ ਤੋਂ ਤੇਜ਼ ਵਧ ਰਹੇ ਪ੍ਰਵਾਸੀ ਗਰੁੱਪ ਨੇ ਅਤੇ ਉਹ ਟਰੱਕ ਇੰਡਸਟਰੀ ਵਿੱਚ ਘਾਟ ਪੂਰੀ ਕਰ ਰਹੇ ਨੇ। ਪਰ ਇਹ ਵਾਧਾ ਕੁਝ ਲੋਕਾਂ ਨੂੰ ਪਸੰਦ ਨਹੀਂ ਅਤੇ ਉਹ ਇਸ ਨੂੰ ਖਤਰਾ ਮੰਨਦੇ ਨੇ।

ਮਾਹਿਰਾਂ ਮੁਤਾਬਕ ਇਹ ਨਸਲਵਾਦ ਵਧ ਰਿਹਾ ਹੈ, ਕਿਉਂਕਿ ਨਿਯਮਾਂ ਵਿੱਚ ਘਾਟ ਹੈ। ਮੋਨਾਸ਼ ਯੂਨੀਵਰਸਿਟੀ ਦੀ ਪ੍ਰੋਫ਼ੈਸਰ ਸਾਰਾਹ ਐਂਡਰਸਨ ਕਹਿੰਦੀ ਹੈ ਕਿ ਟਰੱਕ ਡਰਾਈਵਿੰਗ ਪਹਿਲਾਂ ਹੀ ਤਣਾਅ ਵਾਲੀ ਨੌਕਰੀ ਹੈ। ਲੰਮੇ ਘੰਟੇ, ਟਾਈਟ ਡੈੱਡਲਾਈਨ ਅਤੇ ਕਈ ਨਿਯਮਾਂ ਕਰਕੇ ਚਾਲਕਾਂ ਨੂੰ ਮੁਸ਼ਕਲ ਹੁੰਦੀ ਹੈ। ਜੇ ਨਸਲਵਾਦ ਵੀ ਜੋੜੀਏ ਤਾਂ ਉਹ ਸੁਰੱਖਿਅਤ ਹੋਕੇ ਕੰਮ ਨਹੀਂ ਕਰ ਸਕਦੇ। ਉਹ ਕਹਿੰਦੀ ਹੈ ਕਿ ਇਸ ਸਬੰਧੀ ਵਰਤਾਰਾ ਸਰਕਾਰ ਨੂੰ ਸਖ਼ਤੀ ਨਾਲ ਰੋਕਣਾ ਚਾਹੀਦਾ ਹੈ।

ਆਸਟ੍ਰੇਲੀਆ ਵਿੱਚ ਨਸਲੀ ਵਿਤਕਰੇ ਵਿਰੁੱਧ ਕਨੂੰਨ ਨੇ ਪਰ ਰਿਪੋਰਟ ਕਰਨਾ ਮੁਸ਼ਕਲ ਹੈ। ਚਾਲਕਾਂ ਨੂੰ ਹਮਲਾਵਰਾਂ ਨੂੰ ਪਛਾਣਨਾ ਔਖਾ ਲੱਗਦਾ ਹੈ ਅਤੇ ਉਹ ਪੁਲਿਸ ਤੇ ਭਰੋਸਾ ਨਹੀਂ ਕਰਦੇ। ਆਸਟ੍ਰੇਲੀਅਨ ਹਿਊਮਨ ਰਾਈਟਸ ਕਮਿਸ਼ਨ ਨੇ ਜੁਲਾਈ 2023 ਤੋਂ ਟਰੱਕ ਇੰਡਸਟਰੀ ਨਾਲ ਜੁੜੇ 12 ਸ਼ਿਕਾਇਤਾਂ ਪ੍ਰਾਪਤ ਕੀਤੀਆਂ ਨੇ ਜਿਨ੍ਹਾਂ ਵਿੱਚੋਂ ਦੋ ਭਾਰਤੀ ਜਾਂ ਸਿੱਖ ਨਾਲ ਸਬੰਧਿਤ ਨੇ। ਪਰ ਬਹੁਤੇ ਚਾਲਕ ਰਿਪੋਰਟ ਨਹੀਂ ਕਰਦੇ, ਕਿਉਂਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਕੁਝ ਨਹੀਂ ਹੋਵੇਗਾ।

ਹਾਲ ਹੀ ਵਿੱਚ ਇੱਕ ਵੱਡੀ ਘਟਨਾ ਮੈਲਬੌਰਨ ਵਿੱਚ ਵਾਪਰੀ। ਇੱਕ ਪੰਜਾਬੀ ਮੂਲ ਦੇ ਟਰੱਕ ਡਰਾਈਵਰ ’ਤੇ ਉਸ ਦੇ ਘਰ ਬਾਹਰ ਹਮਲਾ ਹੋਇਆ। ਸਵੇਰੇ ਤੜਕੇ ਹਮਲਾਵਰਾਂ ਨੇ ਉਸ ਨੂੰ ਬੇਰਹਿਮੀ ਨਾਲ ਕੁੱਟਿਆ ਅਤੇ ਮਰਿਆ ਸਮਝ ਕੇ ਭੱਜ ਗਏ। ਪੀੜਤ ਹਸਪਤਾਲ ਵਿੱਚ ਦਾਖਲ ਹੈ ਪਰ ਇਹ ਘਟਨਾ ਨਸਲਵਾਦ ਦੀ ਵਧਦੀ ਮਿਸਾਲ ਹੈ। ਪੁਲਿਸ ਜਾਂਚ ਕਰ ਰਹੀ ਹੈ ਪਰ ਸਿੱਖ ਭਾਈਚਾਰੇ ਵਿੱਚ ਡਰ ਹੈ।

**2025 ਵਿੱਚ ਵੀ ਅਜਿਹੀਆਂ ਘਟਨਾਵਾਂ ਵਧੀਆਂ ਨੇ।**

ਇੱਕ ਰਿਪੋਰਟ ਮੁਤਾਬਕ ਯੂਐਸ ਵਿੱਚ ਇੱਕ ਸਿੱਖ ਡਰਾਈਵਰ ਨਾਲ ਜੁੜੀ ਐਕਸੀਡੈਂਟ ਨੇ ਆਨਲਾਈਨ ਨਫ਼ਰਤ (ਬਾਕੀ ਸਫ਼ਾ 26 ’ਤੇ)

# ਨਿਆਂ ਪਾਲਿਕਾ ਵਿੱਚ ਸਿਆਸੀ ਦਖ਼ਲ-ਅੰਦਾਜ਼ੀ ਵਧੀ

## ਜੱਜਾਂ ਦੇ ਤਬਾਦਲੇ ਅਤੇ ਆਜ਼ਾਦੀ ਉੱਤੇ ਉੱਠੇ ਸਵਾਲ

ਭਾਰਤੀ ਨਿਆਂ ਪ੍ਰਣਾਲੀ ਵਿੱਚ ਸਿਆਸੀ ਦਖ਼ਲ-ਅੰਦਾਜ਼ੀ ਦਾ ਮੁੱਦਾ ਇੱਕ ਵਾਰ ਫ਼ਿਰ ਗਰਮਾ ਗਿਆ ਹੈ। ਸੁਪਰੀਮ ਕੋਰਟ ਦੇ ਜੱਜ ਜਸਟਿਸ ਉੱਜਵਲ ਭੂਯਾਨ ਨੇ ਹਾਲ ਹੀ ਵਿੱਚ ਇੱਕ ਜਨਤਕ ਭਾਸ਼ਣ ਵਿੱਚ ਜੱਜਾਂ ਦੇ ਤਬਾਦਲਿਆਂ ਵਿੱਚ ਸਰਕਾਰੀ ਦਖਲ ਨੂੰ ਲੈ ਕੇ ਤਿੱਖੇ ਸਵਾਲ ਉਠਾਏ ਹਨ। ਉਨ੍ਹਾਂ ਨੇ ਕਿਹਾ ਕਿ ਜੱਜਾਂ ਦੇ ਤਬਾਦਲੇ ਨਿਆਂ ਪਾਲਿਕਾ ਦਾ ਅੰਦਰੂਨੀ ਮਾਮਲਾ ਹੈ ਅਤੇ ਸਰਕਾਰ ਨੂੰ ਇਸ ਵਿੱਚ ਕੋਈ ਵੀ ਦਖਲ ਨਹੀਂ ਦੇਣਾ ਚਾਹੀਦਾ।

ਇਸ ਬਿਆਨ ਨੇ ਨਾ ਸਿਰਫ਼ ਨਿਆਂ ਪਾਲਿਕਾ ਦੀ ਆਜ਼ਾਦੀ ਉੱਤੇ ਚਰਚਾ ਛੇੜੀ ਹੈ ਬਲਕਿ ਇਹ ਵੀ ਪੁੱਛਿਆ ਜਾ ਰਿਹਾ ਹੈ ਕਿ ਨਿਆਂ ਕਿਉਂ ਪ੍ਰਭਾਵਿਤ ਕੀਤਾ ਜਾ ਰਿਹਾ ਹੈ ਅਤੇ ਇਸ ਦੇ ਦੋਸ਼ੀ ਕੌਣ ਹਨ ?

ਜਸਟਿਸ ਭੂਯਾਨ ਨੇ ਪੁਣੇ ਵਿੱਚ ਆਈਐਲਐਸ ਲਾਅ ਕਾਲਜ ਵਿੱਚ ਬੋਲਦਿਆਂ ਕਿਹਾ ਸੀ ਕਿ ਜੱਜਾਂ ਨੂੰ ਬਿਨਾਂ ਕਿਸੇ ਡਰ, ਪੱਖਪਾਤ ਜਾਂ ਲਾਲਚ ਦੇ ਸੰਵਿਧਾਨ ਦੀ ਰੱਖਿਆ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਖਾਸ ਤੌਰ ’ਤੇ ਮੱਧ ਪ੍ਰਦੇਸ਼ ਹਾਈ ਕੋਰਟ ਦੇ ਜੱਜ ਜਸਟਿਸ ਅਤੁਲ ਸ਼੍ਰੀਧਰਨ ਦੇ ਤਬਾਦਲੇ ਦਾ ਜ਼ਿਕਰ ਕੀਤਾ। ਜਸਟਿਸ ਸ਼੍ਰੀਧਰਨ ਨੇ ਮੱਧ ਪ੍ਰਦੇਸ਼ ਦੇ ਇੱਕ ਮੰਤਰੀ ਵਿਰੁੱਧ ਕਾਰਵਾਈ ਕੀਤੀ ਸੀ, ਜਿਨ੍ਹਾਂ ਨੇ ਕਰਨਲ ਸੋਫ਼ੀਆ ਕੁਰੈਸ਼ੀ ਬਾਰੇ ਇਤਰਾਜ਼ਯੋਗ ਟਿੱਪਣੀ ਕੀਤੀ ਸੀ। ਸੁਪਰੀਮ ਕੋਰਟ ਕਾਲਜੀਅਮ ਨੇ ਪਹਿਲਾਂ ਉਨ੍ਹਾਂ ਨੂੰ ਛੱਤੀਸਗੜ੍ਹ ਭੇਜਣ ਦਾ ਪ੍ਰਸਤਾਵ ਦਿੱਤਾ ਸੀ, ਪਰ ਕੇਂਦਰ ਸਰਕਾਰ ਦੇ ਕਹਿਣ ’ਤੇ ਇਸ ਨੂੰ ਬਦਲ ਕੇ ਇਲਾਹਾਬਾਦ ਹਾਈ ਕੋਰਟ ਕਰ ਦਿੱਤਾ ਗਿਆ ਸੀ। ਜਸਟਿਸ ਭੂਯਾਨ ਅਨੁਸਾਰ, ਇਹ ਸਿੱਧੇ ਤੌਰ ’ਤੇ ਕਾਲਜੀਅਮ ਪ੍ਰਣਾਲੀ ਦੀ ਅਖੰਡਤਾ ’ਤੇ ਹਮਲਾ ਹੈ।

ਇਸ ਤੋਂ ਇਲਾਵਾ, ਉੱਤਰ ਪ੍ਰਦੇਸ਼ ਦੇ ਸੰਭਲ ਵਿੱਚ ਹੋਈ ਹਿੰਸਾ ਦੌਰਾਨ, ਉੱਥੇ ਦੇ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਵਿਭਾਂਸ਼ੂ ਸੁਧੀਰ ਨੇ ਪੁਲਿਸ ਦੀ ਕਾਰਵਾਈ ’ਤੇ ਸਵਾਲ ਚੁੱਕਦੇ ਹੋਏ 20 ਪੁਲਿਸ ਮੁਲਾਜ਼ਮਾਂ ਵਿਰੁੱਧ ਐਫ਼ਆਈਆਰ ਦਰਜ ਕਰਨ ਦੇ ਹੁਕਮ ਦਿੱਤੇ ਸਨ। ਇਸ ਫ਼ੈਸਲੇ ਦੇ ਤੁਰੰਤ ਬਾਅਦ ਉਨ੍ਹਾਂ ਦਾ ਤਬਾਦਲਾ ਕਰ ਦਿੱਤਾ ਗਿਆ ਸੀ। ਵਿਰੋਧੀ ਧਿਰਾਂ, ਖ਼ਾਸਕਰ ਕਾਂਗਰਸ ਨੇ ਇਸ ਨੂੰ ‘ਨਿਆਂ ਦਾ ਗਲਾ ਘੁੱਟਣ’ ਵਾਲੀ ਕਾਰਵਾਈ ਦੱਸਿਆ ਸੀ। ਇਸੇ ਤਰ੍ਹਾਂ, ਦਿੱਲੀ ਦੰਗਿਆਂ ਦੌਰਾਨ ਭਾਜਪਾ ਆਗੂਆਂ ਖ਼ਿਲਾਫ਼ ਸਖ਼ਤ ਟਿੱਪਣੀ ਕਰਨ ਤੋਂ ਬਾਅਦ ਅੱਧੀ ਰਾਤ ਨੂੰ ਜਸਟਿਸ ਮੁਰਲੀਧਰਨ ਦਾ ਤਬਾਦਲਾ ਕੀਤਾ ਗਿਆ ਸੀ। ਰਾਜਸਥਾਨ ਵਿੱਚ ਅਡਾਨੀ ਦੇ ਖ਼ਿਲਾਫ਼ ਫ਼ੈਸਲਾ ਸੁਣਾਉਣ ਵਾਲੇ ਜਸਟਿਸ ਦਿਨੇਸ਼ ਕੁਮਾਰ ਗੁਪਤਾ ਦਾ ਵੀ ਤਬਾਦਲਾ ਕਰ ਦਿੱਤਾ ਗਿਆ ਸੀ।

ਮਾਹਿਰਾਂ ਅਨੁਸਾਰ, ਇਹ ਨਿਆਂ ਪਾਲਿਕਾ ਨੂੰ ਨਿਯੰਤਰਿਤ ਕਰਨ ਅਤੇ ਸਰਕਾਰ ਵਿਰੋਧੀ ਫ਼ੈਸਲਿਆਂ ਨੂੰ ਰੋਕਣ ਲਈ ਕੀਤਾ ਜਾਂਦਾ ਹੈ। ਅੰਤਰਰਾਸ਼ਟਰੀ ਕਮਿਸ਼ਨ ਆਫ਼ ਜੂਰਿਸਟਸ (ਆਈਸੀਜੇ) ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਜੱਜਾਂ ਦੀ ਨਿਯੁਕਤੀ ਅਤੇ ਤਬਾਦਲੇ ਵਿੱਚ ਬਾਹਰੀ ਦਖਲ ਨੂੰ ਰੋਕਣ ਲਈ ਵਿਵਸਥਾ ਹੈ, ਪਰ ਭਾਰਤ ਵਿੱਚ ਇਹ ਨਿਯੰਤਰਣ ਵਧ ਰਿਹਾ ਹੈ। ਰਿਟਾਇਰਡ ਸੁਪਰੀਮ ਕੋਰਟ ਜੱਜ ਜਸਟਿਸ ਅਭੈ ਐਸ ਓਕਾ ਨੇ ਵੀ ਸਿਆਸੀ ਦਖਲ ਨੂੰ ਗੰਭੀਰ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਨੇ ਕਿਹਾ ਕਿ ਇਹ ਨਿਆਂ ਪ੍ਰਣਾਲੀ ਨੂੰ ਕਮਜ਼ੋਰ ਕਰ ਰਿਹਾ ਹੈ ਅਤੇ ਲੋਕਾਂ ਦਾ ਵਿਸ਼ਵਾਸ ਘਟਾ ਰਿਹਾ ਹੈ।

# ਸਤਲੁਜ ਯਮੁਨਾ ਲਿੰਕ ਨਹਿਰ ਪੁਰਾਣੇ ਬਜ਼ੁਰਗਾਂ ਦਾ ਉਲਝਾਇਆ ਮਸਲਾ : ਭਗਵੰਤ ਮਾਨ

## ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀਆਂ ਵਿਚਾਲੇ ਹੋਈ ਮੀਟਿੰਗ ਰਹੀ ਬੇਸਿੱਟਾ



ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਤੇ ਹਰਿਆਣਾ ਵਿਚਾਲੇ ਹੁਣ ਸਤਲੁਜ ਯਮੁਨਾ ਲਿੰਕ ਨਹਿਰ ਦੇ ਮਾਮਲੇ ’ਤੇ ਹੁਣ ਅਧਿਕਾਰੀ ਪੱਧਰ ਦੀ ਵਾਰਤਾ ਹੋਵੇਗੀ। ਇਹ ਫ਼ੈਸਲਾ ਪਿਛਲੇ ਦਿਨੀਂ ਇੱਥੇ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀਆਂ ਵਿਚਾਲੇ ਹੋਈ ਮੀਟਿੰਗ ’ਚ ਲਿਆ ਗਿਆ। ਮੁੱਖ ਮੰਤਰੀ ਭਗਵੰਤ ਮਾਨ ਅਤੇ ਹਰਿਆਣਾ ਦੇ ਹਮਰੁਤਬਾ ਨਾਇਬ ਸਿੰਘ ਸੈਣੀ ਵਿਚਾਲੇ ਕਰੀਬ ਇੱਕ ਘੰਟਾ ਮੀਟਿੰਗ ਚੱਲੀ। ਦੋਵੇਂ ਮੁੱਖ ਮੰਤਰੀਆਂ ਨੇ ਮੀਟਿੰਗ ਮਗਰੋਂ ਸਾਂਝੀ ਪ੍ਰੈੱਸ ਕਾਨਫ਼ਰੰਸ ’ਚ ਇਸ ਮਾਮਲੇ ’ਤੇ ਸਾਰਥਿਕ ਨਤੀਜੇ ਆਉਣ ਦੀ ਗੱਲ ਕਹੀ। ਦੋਵੇਂ ਮੁੱਖ ਮੰਤਰੀਆਂ ਨੇ ਕਿਹਾ ਕਿ ਸੁਖਾਵੇਂ ਮਾਹੌਲ ’ਚ ਸਾਰਥਿਕ ਗੱਲਬਾਤ ਹੋਈ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਹੁਣ ਸਤਲੁਜ ਯਮੁਨਾ ਲਿੰਕ ਨਹਿਰ ਦੇ ਮਾਮਲੇ ’ਤੇ ਅਧਿਕਾਰੀ ਪੱਧਰ ਦੀ ਨਿਰੰਤਰ ਗੱਲਬਾਤ ਸ਼ੁਰੂ ਹੋਵੇਗੀ ਅਤੇ ਦੋਵੇਂ ਸੂਬਿਆਂ ਦੇ ਅਧਿਕਾਰੀ ਮੀਟਿੰਗਾਂ ਦਾ ਵੇਰਵਾ ਸਾਂਝਾ ਕਰਨਗੇ ਜਿਸ ਦੇ ਆਧਾਰ ’ਤੇ ਦੋਵੇਂ ਸੂਬਿਆਂ ਦੇ ਮੁੱਖ ਮੰਤਰੀ ਅਗਲੇਰੀ ਗੱਲਬਾਤ ਕਰਨਗੇ। ਮੁੱਖ ਮੰਤਰੀ ਨੇ ਕਿਹਾ ਕਿ ਅਧਿਕਾਰੀ ਪੱਧਰ ਦੀ ਗੱਲਬਾਤ ਮਸਲੇ ਦਾ ਹੱਲ ਕੱਢਣ ਦੀ ਨੀਅਤ ਨਾਲ ਹੋਵੇਗੀ। ਉਹ ਚਾਹੁੰਦੇ ਹਨ ਕਿ ਪੁਰਾਣਾ ਲਟਕਿਆ ਹੋਇਆ ਮਾਮਲਾ ਸੁਲਝ ਜਾਵੇ ਸ੍ਰੀ ਮਾਨ ਨੇ ਕਿਹਾ ਕਿ ਕਿਸੇ ਦਾ ਹੱਕ ਨਹੀਂ ਮਰਨਾ ਚਾਹੀਦਾ। ਉਨ੍ਹਾਂ ਕਿਹਾ ਕਿ ਇਹ ਪੁਰਾਣੇ ਬਜ਼ੁਰਗਾਂ ਦਾ ਉਲਝਾਇਆ ਮਸਲਾ ਹੈ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਅੱਜ ਚੰਗੇ ਮਾਹੌਲ ’ਚ ਹੋਈ ਗੱਲਬਾਤ ਦੇ ਨਤੀਜੇ ਵੀ ਸਾਰਥਿਕ ਆਉਣਗੇ। ਸੈਣੀ ਨੇ ਕਿਹਾ ਕਿ ਆਉਂਦੇ ਦਿਨਾਂ ’ਚ ਇਸ ਮਾਮਲੇ ’ਤੇ ਅਧਿਕਾਰੀ ਪੱਧਰ ਦੀ ਗੱਲਬਾਤ ਸ਼ੁਰੂ ਹੋਵੇਗੀ ਜਿਸ ਦੇ ਅਧਾਰ ’ਤੇ ਅੱਗੇ ਵਧਿਆ ਜਾਵੇਗਾ।

ਮੁੱਖ ਮੰਤਰੀ ਮਾਨ ਨੇ ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਬਾਰੇ ਪੁੱਛੇ ਇੱਕ ਸੁਆਲ ਦੇ ਜੁਆਬ ’ਚ ਕਿਹਾ ਕਿ ਪਹਿਲਾਂ ਪਾਣੀ ਦਾ ਮਸਲਾ ਤਾਂ ਨਿਬੇੜ ਲਈਏ, ਨਹਿਰ ਵੀ ਬਣਾ ਲਵਾਂਗੇ। ਮਾਨ ਨੇ ਕਿਹਾ ਕਿ ਮੀਟਿੰਗ ’ਚ ਦੋਵੇਂ ਸੂਬਿਆਂ ਨੇ ਆਪੋ ਆਪਣਾ ਪੱਖ ਰੱਖਿਆ ਹੈ। ਪੰਜਾਬ ਤੇ ਹਰਿਆਣਾ ਵਿਚਾਲੇ ਛੇਵੇਂ ਗੇੜ ਮੀਟਿੰਗ ’ਚ ਕੋਈ ਠੋਸ ਨਤੀਜਾ ਸਾਹਮਣੇ ਨਹੀਂ ਆਇਆ। ਦੋਵੇਂ ਮੁੱਖ ਮੰਤਰੀਆਂ ਵੱਲੋਂ ਸਾਂਝੀ ਪ੍ਰੈੱਸ ਕਾਨਫ਼ਰੰਸ ਕਰਨਾ ਅਤੇ ਦੋਵੇਂ ਧਿਰਾਂ ਵੱਲੋਂ ਪਾਣੀ ਨੂੰ ਲੈ ਕੇ ਪੁਰਾਣੇ ਅੰਦਾਜ਼ ’ਚ ਦਾਅਵੇ ਕਰਨ ਵਾਲੀ ਗੱਲਬਾਤ ਨਜ਼ਰ ਨਾ ਆਉਣਾ, ਇਸ ਤੋਂ ਸਾਫ਼ ਹੈ ਕਿ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀ ਅਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਬੋਚ ਬੋਚ ਕੇ ਪੈਰ ਧਰ ਰਹੇ ਹਨ ਕੇਂਦਰ ਪਹਿਲਾਂ ਹੀ ਪੰਜਾਬ ਹਰਿਆਣਾ ਦਰਮਿਆਨ ਵਿਚੋਲਗੀ ਤੋਂ ਭੱਜ ਚੁੱਕਾ ਹੈ ਅਤੇ ਕੇਂਦਰ ਨੇ ਦੋਵਾਂ ਸੂਬਿਆਂ ਨੂੰ ਆਪਸ ’ਚ ਮਿਲ ਬੈਠ ਕੇ ਮਾਮਲਾ ਨਜਿੱਠਣ ਦੀ ਨਸੀਹਤ ਦਿੱਤੀ ਸੀ ਮੁੱਖ ਮੰਤਰੀ ਭਗਵੰਤ ਮਾਨ ਦੁਵੱਲੀ ਵਿਚਾਰ ਚਰਚਾ ’ਚ ਆਪਣੀ 16 ਮੈਂਬਰੀ ਟੀਮ ਨਾਲ ਮੀਟਿੰਗ ’ਚ ਸਨ। ਉਨ੍ਹਾਂ ਨਾਲ (ਬਾਕੀ ਸਫ਼ਾ 26 ’ਤੇ)

## ਪੰਜਾਬ ਦੇ ਪਾਣੀਆਂ ਦੇ ਮੁੱਦੇ ’ਤੇ ਸਰਬ-ਪਾਰਟੀ ਮੀਟਿੰਗ ਸੱਦੀ ਜਾਵੇ: ਸੁਖਪਾਲ ਖਹਿਰਾ



ਜਲੰਧਰ/ਏ.ਟੀ.ਨਿਊਜ਼: ਸੀਨੀਅਰ ਕਾਂਗਰਸੀ ਆਗੂ ਅਤੇ ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਮਾਨਯੋਗ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਚੱਲ ਰਹੀ ਗੱਲਬਾਤ ਦੌਰਾਨ ਵਿਵਾਦਤ ਸਤਲੁਜ ਯਮੁਨਾ ਲਿੰਕ ਨਹਿਰ ਦੇ ਨਿਰਮਾਣ ਜਾਂ ਹਰਿਆਣਾ ਨਾਲ ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਬਾਰੇ ਕੋਈ ਵੀ ਵਚਨਬੱਧਤਾ ਨਾ ਕਰਨ ਵਿਰੁੱਧ ਚਿਤਾਵਨੀ ਦਿੱਤੀ ਹੈ। ਖਹਿਰਾ ਨੇ ਕਿਹਾ ਕਿ ਪੰਜਾਬ ਦੇ ਦਰਿਆਈ ਪਾਣੀ ਇੱਕ ਬਹੁਤ ਹੀ ਸੰਵੇਦਨਸ਼ੀਲ ਅਤੇ ਭਾਵਨਾਤਮਕ ਮੁੱਦਾ ਹੈ ਜੋ ਸਿੱਧੇ ਤੌਰ ’ਤੇ ਸੂਬੇ ਦੀ ਖੇਤੀਬਾੜੀ ਆਰਥਿਕਤਾ, ਸੰਘੀ ਅਧਿਕਾਰਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਪਹਿਲਾਂ ਹੀ ਗੰਭੀਰ ਪਾਣੀ ਸੰਕਟ ਦਾ ਸਾਹਮਣਾ ਕਰ ਰਿਹਾ ਹੈ, ਜਿਸ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਚਿੰਤਾਜਨਕ ਦਰ ਨਾਲ ਹੇਠਾਂ ਜਾ ਰਿਹਾ ਹੈ ਅਤੇ ਕਈ ਜ਼ਿਲ੍ਹੇ ਮਾਰੂਥਲੀਕਰਨ ਵੱਲ ਵਧ ਰਹੇ ਹਨ।

ਸੁਖਪਾਲ ਸਿੰਘ ਖਹਿਰਾ ਨੇ ਸਪਸ਼ਟ ਤੌਰ ’ਤੇ ਕਿਹਾ ਕਿ ਪੰਜਾਬ ਕੋਲ ਵਾਧੂ ਪਾਣੀ ਦੀ ਇੱਕ ਵੀ ਬੂੰਦ ਵੀ ਨਹੀਂ ਹੈ। ਦਬਾਅ ਜਾਂ ਰਾਜਨੀਤਿਕ ਵਿਚਾਰਾਂ ਹੇਠ ਪੰਜਾਬ ਦੇ ਜਾਇਜ਼ ਹਿੱਸੇ ਨੂੰ ਮੰਨਣ ਦਾ ਕੋਈ ਵੀ ਕਦਮ ਸੂਬੇ ਦੇ ਕਿਸਾਨਾਂ ਅਤੇ ਲੋਕਾਂ ਨਾਲ ਇਤਿਹਾਸਕ ਵਿਸ਼ਵਾਸਘਾਤ ਹੋਵੇਗਾ। (ਬਾਕੀ ਸਫ਼ਾ 26 ’ਤੇ)

## ਪੰਜਾਬ ਦੇ ਦਰਿਆਈ ਪਾਣੀਆਂ ਨੂੰ ਹਰਿਆਣਾ ਨੂੰ ਦੇਣ ਲਈ ਜਾਇਜ਼ ਠਹਿਰਾਉਣਾ ਨਿੰਦਣਯੋਗ: ਸੁਖਬੀਰ ਬਾਦਲ



ਚੰਡੀਗੜ੍ਹ/ਏ.ਟੀ.ਨਿਊਜ਼: ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਦੇ ਬਿਆਨ ਦੀ ਸਖ਼ਤ ਨਿਖੇਧੀ ਕੀਤੀ ਹੈ। ਸੁਖਬੀਰ ਬਾਦਲ ਨੇ ਕਿਹਾ ਕਿ ਭਗਵੰਤ ਮਾਨ ਵੱਲੋਂ ਸਾਜ਼ਿਸ਼ੀ ਤਰੀਕੇ ਨਾਲ ਭਾਈ ਕਨ੍ਹਈਆ ਜੀ ਦਾ ਇਤਿਹਾਸਿਕ ਹਵਾਲਾ ਦੇ ਕੇ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਹੋਰਨਾਂ ਸੂਬਿਆਂ ਖ਼ਾਸ ਕਰਕੇ ਹਰਿਆਣਾ ਨੂੰ ਦੇਣ ਲਈ ਜਾਇਜ਼ ਠਹਿਰਾਉਣਾ ਨਿੰਦਣਯੋਗ ਅਤੇ ਇਤਿਹਾਸ ਦੀ ਬੇਅਦਬੀ ਹੈ। ਦਸਮ ਪਾਤਸ਼ਾਹ ਜੀ ਨੇ ਦਇਆ ਭਾਵਨਾ ਨਾਲ ਸੇਵਾ ਕਾਰਜ ਕਰਨ ਦੀ ਸਿੱਖਿਆ ਦਿੱਤੀ ਪਰ ਨਾਲ ਹੀ ਸਾਨੂੰ ਆਪਣੇ ਹੱਕਾਂ ਲਈ ਜੂਝਣਾ ਵੀ ਸਿਖਾਇਆ। ਸੁਖਬੀਰ ਨੇ ਕਿਹਾ ਕਿ ਭਾਈ ਕਨ੍ਹਈਆ ਜੀ ਵੱਲੋਂ ਜੰਗ ਦੇ ਮੈਦਾਨ ਵਿਚ ਜ਼ਖ਼ਮੀਆਂ ਨੂੰ ਪਾਣੀ ਪਿਲਾਉਣਾ ਦਇਆ ਅਤੇ ਮਨੁੱਖਤਾ ਦੀ ਉੱਚੀ ਮਿਸਾਲ ਸੀ ਪਰ ਪੰਜਾਬ ਦੇ ਜੀਵਨ ਸਰੋਤ ਦਰਿਆਈ ਪਾਣੀਆਂ ਨੂੰ ਲੁਟਾ ਦੇਣਾ ਬਿਲਕੁਲ ਵੱਖਰਾ ਵਿਸ਼ਾ ਹੈ।

ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਭਗਵੰਤ ਮਾਨ ਨੂੰ ਸਿੱਖ ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਕਰਨ ਬਦਲੇ ਤੁਰੰਤ ਮੁਆਫ਼ੀ ਮੰਗਣੀ ਚਾਹੀਦੀ ਹੈ। ਇਹ ਮਾਮਲਾ ਪੰਜਾਬ ਦੇ ਦਰਿਆਈ ਪਾਣੀਆਂ ਲਈ ਬਣੇ ਰਿਪੇਰੀਅਨ ਅਧਿਕਾਰਾਂ ਦਾ ਹੈ, ਨਾ ਕਿ ਦਾਨ ਦੇਣ ਦਾ। (ਬਾਕੀ ਸਫ਼ਾ 26 ’ਤੇ)

# ਪੰਜਾਬ ’ਚ ਵਿਦੇਸ਼ੀ ਗੈਂਗਸਟਰ ਨੈੱਟਵਰਕ: ਪੰਜਾਬ ਸਰਕਾਰ ਲਈ ਇੱਕ ਗੰਭੀਰ ਚੁਣੌਤੀ

## ਪੰਜਾਬ ਪੁਲਿਸ ਦਾ ‘ਗੈਂਗਸਟਰਾਂ ’ਤੇ ਵਾਰ’: ਮੁਕਾਬਲੇ ਅਤੇ ਗ੍ਰਿਫ਼ਤਾਰੀਆਂ ਜਾਰੀ



ਪੰਜਾਬ ਵਿੱਚ ਗੈਂਗਵਾਰ ਅਤੇ ਅਪਰਾਧਿਕ ਗਤੀਵਿਧੀਆਂ ਦਾ ਜਾਲ ਵਿਦੇਸ਼ਾਂ ਤੋਂ ਫ਼ੈਲ ਰਿਹਾ ਹੈ। ਪੰਜਾਬ ਪੁਲਿਸ ਦੇ ਅਨੁਸਾਰ, ਵਿਦੇਸ਼ ਵਿੱਚ ਬੈਠ ਕੇ ਰਾਜ ਵਿੱਚ ਅਸ਼ਾਂਤੀ ਫ਼ੈਲਾਉਣ ਵਾਲੇ ਜ਼ਿਆਦਾਤਰ ਗੈਂਗਸਟਰ ਅਮਰੀਕਾ ਵਿੱਚ ਛੁਪੇ ਹੋਏ ਹਨ। ਵਿਦੇਸ਼ ਵਿੱਚ ਸਰਗਰਮ 61 ਗੈਂਗਸਟਰਾਂ ਵਿੱਚੋਂ 18 ਅਮਰੀਕਾ ਵਿੱਚ ਹਨ, ਜਦਕਿ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਵਿੱਚ 9 ਭਗੌੜੇ ਮੌਜੂਦ ਹਨ। ਇਹ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਅਰਜੂ ਬਿਸ਼ਨੋਈ ਵੱਲੋਂ ਚਲਾਏ ਜਾਂਦੇ ਗਿਰੋਹਾਂ, ਲੱਕੀ ਪਟਿਆਲ ਦੇ ਬੰਬੀਹਾ ਗੈਂਗ, ਗੋਪੀ ਘਣਸ਼ਾਮਪੁਰੀਆ ਗੈਂਗ ਅਤੇ ਪਾਕਿਸਤਾਨ ਵਿੱਚ ਬੈਠੇ ਖਾੜਕੂ ਹਰਵਿੰਦਰ ਸਿੰਘ ਰਿੰਦਾ ਅਤੇ ਲਖਬੀਰ ਸਿੰਘ ਲੰਡਾ ਦੇ ਗਿਰੋਹ ਨਾਲ ਜੁੜੇ ਹੋਏ ਹਨ।ਵਿਦੇਸ਼ ਵਿੱਚ ਬੈਠ ਕੇ ਅਪਰਾਧਿਕ ਸਿੰਡੀਕੇਟ ਚਲਾਉਣ ਵਾਲੇ ਇਹ ਗੈਂਗਸਟਰ ਭਾਰਤੀ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਲਈ ਲੰਮੇ ਸਮੇਂ ਤੋਂ ਸਿਰਦਰਦੀ ਬਣੇ ਹੋਏ ਹਨ, ਖਾਸ ਕਰ ਪੰਜਾਬ, ਰਾਜਸਥਾਨ, ਹਰਿਆਣਾ ਅਤੇ ਦਿੱਲੀ ਵਿੱਚ। ਇਨ੍ਹਾਂ ਗੈਂਗਸਟਰਾਂ ਦੇ ਨਿਰਦੇਸ਼ਾਂ ’ਤੇ ਕਈ ਹਾਈ-ਪ੍ਰੋਫਾਈਲ ਹੱਤਿਆਵਾਂ ਕੀਤੀਆਂ ਗਈਆਂ ਹਨ। ਪਿਛਲੇ ਕੁਝ ਸਾਲਾਂ ਵਿੱਚ ਪੰਜਾਬ ਕਈ ਹੱਤਿਆਵਾਂ ਨਾਲ ਦਹਿਲ ਚੁੱਕਾ ਹੈ। ਇਨ੍ਹਾਂ ਵਿੱਚ ਮਸ਼ਹੂਰ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਦੀ ਹੱਤਿਆ ਸ਼ਾਮਲ ਹੈ। ਇਸ ਤੋਂ ਇਲਾਵਾ ਪੰਜਾਬ ਅਤੇ ਹਰਿਆਣਾ ਵਿੱਚ ਪੁਲਿਸ ਥਾਣਿਆਂ ਅਤੇ ਚੌਕੀਆਂ ਵਰਗੇ ਸੁਰੱਖਿਆ ਥਾਣਿਆਂ ’ਤੇ ਹਮਲੇ ਹੋਏ ਹਨ, ਨਾਲ ਹੀ ਮੋਹਾਲੀ ਵਿੱਚ ਪੰਜਾਬ ਪੁਲੀਸ ਦੀ ਇੰਟੈਲੀਜੈਂਸ ਵਿੰਗ ਦੇ ਮੁੱਖ ਦਫ਼ਤਰ ’ਤੇ ਵੀ ਹਮਲਾ ਹੋਇਆ ਹੈ।ਮਈ 2022 ਵਿੱਚ ਮੂਸੇਵਾਲਾ ਦੀ ਹੱਤਿਆ ਵਿੱਚ ਅਮਰੀਕਾ ਵਿੱਚ ਬੈਠੇ ਸਤਵਿੰਦਰ ਸਿੰਘ ਗੋਲਡੀ ਬਰਾੜ ਦੀ ਭੂਮਿਕਾ ਸਾਹਮਣੇ ਆਈ ਸੀ। ਉਸੇ ਮਹੀਨੇ ਪੰਜਾਬ ਪੁਲਿਸ ਦੀ ਇੰਟੈਲੀਜੈਂਸ ਵਿੰਗ ਦੇ ਮੁੱਖ ਦਫ਼ਤਰ ’ਤੇ ਹੋਏ ਹਮਲੇ ਦੇ ਮਾਸਟਰਮਾਈਂਡ ਰਿੰਦਾ ਅਤੇ ਲੰਡਾ ਪਾਏ ਗਏ ਸਨ। ਹਾਲੀਆ ਮਹੀਨਿਆਂ ਵਿੱਚ ਬ੍ਰਾਜ਼ੀਲ ਵਿੱਚ ਬੈਠੇ ਗੈਂਗਸਟਰ ਪ੍ਰਭਦੀਪ ਸਿੰਘ ਅਤੇ ਯੂਕੇ ਵਿੱਚ ਬੈਠੇ ਬਲਵਿੰਦਰ ਸਿੰਘ ਡੋਨੀ ਨੇ ਅੰਮ੍ਰਿਤਸਰ ਵਿੱਚ ਆਪ ਪਾਰਟੀ ਦੇ ਇੱਕ ਸਰਪੰਚ ਅਤੇ ਮੋਹਾਲੀ ਵਿੱਚ ਇੱਕ ਕਬੱਡੀ ਪ੍ਰਮੋਟਰ ਦੀ ਕੀਤੀ ਗਈ ਹੱਤਿਆ ਦੀ ਜ਼ਿੰਮੇਵਾਰੀ ਲਈ ਸੀ।

ਅਮਰੀਕਾ ਅਤੇ ਯੂ.ਏ.ਈ. ਤੋਂ ਇਲਾਵਾ, ਇਸ ਵੇਲੇ ਛੇ ਗੈਂਗਸਟਰ ਕੈਨੇਡਾ ਤੋਂ ਕੰਮ ਕਰ ਰਹੇ ਹਨ। ਉੱਥੇ 15 ਗੈਂਗਸਟਰ ਯੂਨਾਈਟਿਡ ਕਿੰਗਡਮ, ਜਰਮਨੀ ਅਤੇ ਯੂਰਪ ਵਿੱਚ ਮੌਜੂਦ ਹਨ। ਤਿੰਨ ਗੈਂਗਸਟਰ ਆਸਟ੍ਰੇਲੀਆ ਤੋਂ, ਦੋ ਥਾਈਲੈਂਡ ਜਾਂ ਮਲੇਸ਼ੀਆ ਤੋਂ ਅਤੇ ਇੱਕ-ਇੱਕ ਗੈਂਗਸਟਰ ਗ੍ਰੀਸ ਅਤੇ ਇੰਡੋਨੇਸ਼ੀਆ ਤੋਂ ਆਪਰੇਟ ਕਰ ਰਹੇ ਹਨ। ਪੰਜਾਬ ਪੁਲਿਸ ਨੇ ਇਨ੍ਹਾਂ ਵਿਦੇਸ਼ ਵਿੱਚ ਬੈਠੇ ਗੈਂਗਸਟਰਾਂ ਦੇ ਜ਼ਮੀਨੀ ਗੁਰਗਿਆਂ ਵਿਰੁੱਧ ‘ਗੈਂਗਸਟਰਾਂ ’ਤੇ ਵਾਰ’ ਮੁਹਿੰਮ ਸ਼ੁਰੂ ਕੀਤੀ ਅਤੇ ਇਸ ਮੁਹਿੰਮ ਵਿੱਚ 3,256 ਸ਼ੱਕੀ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਡੀਜੀਪੀ ਯਾਦਵ ਨੇ ਦੱਸਿਆ ਕਿ ਇਨ੍ਹਾਂ ਗੈਂਗਸਟਰਾਂ ਨੂੰ ਵਾਪਸ ਲਿਆਉਣ ਲਈ,ਪੰਜਾਬ ਪੁਲਿਸ ਨੇ ਆਪਣੀ ਕਾਊਂਟਰ-ਇੰਟੈਲੀਜੈਂਸ ਯੂਨਿਟ ਵਿੱਚ ਇੱਕ ਵਿਸ਼ੇਸ਼ ਸੈੱਲ ਬਣਾਇਆ ਹੈ। ਇਸ ਯੂਨਿਟ ਦਾ ਨਾਂ ਓਵਰਸੀਜ਼ ਫ਼ਿਊਜ਼ਿਟਿਵ ਟ੍ਰੈਕਿੰਗ ਐਂਡ ਐਕਸਟ੍ਰੈਡਿਸ਼ਨ ਸੈੱਲ ਹੈ, ਜਿਸ ਦੀ ਅਗਵਾਈ ਡਿਪਟੀ ਇੰਸਪੈਕਟਰ ਜਨਰਲ ਰੈਂਕ ਦਾ ਅਧਿਕਾਰੀ ਕਰੇਗਾ।

### ਪੰਜਾਬ ਵਿੱਚ ਕਿੰਨੇ ਗੈਂਗਸਟਰ ਗ੍ਰਿਫ਼ਤਾਰ ਅਤੇ ਮਾਰੇ ਗਏ

2022 ਤੋਂ 2026 ਤੱਕ ਪੰਜਾਬ ਪੁਲਿਸ ਨੇ ਗੈਂਗਸਟਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਹੈ। ਅਪ੍ਰੈਲ 2022 ਤੋਂ ਅਕਤੂਬਰ 2025 ਤੱਕ ਪੰਜਾਬ ਵਿੱਚ ਪੁਲੀਸ ਅਤੇ ਗੈਂਗਾਂ ਵਿਚਕਾਰ 324 ਮੁਕਾਬਲੇ ਹੋਏ, ਜਿਨ੍ਹਾਂ ਵਿੱਚ 24 ਗੈਂਗਸਟਰ ਮਾਰੇ ਗਏ ਅਤੇ 515 ਗ੍ਰਿਫ਼ਤਾਰ ਕੀਤੇ ਗਏ। ਇਸੇ ਸਮੇਂ ਵਿੱਚ ਪੁਲਿਸ ਨੇ 962 ਗੈਂਗਸਟਰ ਅਤੇ ਅਪਰਾਧੀ ਮਾਡਿਊਲ ਨਸ਼ਟ ਕੀਤੇ ਅਤੇ 2,536 ਅਪਰਾਧੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ। 2025 ਵਿੱਚ ਹੀ 925 ਗੈਂਗਸਟਰ ਗ੍ਰਿਫ਼ਤਾਰ ਹੋਏ ਸਨ। ਜਨਵਰੀ 2026 ਵਿੱਚ ‘ਆਪਰੇਸ਼ਨ ਪ੍ਰਹਾਰ’ ਵਿੱਚ 3,256 ਸ਼ੱਕੀ ਬੰਦਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਕੁੱਲ ਮਿਲਾ ਕੇ 2022 ਤੋਂ 2026 ਤੱਕ ਲਗਭਗ 6,000 ਤੋਂ ਵੱਧ ਗੈਂਗਸਟਰ ਅਤੇ ਅਪਰਾਧੀ ਗ੍ਰਿਫ਼ਤਾਰ ਹੋਏ ਸਨ ਅਤੇ 30 ਤੋਂ ਵੱਧ ਮਾਰੇ ਗਏ ਹਨ। ਇਹ ਅੰਕੜੇ ਪੰਜਾਬ ਪੁਲਿਸ ਦੇ ਡੀਜੀਪੀ ਗੌਰਵ ਯਾਦਵ ਵੱਲੋਂ ਜਾਰੀ ਕੀਤੇ ਗਏ ਸਨ। ਪੁਲਿਸ ਨੇ ਇਨ੍ਹਾਂ ਕਾਰਵਾਈਆਂ ਵਿੱਚ ਵੱਡੀ ਮਾਤਰਾ ਵਿੱਚ ਹਥਿਆਰ ਅਤੇ ਨਸ਼ੇ ਵੀ ਜ਼ਬਤ ਕੀਤੇ ਸਨ।

ਪੰਜਾਬ ਪੁਲਿਸ ਵੱਲੋਂ ਬੀਤੇ ਦਿਨੀਂ 20 ਜਨਵਰੀ ਤੋਂ ਸ਼ੁਰੂ ਕੀਤੇ 72 ਘੰਟਿਆਂ ਦੇ ਬੇਮਿਸਾਲ ‘ਗੈਂਗਸਟਰਾਂ ’ਤੇ ਵਾਰ’ ਅਪਰੇਸ਼ਨ ਦੌਰਾਨ ਪੰਜਾਬ ਪੁਲਿਸ ਨੇ 61 ਵੱਡੇ ਗੈਂਗਸਟਰਾਂ ਦੇ ਨੈੱਟਵਰਕ ਨੂੰ ਬੇਨਕਾਬ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ 61 ਗੈਂਗਸਟਰਾਂ ਦੇ 4,871 ਸਾਥੀਆਂ ਨੂੰ ਕਾਬੂ ਕੀਤਾ ਗਿਆ ਸੀ ਅਤੇ 3,256 ਦੀ ਰਸਮੀ ਤੌਰ ’ਤੇ ਗ੍ਰਿਫ਼ਤਾਰੀ ਪਾਈ ਗਈ ਸੀ। ਪਹਿਲੀ ਵਾਰ ਇਨ੍ਹਾਂ ਚੋਟੀ ਦੇ 61 ਗੈਂਗਸਟਰਾਂ ਅਤੇ ਉਨ੍ਹਾਂ ਦੇ ਅਪਰਾਧਾਂ ਦੀ ਇੱਕ ਵਿਸਤ੍ਰਿਤ ਸੂਚੀ ਜਨਤਕ ਕੀਤੀ ਗਈ ਹੈ।

### ਪੰਜਾਬ ’ਚ ਗੈਂਗਵਾਰ ਵਿਦੇਸ਼ ਤੋਂ ਸੰਚਾਲਿਤ ਕਿਉਂ ?

ਪੰਜਾਬ ਵਿੱਚ ਗੈਂਗਵਾਰ ਵਿਦੇਸ਼ ਤੋਂ ਸੰਚਾਲਿਤ ਹੋਣ ਦੇ ਕਈ ਕਾਰਨ ਹਨ। ਪਹਿਲਾਂ ਤਾਂ ਇਹ ਗੈਂਗਸਟਰ ਭਾਰਤੀ ਕਾਨੂੰਨ ਤੋਂ ਬਚਣ ਲਈ ਵਿਦੇਸ਼ ਭੱਜ ਜਾਂਦੇ ਹਨ। ਅਮਰੀਕਾ, ਕੈਨੇਡਾ ਅਤੇ ਯੂਰਪ ਵਰਗੇ ਦੇਸ਼ਾਂ ਵਿੱਚ ਉਹ ਆਸਾਨੀ ਨਾਲ ਨਵੀਂ ਪਛਾਣ ਬਣਾ ਲੈਂਦੇ ਹਨ ਅਤੇ ਸੋਸ਼ਲ ਮੀਡੀਆ ਅਤੇ ਡਿਜੀਟਲ ਪਲੇਟਫ਼ਾਰਮਾਂ ਰਾਹੀਂ ਆਪਣੇ ਗੁਰਗਿਆਂ ਨੂੰ ਨਿਰਦੇਸ਼ ਦਿੰਦੇ ਹਨ। ਇਹ ਲੋਕ ਵੱਡੇ ਪੱਧਰ ’ਤੇ ਜਬਰੀ ਵਸੂਲੀ, ਨਸ਼ਾ ਤਸਕਰੀ ਅਤੇ ਟਾਰਗੇਟ ਕਿਲਿੰਗ ਨੂੰ ਅੰਜਾਮ ਦਿੰਦੇ ਹਨ। ਵਿਦੇਸ਼ ਵਿੱਚ ਬੈਠ ਕੇ ਉਹ ਪਾਕਿਸਤਾਨੀ ਖੁਫ਼ੀਆ ਏਜੰਸੀ ਆਈ.ਐੱਸ.ਆਈ. ਨਾਲ ਵੀ ਸਬੰਧ ਬਣਾਉਂਦੇ ਹਨ, ਜਿਸ ਨਾਲ ਉਨ੍ਹਾਂ ਨੂੰ ਹਥਿਆਰ ਅਤੇ ਵਿੱਤੀ ਮੱਦਦ ਮਿਲਦੀ ਹੈ। ਇਹ ਗੈਂਗਸਟਰ ਸੋਸ਼ਲ ਮੀਡੀਆ ’ਤੇ ਅਪਰਾਧਾਂ ਦੀ ਜ਼ਿੰਮੇਵਾਰੀ ਲੈ ਕੇ ਡਰ ਪੈਦਾ ਕਰਦੇ ਹਨ ਅਤੇ ਨੌਜਵਾਨਾਂ ਨੂੰ ਆਕਰਸ਼ਿਤ ਕਰਦੇ ਹਨ। ਸਮਾਜ ਵਿਗਿਆਨੀਆਂ ਅਨੁਸਾਰ, ਬੇਰੁਜ਼ਗਾਰੀ ਅਤੇ ਨੌਜਵਾਨਾਂ ਵਿੱਚ ਗੈਂਗਸਟਰ ਕਲਚਰ ਦਾ ਵਧਦਾ ਪ੍ਰਭਾਵ ਵੀ ਇਸ ਦਾ ਕਾਰਨ ਹੈ।

# ਤਖ਼ਤ ਸ੍ਰੀ ਪਟਨਾ ਸਾਹਿਬ ਚੋਣਾਂ ਵਿੱਚ ਵੱਡੀ ਗੜਬੜੀ ਦਾ ਖਦਸ਼ਾ

## 'ਸਿੱਖ ਕਲੈਕਟਿਵ' ਨੇ ਵੋਟਰ ਸੂਚੀਆਂ ਵਿੱਚ ਗ਼ੈਰ-ਸਿੱਖਾਂ ਦੀ ਸ਼ਮੂਲੀਅਤ 'ਤੇ ਚੁੱਕੇ ਸਵਾਲ

ਤਖ਼ਤ ਸ੍ਰੀ ਪਟਨਾ ਸਾਹਿਬ, ਜੋ ਸਿੱਖ ਧਰਮ ਦੇ ਪੰਜ ਤਖ਼ਤਾਂ ਵਿੱਚੋਂ ਇੱਕ ਹੈ, ਇਸ ਵੇਲੇ ਇੱਕ ਵੱਡੇ ਵਿਵਾਦ ਵਿੱਚ ਘਿਰਿਆ ਹੋਇਆ ਹੈ। ਇਹ ਵਿਵਾਦ 2026 ਵਿੱਚ ਹੋਣ ਵਾਲੀਆਂ ਆਮ ਚੋਣਾਂ ਨਾਲ ਜੁੜਿਆ ਹੈ। ਸਿੱਖ ਕਲੈਕਟਿਵ ਨਾਂਅ ਦੀ ਸੰਸਥਾ ਨੇ ਵੋਟਰ ਸੂਚੀਆਂ ਵਿੱਚ ਗ਼ੈਰ-ਸਿੱਖਾਂ ਦੇ ਨਾਮ ਸ਼ਾਮਲ ਹੋਣ 'ਤੇ ਸਖ਼ਤ ਇਤਰਾਜ਼ ਜਤਾਇਆ ਹੈ। ਉਨ੍ਹਾਂ ਅਨੁਸਾਰ, ਤਿੰਨ ਹਲਕਿਆਂ ਵਿੱਚ ਕੁੱਲ 3,637 ਵੋਟਰਾਂ ਵਿੱਚੋਂ 287 ਨਾਮ ਅਜਿਹੇ ਹਨ ਜੋ ਸ਼ੱਕੀ ਹਨ ਅਤੇ ਗ਼ੈਰ-ਸਿੱਖ ਜਾਪਦੇ ਹਨ। ਇਹ ਗਿਣਤੀ ਕਰੀਬ 7.9 ਫੀਸਦੀ ਬਣਦੀ ਹੈ। ਇਸ ਨਾਲ ਚੋਣ ਪ੍ਰਕਿਰਿਆ ਦੀ ਨਿਰਪੱਖਤਾ 'ਤੇ ਸਵਾਲ ਉੱਠ ਰਹੇ ਹਨ।

ਤਖ਼ਤ ਸ੍ਰੀ ਪਟਨਾ ਸਾਹਿਬ ਸਿੱਖ ਧਰਮ ਲਈ ਬਹੁਤ ਮਹੱਤਵਪੂਰਨ ਸਥਾਨ ਹੈ। ਇਹ ਬਿਹਾਰ ਦੀ ਰਾਜਧਾਨੀ ਪਟਨਾ ਵਿੱਚ ਸਥਿਤ ਹੈ ਅਤੇ ਇੱਥੇ ਹੀ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹੋਇਆ ਸੀ। ਗੁਰੂ ਜੀ ਦਾ ਜਨਮ 22 ਦਸੰਬਰ 1666 ਨੂੰ ਹੋਇਆ ਅਤੇ ਉਨ੍ਹਾਂ ਨੇ ਆਪਣੇ ਬਚਪਨ ਦੇ ਕੁਝ ਸਾਲ ਇੱਥੇ ਬਿਤਾਏ ਸਨ। ਇਸ ਤੋਂ ਇਲਾਵਾ, ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਵੀ ਇੱਥੇ ਆਏ ਸਨ। ਮਹਾਰਾਜਾ ਰਣਜੀਤ ਸਿੰਘ ਨੇ 19ਵੀਂ ਸਦੀ ਵਿੱਚ ਇਸ ਨੂੰ ਬਣਵਾਇਆ ਸੀ। 1934 ਵਿੱਚ ਭੂਚਾਲ ਨਾਲ ਨੁਕਸਾਨ ਹੋਣ ਤੋਂ ਬਾਅਦ ਇਸ ਨੂੰ 1948 ਤੋਂ 1957 ਵਿੱਚ ਦੁਬਾਰਾ ਬਣਾਇਆ ਗਿਆ ਸੀ। ਇਹ ਪੰਜ ਤਖ਼ਤਾਂ ਵਿੱਚੋਂ ਇੱਕ ਹੈ ਜੋ ਸਿੱਖ ਧਰਮ ਦੇ ਧਾਰਮਿਕ ਅਤੇ ਰਾਜਨੀਤਿਕ ਨਿਰਣੇ ਲੈਂਦੇ ਹਨ।



ਤਖ਼ਤ ਦਾ ਪ੍ਰਬੰਧ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਕਰਦੀ ਹੈ। ਇਸ ਕਮੇਟੀ ਦੇ ਮੈਂਬਰਾਂ ਦੀ ਚੋਣ ਕੁਝ ਸਾਲਾਂ ਬਾਅਦ ਹੁੰਦੀ ਹੈ। ਚੋਣਾਂ ਬਿਹਾਰ ਰਾਜ ਚੋਣ ਅਥਾਰਟੀ ਦੀ ਨਿਗਰਾਨੀ ਹੇਠ ਹੁੰਦੀਆਂ ਹਨ। ਨਿਯਮ ਅਨੁਸਾਰ, ਵੋਟ ਪਾਉਣ ਦਾ ਅਧਿਕਾਰ ਸਿਰਫ਼ ਸਿੱਖਾਂ ਨੂੰ ਹੀ ਹੈ, ਕਿਉਂਕਿ ਇਹ ਧਾਰਮਿਕ ਸੰਸਥਾ ਹੈ। ਗ਼ੈਰ-ਸਿੱਖਾਂ ਨੂੰ ਵੋਟ ਨਹੀਂ ਪਾਉਣੀ ਚਾਹੀਦੀ। ਪਰ ਹੁਣ ਵੋਟਰ ਸੂਚੀਆਂ ਵਿੱਚ ਗ਼ੈਰ-ਸਿੱਖ ਨਾਮਾਂ ਦੀ ਸ਼ਮੂਲੀਅਤ ਨੇ ਸਭ ਨੂੰ ਚਿੰਤਤ ਕਰ ਦਿੱਤਾ ਹੈ।

ਸਿੱਖ ਕਲੈਕਟਿਵ ਇੱਕ ਅਜਿਹੀ ਸੰਸਥਾ ਹੈ ਜੋ ਗੁਰਦੁਆਰਾ ਪ੍ਰਬੰਧ ਕਮੇਟੀਆਂ ਵਿੱਚ ਪਾਰਦਰਸ਼ਤਾ ਅਤੇ ਸੁਧਾਰ ਲਿਆਉਣ ਲਈ ਕੰਮ ਕਰਦੀ ਹੈ। ਉਹ ਵਕਾਲਤ ਅਤੇ ਅਦਾਲਤੀ ਕਾਰਵਾਈਆਂ ਰਾਹੀਂ ਇਹ ਕੰਮ ਕਰਦੇ ਹਨ। ਉਨ੍ਹਾਂ ਨੇ ਬਿਹਾਰ ਰਾਜ ਚੋਣ ਅਥਾਰਟੀ ਦੇ ਮੁੱਖ ਚੋਣ ਅਧਿਕਾਰੀ ਗਿਰਿਸ਼ ਸ਼ੰਕਰ (ਸੇਵਾਮੁਕਤ ਆਈਏਐਸ), ਪਟਨਾ ਦੇ ਜ਼ਿਲ੍ਹਾ ਅਤੇ ਸੈਸ਼ਨ ਜੱਜ ਰੂਪੇਸ਼ ਦੇਓ (ਜੋ ਤਖ਼ਤ ਪਟਨਾ ਸਾਹਿਬ ਕਮੇਟੀ ਦੇ ਕਸਟੋਡੀਅਨ ਹਨ), ਅਤੇ ਤਖ਼ਤ ਪਟਨਾ ਸਾਹਿਬ ਕਮੇਟੀ ਦੇ ਜਨਰਲ ਸਕੱਤਰ ਨੂੰ ਪੱਤਰ ਲਿਖੇ ਹਨ। ਇਨ੍ਹਾਂ ਪੱਤਰਾਂ ਵਿੱਚ ਉਨ੍ਹਾਂ ਨੇ ਡਰਾਫਟ ਵੋਟਰ ਸੂਚੀਆਂ ਵਿੱਚ ਗੰਭੀਰ ਗਲਤੀਆਂ ਅਤੇ ਗੈਰ-ਸਿੱਖ ਵੋਟਰਾਂ ਦੇ ਨਾਮਾਂ 'ਤੇ ਇਤਰਾਜ਼ ਜਤਾਇਆ ਹੈ।

ਸਿੱਖ ਕਲੈਕਟਿਵ ਨੇ ਤਿੰਨ ਹਲਕਿਆਂ ਦੇ ਵੋਟਰਾਂ ਨੂੰ ਜਾਂਚਿਆ ਹੈ। ਹਲਕਾ 1 ਵਿੱਚ ਕੁੱਲ 1,602 ਵੋਟਰ ਹਨ ਅਤੇ ਉਨ੍ਹਾਂ ਵਿੱਚੋਂ 168 ਸ਼ੱਕੀ ਹਨ। ਇਨ੍ਹਾਂ ਵਿੱਚ 19 ਸਪੱਸ਼ਟ ਗੈਰ-ਸਿੱਖ, 144 ਅਜਿਹੇ ਜਿਨ੍ਹਾਂ ਦੇ ਨਾਮ ਗੈਰ-ਸਿੱਖ ਹਨ ਪਰ ਪਿਤਾ ਜਾਂ ਪਤੀ ਦੇ ਨਾਮ ਨਾਲ 'ਸਿੰਘ' ਲਗਾ ਕੇ ਸਿੱਖ ਜਾਪਣ ਵਾਲੇ ਅਤੇ 5 ਅਜਿਹੇ ਜੋ ਪੜ੍ਹਨਯੋਗ ਨਹੀਂ ਹਨ। ਹਲਕਾ 2 ਵਿੱਚ 776 ਵੋਟਰਾਂ ਵਿੱਚੋਂ 45 ਸ਼ੱਕੀ ਹਨ – 4 ਗੈਰ-ਸਿੱਖ, 37 ਲਿੰਕ ਵਾਲੇ ਅਤੇ 4 ਅਸਪੱਸ਼ਟ। ਹਲਕਾ 3 ਵਿੱਚ 1,259 ਵਿੱਚੋਂ 74 ਸ਼ੱਕੀ – 14 ਗੈਰ-ਸਿੱਖ, 58 ਲਿੰਕ ਵਾਲੇ ਅਤੇ 2 ਅਸਪੱਸ਼ਟ। ਇਹ ਪੈਟਰਨ ਸਾਰੇ ਹਲਕਿਆਂ ਵਿੱਚ ਇੱਕੋ ਜਿਹਾ ਹੈ, ਜੋ ਦੱਸਦਾ ਹੈ ਕਿ ਇਹ ਗਲਤੀ ਨਹੀਂ ਬਲਕਿ ਵਿਆਪਕ ਨਾਕਾਮੀ ਹੈ।

ਸਿੱਖ ਕਲੈਕਟਿਵ ਦੇ ਕਨਵੀਨਰ ਜਗਮੋਹਨ ਸਿੰਘ ਨੇ ਕਿਹਾ ਹੈ ਕਿ 'ਸਾਡੀ ਸੰਸਥਾ ਗੁਰਦੁਆਰਾ ਪ੍ਰਬੰਧ ਵਿੱਚ ਪਾਰਦਰਸ਼ਤਾ ਲਈ ਕੰਮ ਕਰ ਰਹੀ ਹੈ। ਗ਼ੈਰ-ਸਿੱਖਾਂ ਨੂੰ ਵੋਟਰ ਸੂਚੀ ਵਿੱਚ ਸ਼ਾਮਲ ਕਰਨਾ ਕਾਨੂੰਨੀ ਅਤੇ ਧਾਰਮਿਕ ਨਿਯਮਾਂ ਦੀ ਉਲੰਘਣਾ ਹੈ। ਗੁਰਦੁਆਰੇ ਸਭ ਲਈ ਖੁੱਲ੍ਹੇ ਹਨ ਪਰ ਪ੍ਰਬੰਧਕੀ ਚੋਣਾਂ ਵਿੱਚ ਵੋਟ ਸਿਰਫ਼ ਸਿੱਖਾਂ ਨੂੰ ਹੀ ਮਿਲਣੀ ਚਾਹੀਦੀ ਹੈ।' ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਇਹ ਗਲਤੀਆਂ ਨੂੰ ਜਲਦੀ ਠੀਕ ਨਾ ਕੀਤਾ ਗਿਆ ਤਾਂ ਉਹ ਅਦਾਲਤ ਜਾਣਗੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵੀ ਜਾਣਕਾਰੀ ਦੇਣਗੇ।

ਇਸ ਵਿਵਾਦ ਨੇ ਸਿੱਖ ਭਾਈਚਾਰੇ ਵਿੱਚ ਰੋਸ ਪੈਦਾ ਕੀਤਾ ਹੈ। ਬਹੁਤੇ ਲੋਕ ਮੰਨਦੇ ਹਨ ਕਿ ਇਹ ਧਾਰਮਿਕ ਸੰਸਥਾਵਾਂ 'ਤੇ ਗ਼ੈਰ-ਸਿੱਖ ਪ੍ਰਭਾਵ ਵਧਾਉਣ ਦੀ ਕੋਸ਼ਿਸ਼ ਹੈ। ਤਖ਼ਤ ਪਟਨਾ ਸਾਹਿਬ ਵਰਗੀਆਂ ਜਗ੍ਹਾਵਾਂ ਸਿੱਖ ਧਰਮ ਦੇ ਨਿਰਣੇ ਲੈਣ ਵਾਲੀਆਂ ਹਨ ਅਤੇ ਇਨ੍ਹਾਂ ਨੂੰ ਸਿੱਖ ਹੱਥਾਂ ਵਿੱਚ ਰੱਖਣਾ ਜ਼ਰੂਰੀ ਹੈ। ਪਿਛਲੇ ਸਾਲਾਂ ਵਿੱਚ ਵੀ ਅਜਿਹੇ ਵਿਵਾਦ ਹੋਏ ਹਨ, ਜਿਵੇਂ ਸ਼੍ਰੋਮਣੀ ਕਮੇਟੀ ਚੋਣਾਂ ਵਿੱਚ। ਪਰ ਇੱਥੇ ਮਾਮਲਾ ਵੱਡਾ ਹੈ ਕਿਉਂਕਿ ਤਖ਼ਤ ਪੰਜਾਂ ਵਿੱਚੋਂ ਇੱਕ ਹੈ। (**ਬਾਕੀ ਸਫ਼ਾ 27 'ਤੇ**)

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਿਆਹ ਪੁਰਬ ਸੰਬੰਧੀ ਨਗਰ ਕੀਰਤਨ ਸਜਾਇਆ



ਸ੍ਰੀ ਆਨੰਦਪੁਰ ਸਾਹਿਬ/ ਏ.ਟੀ.ਨਿਊਜ਼ː ਕਲਗੀਧਰ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਅਤੇ ਮਾਤਾ ਜੀਤ ਕੌਰ ਦੇ ਵਿਆਹ ਪੁਰਬ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਖ਼ਤ ਕੇਸਗੜ੍ਹ ਸਾਹਿਬ ਦੀ ਛਤਰ ਛਾਇਆ ਹੇਠ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਜੋੜ ਮੇਲੇ ਦੇ ਪਹਿਲੇ ਦਿਨ ਗੁਰਦੁਆਰਾ ਗੁਰੂ ਕੇ ਮਹਿਲ (ਭੋਰਾ ਸਾਹਿਬ) ਆਨੰਦਪੁਰ ਸਾਹਿਬ ਵਿਖੇ ਅਖੰਡ ਪਾਠ ਦੇ ਭੋਗ ਉਪਰੰਤ ਦੀਵਾਨ ਸਜਾਏ ਗਏ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਦੀ ਆਰੰਭਤਾ ਦੀ ਅਰਦਾਸ ਤਖ਼ਤ ਕੇਸਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਜੋਗਿੰਦਰ ਸਿੰਘ ਵੱਲੋਂ ਕੀਤੀ ਗਈ। ਨਗਰ ਕੀਰਤਨ ਆਨੰਦਪੁਰ ਸਾਹਿਬ ਦੇ ਬਜ਼ਾਰਾਂ ਵਿੱਚੋਂ ਹੁੰਦਾ ਹੋਇਆ ਗੁਰਦੁਆਰਾ ਸਿਹਰਾ ਸਾਹਿਬ ਵਿਖੇ ਰੁਕਿਆ, ਜਿੱਥੇ ਸਜੇ ਦੀਵਾਨ ਵਿੱਚ ਰਾਗੀ-ਢਾਡੀਆਂ ਵੱਲੋਂ ਕੀਰਤਨ ਅਤੇ ਵਾਰਾਂ ਸੁਣਾਈਆਂ ਗਈਆਂ। ਉਪਰੰਤ ਨਗਰ ਕੀਰਤਨ ਗੁਰਦੁਆਰਾ ਤ੍ਰਿਵੈਣੀ ਸਾਹਿਬ, ਗੁਰਦੁਆਰਾ ਪੌੜ ਸਾਹਿਬ ਤੋਂ ਹੁੰਦਾ ਹੋਇਆ ਗੁਰਦੁਆਰਾ ਆਨੰਦ ਕਾਰਜ ਗੁਰੂ ਕਾ ਲਾਹੌਰ ਪੁੱਜ ਕੇ ਦੇਰ ਸ਼ਾਮ ਸੰਪੂਰਨ ਹੋਇਆ।

# ਸੰਗਤਾਂ ਦੀ ਸਹੂਲਤ ਲਈ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਜਾ ਰਹੇ ਹਨ ਵਿਕਾਸ ਕਾਰਜː ਧਾਮੀ

## ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ 'ਦੀਵਾਨ ਟੋਡਰ ਮੱਲ ਨਿਵਾਸ' ਦਾ ਨੀਂਹ ਪੱਥਰ ਰੱਖਿਆ

ਫ਼ਤਹਿਗੜ੍ਹ ਸਾਹਿਬ/ ਏ.ਟੀ.ਨਿਊਜ਼ː ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਪਿਛਲੇ ਦਿਨੀਂ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ 'ਦੀਵਾਨ ਟੋਡਰ ਮੱਲ ਨਿਵਾਸ' ਦੀ ਨਿਰਮਾਣ ਕਾਰਜ ਲਈ ਨੀਂਹ ਪੱਥਰ ਰੱਖਿਆ ਗਿਆ। ਇਸ ਮੌਕੇ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਹਰਪਾਲ ਸਿੰਘ ਵੱਲੋਂ ਅਰਦਾਸ ਉਪਰੰਤ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ ਗਈ।ਇਸ ਸਰਾਂ ਦੀ ਕਾਰ ਸੇਵਾ ਬਾਬਾ ਬਚਨ ਸਿੰਘ ਦਿੱਲੀ ਵਾਲਿਆਂ ਦੀ ਅਗਵਾਈ ਹੇਠ, ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਮੌਜੂਦਾ ਜਥੇਦਾਰ ਬਾਬਾ ਗੁਲਜ਼ਾਰ ਸਿੰਘ ਵੱਲੋਂ ਕਰਵਾਈ ਜਾਵੇਗੀ।



ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਅਵਤਾਰ ਸਿੰਘ ਰਿਆ, ਜਥੇਦਾਰ ਸੁਰਜੀਤ ਸਿੰਘ ਗੜੀ, ਜਥੇਦਾਰ ਬਲਦੇਵ ਸਿੰਘ ਕਾਇਮਪੁਰੀ (ਮੈਂਬਰ ਐਸਜੀਪੀਸੀ ਹਰਿਆਣਾ), ਜਥੇਦਾਰ ਅਜਮੇਰ ਸਿੰਘ ਖੇੜਾ, ਸਥਾਨਕ ਪ੍ਰਬੰਧਕ, ਸੰਤ-ਮਹਾਂਪੁਰਖ ਅਤੇ ਵੱਡੀ ਗਿਣਤੀ ਵਿੱਚ ਸਾਧ ਸੰਗਤ ਹਾਜ਼ਰ ਸੀ।ਇਸ ਦੌਰਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਦੇਸ਼-ਵਿਦੇਸ਼ ਤੋਂ ਨਤਮਸਤਕ ਹੋਣ ਆਉਣ ਵਾਲੀਆਂ ਸੰਗਤਾਂ ਦੀ ਸਹੂਲਤ ਲਈ ਐਸਜੀਪੀਸੀ ਵੱਲੋਂ ਲਗਾਤਾਰ ਵਿਕਾਸ ਕਾਰਜ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਨਵੀਂ ਬਣਨ ਵਾਲੀ ਇਹ ਸਰਾਂ ਆਧੁਨਿਕ ਸਹੂਲਤਾਂ ਨਾਲ ਲੈਸ ਹੋਵੇਗੀ, ਜਿਸ ਨਾਲ ਖ਼ਾਸ ਤੌਰ 'ਤੇ ਸ਼ਹੀਦੀ ਸਭਾ ਅਤੇ ਹੋਰ ਵੱਡੇ ਧਾਰਮਿਕ ਸਮਾਗਮਾਂ ਦੌਰਾਨ ਸੰਗਤਾਂ ਨੂੰ ਰਹਿਣ ਲਈ ਵਧੀਆ ਸਹੂਲਤ ਮਿਲੇਗੀ। ਉਨ੍ਹਾਂ ਜਾਣਕਾਰੀ ਦਿੱਤੀ ਕਿ ਇਸ ਸਰਾਂ ਵਿੱਚ ਲਗਪਗ 200 ਕਮਰੇ ਹੋਣਗੇ।

ਨੀਂਹ ਪੱਥਰ ਰੱਖੇ ਜਾਣ ਉਪਰੰਤ ਜਥੇਦਾਰ ਅਵਤਾਰ ਸਿੰਘ ਰਿਆ ਅਤੇ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਮੈਨੇਜਰ ਗੁਰਦੀਪ ਸਿੰਘ ਕੰਗ ਵੱਲੋਂ ਐਸਜੀਪੀਸੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸੰਗਤਾਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਸਰਾਂ ਦੇ ਨਿਰਮਾਣ ਲਈ ਚੁੱਕਿਆ ਗਿਆ ਇਹ ਕਦਮ ਬਹੁਤ ਹੀ ਸਰਾਹਣਯੋਗ ਹੈ।

ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਸਾਲ ਭਰ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸੰਗਤ ਨਤਮਸਤਕ ਹੋਣ ਆਉਂਦੀ ਹੈ ਅਤੇ ਇਸ ਸਰਾਂ ਦੇ ਤਿਆਰ ਹੋਣ ਨਾਲ ਸੰਗਤਾਂ ਨੂੰ ਰਹਿਣ ਲਈ ਵੱਡੀ ਸਹੂਲਤ ਪ੍ਰਾਪਤ ਹੋਵੇਗੀ।

ਇਸ ਮੌਕੇ ਜਥੇਦਾਰ ਅਵਤਾਰ ਸਿੰਘ ਰਿਆ ਅਤੇ ਗੁਰਦੀਪ ਸਿੰਘ ਕੰਗ ਵੱਲੋਂ ਸਮੂਹ ਸੰਗਤ, ਐਸ.ਜੀ.ਪੀ.ਸੀ. ਮੈਂਬਰਾਂ ਅਤੇ ਸਹਿਯੋਗ ਕਰਨ ਵਾਲੇ ਸਭ ਵਿਅਕਤੀਆਂ ਦਾ ਧੰਨਵਾਦ ਕਰਦੇ ਹੋਏ ਆਸ ਪ੍ਰਗਟ ਕੀਤੀ ਗਈ ਕਿ ਇਹ ਪ੍ਰੋਜੈਕਟ ਨਿਰਧਾਰਿਤ ਸਮੇਂ ਅੰਦਰ ਪੂਰਾ ਕੀਤਾ ਜਾਵੇਗਾ।

## ਸਿੱਖਾਂ ਦੀ ਘੱਟ ਰਹੀ ਅਬਾਦੀ ਚਿੰਤਾ ਦਾ ਵਿਸ਼ਾ : ਜਥੇ. ਕੁਲਦੀਪ ਸਿੰਘ ਗੜਗੱਜ

ਸ੍ਰੀ ਆਨੰਦਪੁਰ ਸਾਹਿਬ/ ਏ.ਟੀ.ਨਿਊਜ਼ː ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਿੱਖਾਂ ਦੀ ਲਗਾਤਾਰ ਘੱਟ ਰਹੀ ਅਬਾਦੀ 'ਤੇ ਚਿੰਤਾ ਜ਼ਾਹਰ ਕੀਤੀ ਹੈ।

ਉਨ੍ਹਾਂ ਕਿਹਾ ਕਿ ਸਿੱਖਾਂ ਦੀ ਗਿਣਤੀ ਵਿੱਚ ਆ ਰਹੀ ਕਮੀ ਕੌਮ ਲਈ ਗੰਭੀਰ ਚੁਣੌਤੀ ਬਣਦੀ ਜਾ ਰਹੀ ਹੈ, ਜਿਸ ਵੱਲ ਹਰੇਕ ਸਿੱਖ ਨੂੰ ਧਿਆਨ ਦੇਣ ਦੀ ਲੋੜ ਹੈ।

ਜਥੇਦਾਰ ਨੇ ਸਿੱਖ ਪਰਿਵਾਰਾਂ ਨੂੰ ਅਪੀਲ ਕੀਤੀ ਕਿ ਉਹ ਘੱਟੋ-ਘੱਟ ਤਿੰਨ ਜਾਂ ਉਸ ਤੋਂ ਵੱਧ ਬੱਚੇ ਪੈਦਾ ਕਰਨ ਬਾਰੇ ਸੋਚਣ, ਤਾਂ ਜੋ ਭਵਿੱਖ ਵਿੱਚ ਕੌਮ ਦੀ ਮਜ਼ਬੂਤੀ ਬਰਕਰਾਰ ਰਹਿ ਸਕੇ।ਜਥੇਦਾਰ ਗੜਗੱਜ ਨੇ ਸਪਸ਼ੱਟ ਕੀਤਾ ਕਿ ਮੁੱਖ ਮੰਤਰੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਦਿੱਤੀਆਂ ਗਈਆਂ ਸ਼ਿਕਾਇਤਾਂ ਤਖਤ ਸਾਹਿਬ ਦੇ ਵਿਚਾਰ ਅਧੀਨ ਹਨ। ਉਨ੍ਹਾਂ ਮੀਡੀਆ ਅਦਾਰਿਆਂ ਨੂੰ ਤਾਕੀਦ ਕੀਤੀ ਕਿ ਕਿਸੇ ਵੀ ਤਰ੍ਹਾਂ ਦਾ ਮੀਡੀਆ ਟਰਾਇਲ ਕਰਨ ਤੋਂ ਪਰਹੇਜ਼ ਕੀਤਾ ਜਾਵੇ।



ਉਨ੍ਹਾਂ ਕਿਹਾ ਕਿ ਜੇਕਰ ਕੋਈ ਮੀਡੀਆ ਅਦਾਰਾ ਇਹਨਾਂ ਸ਼ਿਕਾਇਤਾਂ ਸਬੰਧੀ ਕੋਈ ਖ਼ਬਰ ਬਿਨ੍ਹਾਂ ਤੱਥਾਂ ਤੋਂ ਪ੍ਰਕਾਸ਼ਿਤ ਕਰਦਾ ਹੈ ਤਾਂ ਉਸ ਨੂੰ ਅਜਿਹੇ ਕੰਮਾਂ ਤੋ ਗੁਰੇਜ਼ ਕਰਨਾ ਚਾਹੀਦਾ ਹੈ।

ਇਸ ਦੌਰਾਨ ਭਾਰਤੀ ਫ਼ੌਜ ਵਿੱਚ ਰੂਪਨਗਰ ਜ਼ਿਲ੍ਹੇ ਦੇ ਨੌਜਵਾਨ ਜੋਬਨਜੀਤ ਸਿੰਘ ਦੀ ਸ਼ਹੀਦੀ 'ਤੇ ਦੁੱਖ ਜ਼ਾਹਰ ਕਰਦਿਆਂ ਉਨ੍ਹਾਂ ਕਿਹਾ ਕਿ ਸਿੱਖ ਕੌਮ ਨੂੰ ਅਜਿਹੇ ਸੂਰਮਿਆਂ 'ਤੇ ਮਾਣ ਹੈ। ਜਥੇਦਾਰ ਨੇ ਦੱਸਿਆ ਕਿ ਉਹ ਸ਼ਹੀਦ ਦੇ ਪਰਿਵਾਰ ਨਾਲ ਮਿਲ ਕੇ ਉਨ੍ਹਾਂ ਨਾਲ ਦੁੱਖ ਵੰਡਾਉਣਗੇ।

## ਰਸੋਖਾਣਾ ਸਾਹਿਬ ਵਿਖੇ 'ਸ਼ੁਕਰਾਨਾ ਸਮਾਗਮ' ਕਰਵਾਇਆ

ਨਵਾਂਸ਼ਹਿਰ/ਏ.ਟੀ.ਨਿਊਜ਼ː ਬੰਗਾ ਦੇ ਨਜ਼ਦੀਕੀ ਪਿੰਡ ਮਜ਼ਾਰਾ ਨੌਆਬਾਦ ਸਥਿਤ ਇਤਿਹਾਸਕ ਅਸਥਾਨ ਰਸੋਖਾਣਾ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਵਿਖੇ 328 ਲਾਪਤਾ ਸਰੂਪਾਂ ਦੇ ਮਾਮਲੇ ਵਿੱਚ ਪੈਦਾ ਹੋਏ ਵਿਵਾਦ ਦੇ ਸ਼ਾਂਤੀਪੂਰਨ ਹੱਲ ਹੋਣ 'ਤੇ 'ਸ਼ੁਕਰਾਨਾ ਸਮਾਗਮ' ਕਰਵਾਇਆ ਗਿਆ। ਅੱਜ ਦੇ ਸਮਾਗਮ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਜਿਸ ਤੋਂ ਬਾਅਦ ਹੋਏ ਗੁਰਮਤਿ ਸਮਾਗਮ ਵਿੱਚ ਸੂਬੇ ਭਰ ਤੋਂ ਢਾਡੀ ਜੱਥਿਆਂ ਅਤੇ ਕੀਰਤਨੀ ਜੱਥਿਆਂ ਨੇ ਹਾਜ਼ਰੀ ਭਰੀ।



ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸੰਸਥਾ ਦੇ ਰਿਕਾਰਡ ਨੂੰ ਦਰੁਸਤ ਦੱਸਦੇ ਹੋਏ ਇਸ ਨੂੰ ਕਲੀਨ ਚਿੱਟ ਦਿੱਤੀ ਸੀ। ਇਹ ਵਿਵਾਦ ਉਸ ਸਮੇਂ ਸ਼ੁਰੂ ਹੋਇਆ ਸੀ ਜਦੋਂ ਮਾਘੀ ਮੇਲੇ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਐਲਾਨ ਕੀਤਾ ਸੀ ਕਿ ਲਾਪਤਾ 328 ਸਰੂਪਾਂ ਵਿੱਚੋਂ 169 ਸਰੂਪ ਰਸੋਖਾਣਾ ਸਾਹਿਬ ਵਿਖੇ ਮਿਲੇ ਹਨ। ਇਸ ਬਿਆਨ ਤੋਂ ਬਾਅਦ ਸਿਆਸੀ ਤੂਫ਼ਾਨ ਖੜ੍ਹਾ ਹੋ ਗਿਆ ਸੀ ਅਤੇ ਵੱਖ-ਵੱਖ ਪਾਰਟੀਆਂ ਵੱਲੋਂ ਸਰਕਾਰ ਦੀ ਨਿਖੇਧੀ ਕੀਤੀ ਗਈ ਸੀ।

ਹਾਲਾਤ ਵਿਗੜਦੇ ਦੇਖ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੋਰਚਾ ਸੰਭਾਲਿਆ ਅਤੇ ਸਪੱਸ਼ਟ ਕੀਤਾ ਕਿ ਡੇਰੇ ਦਾ ਰਿਕਾਰਡ ਪੂਰੀ ਤਰ੍ਹਾਂ ਸਾਫ਼ ਹੈ ਅਤੇ ਪ੍ਰਬੰਧਕਾਂ ਵਿਰੁੱਧ ਕੋਈ ਵੀ ਮਾਮਲਾ ਨਹੀਂ ਬਣਦਾ। ਇਸ ਸਮਾਗਮ ਵਿੱਚ ਮੁੱਖ ਮੰਤਰੀ ਦੀ ਆਮਦ ਦੀ ਉਮੀਦ ਸੀ ਪਰ ਉਹ ਨਜ਼ਰ ਨਹੀਂ ਆਏ।

ਪ੍ਰਬੰਧਕੀ ਕਮੇਟੀ ਦੇ ਮੈਂਬਰ ਅਮਰੀਕ ਸਿੰਘ ਬੁੱਲੋਵਾਲ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਜਿਹੜਾ ਭੰਬਲਭੂਸਾ ਸਿੱਖ ਸੰਗਤ ਦੇ ਮਨਾਂ ਵਿੱਚ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ, (**ਬਾਕੀ ਸਫ਼ਾ 27 'ਤੇ**)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਸਿਹਤ ਸੰਭਾਲ ਖੇਤਰ ’ਚ ਪਹਿਲਕਦਮੀ

ਪੰਜਾਬ ’ਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸਿਹਤ ਸੰਭਾਲ ਖੇਤਰ ਵਿੱਚ ਪਹਿਲਕਦਮੀ ਕਰਦਿਆਂ ‘ਮੁੱਖ ਮੰਤਰੀ ਸਿਹਤ ਯੋਜਨਾ’ ਲਾਗੂ ਕੀਤੀ ਹੈ। ਪੰਜਾਬ ਸਰਕਾਰ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਹ ਸਿਹਤ ਯੋਜਨਾ ਯਕੀਨੀ ਬਣਾਉਂਦੀ ਹੈ ਕਿ ਸੂਬੇ ਦੇ ਹਰ ਨਿਵਾਸੀ ਨੂੰ ਵਿੱਤੀ ਤੰਗੀਆਂ-ਤੁਰਸ਼ੀਆਂ ਦੇ ਬੋਝ ਤੋਂ ਬਿਨਾਂ ਮਿਆਰੀ ਡਾਕਟਰੀ ਇਲਾਜ ਮਿਲੇ। ਪੰਜਾਬ ਸਰਕਾਰ ਅਨੁਸਾਰ ਇਹ ਯੋਜਨਾ ਪ੍ਰਤੀ ਪਰਿਵਾਰ ਪ੍ਰਤੀ ਸਾਲ 10 ਲੱਖ ਰੁਪਏ ਤੱਕ ਦਾ ਨਕਦੀ ਰਹਿਤ ਡਾਕਟਰੀ ਇਲਾਜ ਪ੍ਰਦਾਨ ਕਰਦੀ ਹੈ, ਜੋ ਦੇਸ਼ ਦੇ ਸਭ ਤੋਂ ਵਿਸ਼ਾਲ ਅਤੇ ਵਿਆਪਕ ਸਿਹਤ ਸੰਭਾਲ ਪ੍ਰੋਗਰਾਮਾਂ ਵਿੱਚੋਂ ਇੱਕ ਹੈ।

ਨਾਗਰਿਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਦੇਣੀਆਂ ਹਰ ਸਰਕਾਰ ਦਾ ਫ਼ਰਜ਼ ਹੈ। ਖਾਸ ਕਰਕੇ ਅੱਜ ਦੇ ਮਹਿੰਗਾਈ ਭਰੇ ਯੁੱਗ ਵਿੱਚ ਆਮ ਲੋਕਾਂ ਲਈ ਪ੍ਰਾਈਵੇਟ ਹਸਪਤਾਲਾਂ ਵਿੱਚ ਇਲਾਜ ਕਰਵਾਉਣਾ ਬਹੁਤ ਮੁਸ਼ਕਿਲ ਹੋ ਗਿਆ ਹੈ। ਇਸ ਕਾਰਨ ਵੱਡੀ ਗਿਣਤੀ ਲੋਕ ਸਰਕਾਰੀ ਹਸਪਤਾਲਾਂ ਵਿੱਚ ਇਲਾਜ ਕਰਵਾਉਣ ਨੂੰ ਤਰਜੀਹ ਦਿੰਦੇ ਹਨ। ਪੰਜਾਬ ਸਰਕਾਰ ਦੇ ਦਾਅਵਿਆਂ ਅਨੁਸਾਰ ਸਰਕਾਰੀ ਹਸਪਤਾਲਾਂ ਵਿੱਚ ਇਲਾਜ ਸਸਤਾ ਅਤੇ ਵਧੀਆ ਹੁੰਦਾ ਹੈ। ਦੂਜੇ ਪਾਸੇ ਆਮ ਲੋਕਾਂ ਦਾ ਕਹਿਣਾ ਹੈ ਕਿ ਵੱਡੀ ਗਿਣਤੀ ਸਰਕਾਰੀ ਹਸਪਤਾਲਾਂ ਵਿੱਚ ਇਲਾਜ ਕਰਵਾਉਣ ਆਏ ਲੋਕਾਂ ਦੀ ਵੱਡੀ ਭੀੜ ਹੁੰਦੀ ਹੈ, ਜਿਸ ਕਾਰਨ ਆਮ ਲੋਕਾਂ ਦਾ ਬਹੁਤ ਸਮਾਂ ਖਰਾਬ ਹੁੰਦਾ ਹੈ। ਆਮ ਲੋਕਾਂ ਅਨੁਸਾਰ ਕਈ ਸਰਕਾਰੀ ਹਸਪਤਾਲਾਂ ਵਿੱਚ ਕੁਝ ਡਾਕਟਰ ਅਕਸਰ ਡਿਊਟੀ ਤੋਂ ਗਾਇਬ ਹੁੰਦੇ ਹਨ ਜਾਂ ਕਾਹਲੀ ਕਾਹਲੀ ਮਰੀਜ਼ਾਂ ਦਾ ਇਲਾਜ ਕਰਦੇ ਹਨ। ਇਸ ਤੋਂ ਇਲਾਵਾ ਸਰਕਾਰੀ ਹਸਪਤਾਲਾਂ ਵਿੱਚ ਕਈ ਵਾਰ ਯੋਗ ਡਾਕਟਰਾਂ ਦੇ ਨਾਲ ਜ਼ਰੂਰੀ ਦਵਾਈਆਂ ਦੀ ਵੀ ਘਾਟ ਹੁੰਦੀ ਹੈ ਪਰ ਸਿਫਾਰਸ਼ੀ ਅਤੇ ਆਪਣੇ ਲਿਹਾਜ਼ੀ ਲੋਕਾਂ ਨੂੰ ਇਹ ਦਵਾਈਆਂ ਹਸਪਤਾਲਾਂ ਦੇ ਅਮਲੇ ਵੱਲੋਂ ਤੁਰੰਤ ਮੁਹੱਈਆ ਕਰਵਾ ਦਿੱਤੀਆਂ ਜਾਂਦੀਆਂ ਹਨ।

ਪੰਜਾਬ ਦੇ ਅਨੇਕਾਂ ਪੇਂਡੂ ਇਲਾਕਿਆਂ ਵਿੱਚ ਸਰਕਾਰੀ ਹਸਪਤਾਲ ਨਹੀਂ, ਨਾ ਹੀ ਉੱਥੇ ਸਰਕਾਰੀ ਡਿਸਪੈਂਸਰੀਆਂ ਹਨ। ਕਈ ਇਲਾਕਿਆਂ ਵਿੱਚ ਤਾਂ ਸਰਕਾਰੀ ਹਸਪਤਾਲਾਂ ਅਤੇ ਡਿਸਪੈਂਸਰੀਆਂ ਲਈ ਲੋੜੀਂਦੀਆਂ ਇਮਾਰਤਾਂ ਹੀ ਨਹੀਂ। ਇਸੇ ਕਾਰਨ ਅਨੇਕਾਂ ਇਲਾਕਿਆਂ ਵਿੱਚ ਸਰਕਾਰੀ ਹਸਪਤਾਲ ਅਤੇ ਡਿਸਪੈਂਸਰੀਆਂ ਗੁਰਦੁਆਰਾ ਸਾਹਿਬਾਨ ਜਾਂ ਧਰਮਸਾਲਾਵਾਂ ਵਿੱਚ ਚੱਲ ਰਹੀਆਂ ਹਨ। ਜਿਹੜੇ ਪੇਂਡੂ ਇਲਾਕਿਆਂ ਵਿੱਚ ਸਰਕਾਰੀ ਹਸਪਤਾਲਾਂ ਤੇ ਡਿਸਪੈਂਸਰੀਆਂ ਲਈ ਇਮਾਰਤਾਂ ਵੀ ਮੌਜੂਦ ਹਨ ਤਾਂ ਉਥੇ ਲੋੜੀਂਦੇ ਡਾਕਟਰ ਅਤੇ ਹੋਰ ਅਮਲਾ ਮੌਜੂਦ ਨਹੀਂ। ਕਈ ਸਰਕਾਰੀ ਡਿਸਪੈਂਸਰੀਆਂ ਵਿੱਚ ਤਾਂ ਸਿਰਫ਼ ਦਰਜਾ ਚਾਰ ਕਰਮਚਾਰੀ ਤੈਨਾਤ ਦੱਸੇ ਜਾਂਦੇ ਹਨ। ਮੀਡੀਆ ਰਿਪੋਰਟਾਂ ਵਿੱਚ ਸਮੇਂ ਸਮੇਂ ਪੰਜਾਬ ਦੇ ਸਿਹਤ ਸਿਸਟਮ ਦੀ ਅਜਿਹੀ ਸਥਿਤੀ ਬਾਰੇ ਅਕਸਰ ਚਰਚਾ ਹੁੰਦੀ ਰਹਿੰਦੀ ਹੈ। ਇਸ ਤੋਂ ਇਲਾਵਾ ਪੰਜਾਬ ਵਿੱਚ ਡਾਕਟਰਾਂ ਦੀ ਸੁਰੱਖਿਆ ਲਈ ਕੋਈ ਠੋਸ ਇੰਤਜ਼ਾਮ ਨਹੀਂ। ਅਕਸਰ ਡਾਕਟਰਾਂ ਅਤੇ ਮਰੀਜ਼ਾਂ ਦੇ ਵਾਰਸਾਂ ਵਿਚਾਲੇ ਵਿਵਾਦ ਅਤੇ ਮਰੀਜ਼ਾਂ ਦੇ ਵਾਰਸਾਂ ਵੱਲੋਂ ਡਾਕਟਰਾਂ ਦੀ ਕੁੱਟਮਾਰ ਜਾਂ ਹਸਪਤਾਲਾਂ ਦੀ ਭੰਨ-ਤੋੜ ਦੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ। ਇੱਕ ਅੰਕੜੇ ਦੇ ਅਨੁਸਾਰ, ਦੁਨੀਆ ਵਿੱਚ ਸਭ ਤੋਂ ਵੱਧ 68 ਫੀਸਦੀ ਡਾਕਟਰਾਂ ਉੱਤੇ ਹਮਲੇ ਭਾਰਤ ਵਿੱਚ ਹੁੰਦੇ ਹਨ। ਮੈਡੀਕਲ ਜਰਨਲ ‘ਲੈਂਸੇਟ’ ਦੀ ਇੱਕ ਰਿਪੋਰਟ ਅਨੁਸਾਰ, ਭਾਰਤ ਵਿੱਚ 2007 ਤੋਂ 2019 ਦਰਮਿਆਨ ਸਿਹਤ ਸੰਭਾਲ ਕਰਮਚਾਰੀਆਂ ’ਤੇ ਹਿੰਸਕ ਹਮਲਿਆਂ ਦੇ 153 ਮਾਮਲੇ ਦਰਜ ਕੀਤੇ ਗਏ। ਆਈ.ਐਮ.ਏ. ਦੀ ਇੱਕ ਅਧਿਐਨ ਰਿਪੋਰਟ ਦੇ ਅਨੁਸਾਰ, 75 ਪ੍ਰਤੀਸ਼ਤ ਤੋਂ ਵੱਧ ਡਾਕਟਰਾਂ ਨੂੰ ਆਪਣੇ ਕੰਮ ਵਾਲੀ ਥਾਂ ’ਤੇ ਕਿਸੇ ਕਿਸਮ ਦੀ ਹਿੰਸਾ ਦਾ ਸਾਹਮਣਾ ਕਰਨਾ ਪੈਂਦਾ ਹੈ। ਦੇਸ਼ ਦੇ 63 ਫੀਸਦੀ ਲੋਕਾਂ ਦਾ ਮੰਨਣਾ ਹੈ ਕਿ ਭਾਰਤ ’ਚ ਡਾਕਟਰ ਡਰ ਦੇ ਮਾਹੌਲ ’ਚ ਇਲਾਜ ਕਰਦੇ ਹਨ।

ਭਾਰਤ ਵਿੱਚ ਅਕਸਰ ਲੋਕ ਡਾਕਟਰਾਂ ਨੂੰ ਰੱਬ ਜਾਂ ਫਰਿਸ਼ਤੇ ਕਹਿੰਦੇ ਹਨ ਪਰ ਇਸ ਦੇ ਬਾਵਜੂਦ ਭਾਰਤ ਵਿੱਚ ਡਾਕਟਰ ਸਭ ਤੋਂ ਵੱਧ ਹਿੰਸਾ ਦਾ ਸ਼ਿਕਾਰ ਹੋ ਰਹੇ ਹਨ। ਜਦੋਂ ਕਿਸੇ ਮਰੀਜ਼ ਨੂੰ ਡਾਕਟਰ ਦੇ ਇਲਾਜ ਤੋਂ ਬਾਅਦ ਆਰਾਮ ਆ ਜਾਂਦਾ ਹੈ ਤੇ ਮਰੀਜ਼ ਠੀਕ ਹੋ ਕੇ ਘਰ ਚਲਿਆ ਜਾਂਦਾ ਹੈ ਤਾਂ ਇਸ ਨੂੰ ਡਾਕਟਰ ਦੀ ਡਿਊਟੀ ਜਾਂ ਫ਼ਰਜ਼ ਕਿਹਾ ਜਾਂਦਾ ਹੈ, ਪਰ ਜੇ ਇਲਾਜ ਦੌਰਾਨ ਕਿਸੇ ਮਰੀਜ਼ ਦੀ ਮੌਤ ਹੋ ਜਾਂਦੀ ਹੈ ਤਾਂ ਇਸ ਦਾ ਸਾਰਾ ਦੋਸ਼ ਡਾਕਟਰ ’ਤੇ ਲਗਾ ਦਿੱਤਾ ਜਾਂਦਾ ਹੈ ਅਤੇ ਮਰੀਜ਼ ਦੇ ਵਾਰਸ ਅਕਸਰ ਅਜਿਹੇ ਮੌਕੇ ਡਾਕਟਰ ਨਾਲ ਧੱਕਾ ਮੁੱਕੀ ਕਰਦੇ ਹਨ ਅਤੇ ਉਸ ਦਾ ਤੇ ਹਸਪਤਾਲ ਦਾ ਨੁਕਸਾਨ ਕਰਦੇ ਹਨ। ਅਜਿਹੀਆਂ ਘਟਨਾਵਾਂ ਅਕਸਰ ਹੀ ਭਾਰਤ ਦੇ ਵੱਖ- ਵੱਖ ਇਲਾਕਿਆਂ ਵਿੱਚ ਵਾਪਰਦੀਆਂ ਰਹਿੰਦੀਆਂ ਹਨ, ਜਿਸ ਕਾਰਨ ਭਾਰਤ ਵਿੱਚ ਡਾਕਟਰ ਅਕਸਰ ਡਰ ਕਾਰਨ ਗੰਭੀਰ ਕੇਸਾਂ ਨੂੰ ਹੱਥ ਨਹੀਂ ਪਾਉਂਦੇ, ਜਿਸ ਕਾਰਨ ਵੱਡੀ ਗਿਣਤੀ ਅਜਿਹੇ ਮਰੀਜ਼ ਵੀ ਮਰ ਜਾਂਦੇ ਹਨ, ਜਿਨ੍ਹਾਂ ਨੂੰ ਜੇ ਇਲਾਜ ਸਹੀ ਸਮੇਂ ਮਿਲ ਜਾਂਦਾ ਤਾਂ ਉਹ ਬਚ ਸਕਦੇ ਸਨ ਪਰ ਕਿਸੇ ਝਮੇਲੇ ਵਿੱਚ ਫਸਣ ਦੇ ਡਰ ਕਾਰਨ ਡਾਕਟਰ ਡਰਦੇ ਹੋਏ ਅਜਿਹੇ ਮਰੀਜ਼ਾਂ ਨੂੰ ਵੱਡੇ ਹਸਪਤਾਲਾਂ ਨੂੰ ਰੈਫਰ ਕਰ ਦਿੰਦੇ ਹਨ ਜਾਂ ਆਪਣੇ ਹਸਪਤਾਲਾਂ ਵਿੱਚ ਦਾਖਲ ਕਰਨ ਤੋਂ ਕੋਈ ਨਾ ਕੋਈ ਬਹਾਨਾ ਲਗਾ ਕੇ ਇਨਕਾਰ ਕਰ ਦਿੰਦੇ ਹਨ।

ਸਿਹਤ ਮੰਤਰੀ ਪੰਜਾਬ ਡਾਕਟਰ ਬਲਬੀਰ ਸਿੰਘ ਅਕਸਰ ਦਾਅਵਾ ਕਰਦੇ ਹਨ, “ਮੌਜੂਦਾ ਸਮੇਂ ਵਿੱਚ ਦੇਸ਼ ਅੰਦਰ ਸਭ ਤੋਂ ਵਧੀਆ ਸਿਹਤ ਸਹੂਲਤਾਂ ਪੰਜਾਬ ਵਿੱਚ ਹੀ ਹਨ। ਕੈਨੇਡਾ ਤੋਂ ਆਏ ਲੋਕ ਖ਼ੁਦ ਆਖਦੇ ਹਨ ਕਿ ਪੰਜਾਬ ਵਿੱਚ ਹੁਣ ਕੈਨੇਡਾ ਤੋਂ ਵੀ ਵਧੀਆ ਸਿਹਤ ਸਹੂਲਤਾਂ ਹਨ।” ਦੂਜੇ ਪਾਸੇ ਸਰਕਾਰੀ ਹਸਪਤਾਲਾਂ ਵਿੱਚ ਲੋਕਾਂ ਦੀਆਂ ਲੱਗੀਆਂ ਕਤਾਰਾਂ ਅਤੇ ਹਸਪਤਾਲਾਂ ਦੇ ਬਾਹਰ ਗਰਭਵਤੀ ਮਹਿਲਾਵਾਂ ਦੀ ਹੋ ਰਹੀ ਡਿਲੀਵਰੀ ਆਪਣੀ ਕਹਾਣੀ ਆਪ ਕਹਿ ਰਹੇ ਹਨ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਹੋਰ ਮੰਤਰੀਆਂ ਵੱਲੋਂ ਅਕਸਰ ਰੈਲੀਆਂ ਦੌਰਾਨ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਸ ਸਰਕਾਰ ਨੇ ਪੰਜਾਬ ਵਿੱਚ ‘ਸਿਹਤ ਕ੍ਰਾਂਤੀ’ ਲਿਆ ਦਿੱਤੀ ਹੈ ਪਰ ਅਸਲੀਅਤ ਇਹ ਵੀ ਹੈ ਕਿ ਸਿਰਫ਼ ਰੈਲੀਆਂ ਨਾਲ ਪੰਜਾਬ ਵਿੱਚ ‘ਸਿਹਤ ਕ੍ਰਾਂਤੀ’ ਨਹੀਂ ਆ ਸਕਦੀ। ਇਸ ਲਈ ਜ਼ਮੀਨੀ ਪੱਧਰ ’ਤੇ ਠੋਸ ਰੂਪ ਵਿੱਚ ਕਾਰਵਾਈ ਕਰਨ ਦੀ ਲੋੜ ਹੈ।

# ਆਧੁਨਿਕ ਬਸਤੀਵਾਦੀ ਹਥਿਆਰ ਹੁੰਦੀਆਂ ਹਨ ਆਰਥਿਕ ਪਾਬੰਦੀਆਂ

ਹਰਜੀਤ ਸਿੰਘ ਗਿੱਲ



ਆਰਥਿਕ ਪਾਬੰਦੀਆਂ ਨੂੰ ਆਧੁਨਿਕ ਬਸਤੀਵਾਦੀ ਹਥਿਆਰ ਵੀ ਕਿਹਾ ਜਾਂਦਾ ਹੈ। ਇਨ੍ਹਾਂ ਪਾਬੰਦੀਆਂ ਦਾ ਸਬੰਧ ਅਕਸਰ ਖਣਿਜਾਂ, ਤੇਲ ਅਤੇ ਕੁਦਰਤੀ ਸਰੋਤਾਂ ਦੀ ਲੁੱਟ ਦੀ ਭੂ-ਰਾਜਨੀਤੀ ਨਾਲ ਜੁੜਦਾ ਹੈ। ਪੱਛਮੀ ਮੁਲਕ ਅਤੇ ਅਮਰੀਕਾ ਦੀਆਂ ਸਰਕਾਰਾਂ ਵੱਲੋਂ ਕਿਹਾ ਜਾਂਦਾ ਹੈ ਕਿ ਪਾਬੰਦੀਆਂ ਮਨੁੱਖੀ ਅਧਿਕਾਰਾਂ ਦੀ ਰੱਖਿਆ, ਲੋਕਤੰਤਰ ਦੀ ਬਹਾਲੀ, ਸੁਰੱਖਿਆ ਨੂੰ ਖ਼ਤਰਾ ਅਤੇ ਨਿਊਕਲੀਅਰ ਖ਼ਤਰੇ ਵਰਗੇ ਕਾਰਨਾਂ ਕਰਕੇ ਲਗਾਈਆਂ ਜਾਂਦੀਆਂ ਹਨ ਪਰ ਵਿਹਾਰਕ ਤੌਰ ’ਤੇ ਇਹ ਅਕਸਰ ਉਨ੍ਹਾਂ ਦੇਸ਼ਾਂ ’ਤੇ ਲੱਗਦੀਆਂ ਹਨ ਜੋ ਤੇਲ, ਗੈਸ, ਲੀਥੀਅਮ, ਕੋਬਾਲਟ, ਯੂਰੇਨੀਅਮ ਅਤੇ ਸੋਨੇ ਵਰਗੇ ਰਣਨੀਤਕ ਖਣਿਜ ਭੰਡਾਰਾਂ ਨਾਲ ਭਰਪੂਰ ਹੁੰਦੇ ਹਨ ਅਤੇ ਪੱਛਮੀ ਦੇਸ਼ਾਂ ਦੇ ਕਹਿਣੇ ਤੋਂ ਬਾਹਰ ਹੁੰਦੇ ਹਨ ਤੇ ਉਨ੍ਹਾਂ ਦੇ ਹਿੱਤਾਂ ਦੇ ਉਲਟ ਨੀਤੀਆਂ ਅਪਣਾਉਂਦੇ ਹਨ। ਅਮਰੀਕਾ ਦੀਆਂ ਆਰਥਿਕ ਪਾਬੰਦੀਆਂ ਹੰਕਾਰ ਅਤੇ ਧੱਕੇਸ਼ਾਹੀ ਵਾਲੀ ਵਿਦੇਸ਼ ਨੀਤੀ ਦੇ ਹਿੱਸੇ ਵਜੋਂ ਵਰਤੀਆਂ ਜਾਂਦੀਆਂ ਹਨ। ਇਨ੍ਹਾਂ ਦਾ ਉਦੇਸ਼ ਅਕਸਰ ਕਿਸੇ ਦੇਸ਼ ਦੀ ਸਰਕਾਰ ’ਤੇ ਦਬਾਅ ਬਣਾਉਣਾ ਜਾਂ ਅੰਤਰਰਾਸ਼ਟਰੀ ਨੀਤੀਆਂ ਨੂੰ ਬਦਲਵਾਉਣਾ ਹੁੰਦਾ ਹੈ। ਮੋਟੇ ਤੌਰ ’ਤੇ ਮੰਨਿਆ ਜਾਂਦਾ ਹੈ ਕਿ ਜਿੱਥੇ ਤੇਲ ਹੈ, ਉੱਥੇ ਅਮਰੀਕਾ ਅਤੇ ਪੱਛਮੀ ਦੇਸ਼ਾਂ ਦਾ ਦਖ਼ਲ ਜਾਂ ਪਾਬੰਦੀਆਂ ਵੀ ਦਿਸਦੀਆਂ ਹਨ। ਆਰਥਿਕ ਪਾਬੰਦੀਆਂ ਆਧੁਨਿਕ ਸਾਮਰਾਜਵਾਦ ਦਾ ਇਕ ਘਾਤਕ ਹਥਿਆਰ ਹੈ। ਪੱਛੜੇ, ਗ਼ਰੀਬ ਅਤੇ ਵਿਕਾਸਸ਼ੀਲ ਦੇਸ਼ਾਂ ਵਿਰੁੱਧ ਇਹ ਇੱਕ ਕਿਸਮ ਦੀ ਸਿੱਧੀ ਆਰਥਿਕ ਜੰਗ ਹੈ। ਇਨ੍ਹਾਂ ਪਾਬੰਦੀਆਂ ਦੀ ਮਾਰ ਝੱਲਦਿਆਂ ਪਹਿਲਾਂ ਹੀ ਮੰਦਹਾਲੀ ਦਾ ਸ਼ਿਕਾਰ ਗ਼ਰੀਬ ਅਤੇ ਤੀਸਰੀ ਦੁਨੀਆ ਦੇ ਦੇਸ਼ ਆਰਥਿਕ ਤਬਾਹੀ ਵੱਲ ਵਧਦੇ ਜਾਂਦੇ ਹਨ। ਆਮ ਜਨਤਾ ਵਿੱਚ ਬੇਚੈਨੀ ਫੈਲਦੀ ਹੈ ਅਤੇ ਇਸ ਦਾ ਫ਼ਾਇਦਾ ਚੁੱਕ ਕੇ ਅਕਸਰ ਇਨ੍ਹਾਂ ਤਾਕਤਵਰ ਅਤੇ ਧਾਕੜ ਮੁਲਕਾਂ ਦੀਆਂ ਖ਼ੁਫ਼ੀਆ ਏਜੰਸੀਆਂ ਹਰਕਤ ਵਿਚ ਆਉਂਦੀਆਂ ਹਨ। ਇਹ ਕਹਿ ਕੇ ਇਸ ਦੇਸ਼ ਦੀ ਜਨਤਾ ਦਾ ਸਰਕਾਰ ਪ੍ਰਤੀ ਵਿਸ਼ਵਾਸ ਨਹੀਂ ਰਿਹਾ ਅਤੇ ਸਰਕਾਰਾਂ ਦੇ ਤਖ਼ਤੇ ਪਲਟ ਦਿੱਤੇ ਜਾਂਦੇ ਹਨ। ਇਸ ਤੋਂ ਬਾਅਦ ਵੇਖਣ ਨੂੰ ਲੋਕਤੰਤਰੀ ਪਰ ਅਸਲ ਵਿੱਚ ਇਹ ਲੁਟੇਰੇ ਮੁਲਕ ਆਪਣੀ ਕਠਪੁਤਲੀ ਸਰਕਾਰ ਬਣਾ ਕੇ ਫਿਰ ਉਸ ਦੇਸ਼ ਦੇ ਕੁਦਰਤੀ ਸਰੋਤਾਂ ਦੀ ਅੰਨ੍ਹੀ ਲੁੱਟ ਕਰਦੇ ਹਨ। ਦੋ ਵਿਸ਼ਵ ਜੰਗਾਂ ਤੋਂ ਬਾਅਦ ਵਿਕਸਤ ਮੁਲਕਾਂ ਨੇ ਸਿੱਧਾ ਬਸਤੀਵਾਦੀ ਸਿਧਾਂਤ ਤਿਆਗ ਕੇ ਇਨ੍ਹਾਂ ਮੁਲਕਾਂ ਦੀ ਆਰਥਿਕ ਲੁੱਟ-ਖਸੁੱਟ ਕਰਨ ਇਹ ਤਰੀਕਾ ਅਪਣਾ ਲਿਆ ਹੈ।

ਅਮੀਰ ਮੁਲਕਾਂ ਨੇ ਅੰਤਰਰਾਸ਼ਟਰੀ ਵਿੱਤੀ ਸੰਸਥਾਵਾਂ ਵਿਸ਼ਵ ਬੈਂਕ ਅਤੇ ਵਿਸ਼ਵ ਮੁਦਰਾ ਕੋਸ਼ ਬਣਾ ਕੇ ਵੇਖਣ ਨੂੰ ਨਿਰਪੱਖ ਅਤੇ ਕਾਨੂੰਨੀ ਜਿਹਾ ਲੱਗਦਾ ਲੁੱਟ ਦਾ ਫੰਦਾ ਤਿਆਰ ਕਰ ਲਿਆ। ਇਨ੍ਹਾਂ ਵਿੱਤੀ ਸੰਸਥਾਵਾਂ ਰਾਹੀਂ ਕਰਜ਼ੇ ਦੇ ਬਦਲੇ ਵਿਕਾਸ ਦਾ ਰਾਹ ਰੋਕਣ ਵਾਲੀਆਂ ਸਖ਼ਤ ਸ਼ਰਤਾਂ ਲਾਈਆਂ ਗਈਆਂ। ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਸਮੇਂ ਪਹਿਲੀ ਵਾਰ ਨਵੰਬਰ 1981 ਵਿਚ ਭਾਰਤ ਨੂੰ ਅੰਤਰਰਾਸ਼ਟਰੀ ਮੁਦਰਾ ਫੰਡ ਵੱਲੋਂ ਲਗਪਗ 5.8 ਬਿਲੀਅਨ ਡਾਲਰ ਦਾ ਕਰਜ਼ਾ ਸਖ਼ਤ ਸ਼ਰਤਾਂ ਹੇਠ ਮਿਲਿਆ ਸੀ ਜੋ ਉਸ ਸਮੇਂ ਇਸ ਸੰਸਥਾ ਦਾ ਸਭ ਤੋਂ ਵੱਡਾ ਕਰਜ਼ਾ ਸੀ ਪਰ ਚੰਗਾ ਇਹ ਹੋਇਆ ਕਿ ਭਾਰਤੀ ਰੁਪਏ ਦੀ ਡੀਵੈਲਿਊਏਸ਼ਨ ਨਹੀਂ ਸੀ ਮੰਨੀ ਗਈ। ਭਾਰਤ ’ਚ ਸਬਸਿਡੀ ਖ਼ਤਮ ਕਰਨ, ਸਰਕਾਰੀ ਖ਼ਰਚ ਘਟਾਉਣ, ਨਿੱਜੀਕਰਨ ਰਾਹੀਂ ਵਿਦੇਸ਼ੀ ਕੰਪਨੀਆਂ ਨੂੰ ਮਜ਼ਬੂਤ ਕਰਨ, ਸਿੱਖਿਆ ਅਤੇ ਸਿਹਤ ਵਰਗੇ ਸਰਕਾਰੀ ਜ਼ਿੰਮੇਵਾਰੀ ਅਤੇ ਸਹਾਇਤਾ ਨਾਲ ਚੱਲਣ ਵਾਲੇ ਪ੍ਰੋਗਰਾਮ ਬੰਦ ਕਰਵਾਉਣ ਲਈ ਦਬਾਅ ਬਣਾਇਆ ਗਿਆ। ਬਹੁ-ਰਾਸ਼ਟਰੀ ਕੰਪਨੀਆਂ ਨੂੰ ਟੈਕਸਾਂ ਵਿਚ ਭਾਰੀ ਛੋਟਾਂ ਮਿਲਣ ਲੱਗੀਆਂ ਤੇ ਉਨ੍ਹਾਂ ਨੇ ਭਾਰੀ ਮੁਨਾਫ਼ਾ ਕਮਾਉਣਾ ਸ਼ੁਰੂ ਕਰ ਦਿੱਤਾ। ਇੰਡਸਟਰੀ ਦਾ ਸਾਰਾ ਮਲਬਾ, ਸਕਰੈਪ, ਵੇਸਟ ਅਤੇ ਗੰਦਗੀ ਗ਼ਰੀਬ ਮੁਲਕਾਂ ’ਚ ਡੰਪ ਕਰਨੀ ਸ਼ੁਰੂ ਕੀਤੀ। ਸਭ ਤੋਂ ਤਾਕਤਵਰ ਮੁਲਕ ਅਮਰੀਕਾ ਨੇ ਆਪਣੀ ਕਰੰਸੀ ਡਾਲਰ ਨੂੰ ਵਿਸ਼ਵ ਵਪਾਰ ਦੀ ਮੁਦਰਾ ਬਣਾ ਕੇ ਡਾਲਰ ਡੋਮੀਨੇਸ਼ਨ ਲਾਗੂ ਕੀਤਾ। ਗ਼ਰੀਬ ਮੁਲਕਾਂ ਨੂੰ ਡਾਲਰਾਂ ਵਿਚ ਕਰਜ਼ੇ ਦੇ ਜਾਲ਼ ਵਿੱਚ ਫਸਾਇਆ ਗਿਆ। ਇਨ੍ਹਾਂ ਦਾਅ-ਪੇਚਾਂ ਨਾਲ ਵਿਕਾਸਸ਼ੀਲ ਦੇਸ਼ਾਂ ਦੀ ਕਰੰਸੀ ਨੂੰ ਕਮਜ਼ੋਰ ਕਰ ਕੇ ਉਨ੍ਹਾਂ ਨੂੰ ਸਦੀਵੀ ਕਰਜ਼ੇ ਵੱਲ ਧੱਕ ਦਿੱਤਾ ਗਿਆ। ਵਿਆਜ ਉੱਤੇ ਫਿਰ ਵਿਆਜ ਤੇ ਮਿਸ਼ਰਤ ਵਿਆਜ ਲਾ ਕੇ ਕਦੇ ਨਾ ਮੁੱਕਣ ਵਾਲੀ ਕਰਜ਼ੇ ਦੀ ਆਧੁਨਿਕ ਗੁਲਾਮੀ ਪੈਦਾ ਕਰ ਦਿੱਤੀ। ਵਿਸ਼ਵ ਵਪਾਰ ਸੰਗਠਨ ਵੱਲੋਂ ਨਾਬਰਾਬਰੀ ਵਾਲੇ ਵਪਾਰ ਸਮਝੌਤਿਆਂ ਨੂੰ ਮੁਕਤ ਵਪਾਰ ਸਮਝੌਤੇ ਕਹਿ ਕੇ ਨਿਰਭਰਤਾ ਦਾ ਸਿਧਾਂਤ ਲਾਗੂ ਕੀਤਾ ਗਿਆ। ਗ਼ਰੀਬ ਦੇਸ਼ਾਂ ਦਾ ਕੱਚਾ ਮਾਲ ਕੌਡੀਆਂ ਦੇ ਭਾਅ ਅਤੇ ਆਪਣਾ ਤਿਆਰ ਕੀਤਾ ਮਾਲ ਉਨ੍ਹਾਂ ਦੇਸ਼ਾਂ ਨੂੰ ਮਹਿੰਗਾ ਖ਼ਰੀਦਣ ਲਈ ਮਜਬੂਰ ਕੀਤਾ। ਕੁਦਰਤੀ ਸਰੋਤਾਂ ਦੀ ਲੁੱਟ ਤੋਂ ਵੀ ਵੱਧ ਖ਼ਤਰਨਾਕ ਨੀਤੀ ਸਥਾਨਕ ਸੱਭਿਆਚਾਰ ਅਤੇ ਗਿਆਨ ਨੂੰ ਤੁੱਛ ਦੱਸਦੇ ਹੋਏ ਪੱਛਮੀ ਯੂਨੀਵਰਸਿਟੀ ਮਾਡਲ, ਗ਼ੈਰ-ਮੁਨਾਫ਼ਾ ਸੰਗਠਨ ਦਾ ਏਜੰਡਾ ਲਾਗੂ ਕੀਤਾ। ਇਨ੍ਹਾਂ ਦੇਸ਼ਾਂ ਦੇ ਮੀਡੀਆ ’ਤੇ ਕੰਟਰੋਲ ਕਰ ਕੇ ਆਪਣੀ ਪੱਛਮੀ ਸੋਚ ਵੀ ਥੋਪੀ ਗਈ। ਜਿਨ੍ਹਾਂ ਮੁਲਕਾਂ ਨੇ ਪੱਛਮੀ ਕੰਪਨੀਆਂ ਦੇ ਅਧਿਕਾਰਾਂ ਨੂੰ ਸੀਮਤ ਕਰ ਕੇ ਆਪਣੇ ਕੁਦਰਤੀ ਸਰੋਤਾਂ ਦਾ ਰਾਸ਼ਟਰੀਕਰਨ ਕਰਨ ਦਾ ਯਤਨ ਕੀਤਾ, ਉਨ੍ਹਾਂ ਦੇ ਕਰਜ਼ੇ ਵਿੱਤੀ ਸੰਸਥਾਵਾਂ ਵੱਲੋਂ ਰੋਕ ਲਏ ਗਏ, ਆਰਥਿਕ ਪਾਬੰਦੀਆਂ ਲਾ ਕੇ ਉਸ ਦੇਸ਼ ਦੀ ਕਰੰਸੀ ਨੂੰ ਡੇਗਣ ਦੇ ਹੱਥਕੰਡੇ ਅਪਣਾਏ ਗਏ।

ਇਰਾਨ, ਇਰਾਕ, ਲੀਬੀਆ ਅਤੇ ਵੈਨੇਜ਼ੁਏਲਾ ਵਰਗੇ ਮੁਲਕਾਂ ਨੇ ਤੇਲ ਦਾ ਰਾਸ਼ਟਰੀਕਰਨ ਕਰਨ ਦੀ ਜੁਰਅਤ ਕੀਤੀ ਤਾਂ ਉਨ੍ਹਾਂ ਦੀ ਪੱਛਮੀ ਮੁਲਕਾਂ ਅਤੇ ਅਮਰੀਕਾ ਵੱਲੋਂ ਆਰਥਿਕ ਨਾਕਾਬੰਦੀ ਕਰ ਦਿੱਤੀ ਗਈ। ਇਸੇ ਤਰ੍ਹਾਂ ਹੀ ਬੋਲੀਵੀਆ ਨੇ ਗੈਸ ਅਤੇ ਲੀਥੀਅਮ, ਜ਼ਿੰਬਾਬਵੇ ਨੇ ਜ਼ਮੀਨ ਅਤੇ ਖਣਿਜ, ਅਲਜੀਰੀਆ ਨੇ ਤੇਲ ਅਤੇ ਗੈਸ ਅਤੇ ਇੱਥੋਂ ਤੱਕ ਕਿ ਰੂਸ ਵਰਗੇ ਦੇਸ਼ ਵੀ ਜੇਕਰ ਆਪਣੇ ਤੇਲ, ਗੈਸ, ਖਣਿਜਾਂ ’ਤੇ ਕੰਟਰੋਲ ਕਰਨ ਦਾ ਯਤਨ ਕਰਦੇ ਹਨ ਤਾਂ ਕੂਟਨੀਤਕ ਅਤੇ ਆਰਥਿਕ ਦਬਾਅ ਨਾਲ ਆਰਥਿਕ ਨਾਕਾਬੰਦੀ ਕਰ ਕੇ ਤਣਾਅਪੂਰਨ ਸਥਿਤੀ ਬਣਾਈ ਗਈ। ਕੁਦਰਤੀ ਸਰੋਤਾਂ ਦੇ ਰਾਸ਼ਟਰੀਕਰਨ ਅਤੇ ਉਸ ਦੇ ਜਵਾਬ ਵਜੋਂ ਫ਼ੌਜੀ ਤਾਕਤ ਦੀ ਵਰਤੋਂ ਦਾ ਵੀ ਇੱਕ ਇਤਿਹਾਸ ਰਿਹਾ ਹੈ ਜਿਸ ਦੀਆਂ ਅਨੇਕ ਮਿਸਾਲਾਂ ਹਨ ਜਿਨ੍ਹਾਂ ਵਿੱਚ ਮੁੱਖ ਇਰਾਨ, ਇਰਾਕ, ਕਾਂਗੋ, ਲੀਬੀਆ ਅਤੇ ਚਿੱਲੀ ਹਨ। ਕਈ ਵਾਰ ਜਦੋਂ ਆਰਥਿਕ ਪਾਬੰਦੀਆਂ ਅਤੇ ਆਰਥਿਕ ਨਾਕਾਬੰਦੀ ਨਾਲ ਵੀ ਗੱਲ ਨਹੀਂ ਬਣਦੀ ਤਾਂ ਗਲੋਬਲ ਪਾਵਰ ਪੋਲਿਟਿਕਸ ਵਿੱਚ ਨਵ-ਉਪਨਿਵੇਸ਼ਵਾਦੀ ਅਤੇ ਸਾਮਰਾਜਵਾਦੀ ਤਾਕਤਾਂ ਲਈ ਉਹ ਦੇਸ਼ ਸਿੱਧੀ ਚੁਣੌਤੀ ਬਣ ਜਾਂਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਜਦੋਂ ਸਰੋਤ ਹੱਥੋਂ ਨਿਕਲਦੇ ਹਨ ਤਾਂ ਸਾਮਰਾਜਵਾਦੀ ਮੁਲਕਾਂ ਵੱਲੋਂ ਆਪਣੀਆਂ ਖ਼ੁਫ਼ੀਆ ਏਜੰਸੀਆਂ ਦੀ ਵਰਤੋਂ ਕਰ ਕੇ ਸਟੇਟ ਮੁਖੀਆਂ ਦੀਆਂ ਹੱਤਿਆਵਾਂ ਕਰਵਾ ਦਿੱਤੀਆਂ ਜਾਂਦੀਆਂ ਹਨ, ਫ਼ੌਜੀ ਕਾਰਵਾਈ ਕੀਤੀ ਜਾਂਦੀ ਹੈ, ਖ਼ਾਨਾਜੰਗੀ ਕਰਵਾ ਦਿੱਤੀ ਜਾਂਦੀ ਹੈ ਅਤੇ ਚੁਣੀ ਹੋਈ ਸਰਕਾਰ ਢਾਹ ਕੇ ਸ਼ਾਸਨ ਤਬਦੀਲੀ ਕਰ ਕੇ ਕਠਪੁਤਲੀ ਹਕੂਮਤ ਖੜ੍ਹੀ ਕਰ ਦਿੱਤੀ ਜਾਂਦੀ ਹੈ। ਅਫ਼ਗਾਨਿਸਤਾਨ ਦੀ ਜੰਗ ਦਾ ਇੱਕ ਅਸਲ ਕਾਰਨ ਇੱਕ ਟ੍ਰਿਲੀਅਨ ਡਾਲਰ ਦੇ ਖਣਿਜ ਵੀ ਸਨ।

ਲਤੀਨੀ ਅਮਰੀਕੀ ਮੁਲਕਾਂ ਉੱਤੇ ਅਮਰੀਕਾ ਦੇ ਦਬਦਬੇ, ਪਾਬੰਦੀਆਂ ਅਤੇ ਵਿੱਤੀ ਲੁੱਟ ਦਾ ਵੱਡਾ ਇਤਿਹਾਸ ਹੈ। ਸੰਨ 1823 ਦੇ ਰਾਸ਼ਟਰਪਤੀ ਜੇਮਜ਼ ਮੋਨਰੋ ਦੀ ਬਣਾਈ ਨੀਤੀ ਮੋਨਰੋ ਸਿਧਾਂਤ ਦੀ ਸੋਚ ਹੇਠ ਲੈਟਿਨ ਅਮਰੀਕਾ ਨੂੰ ਯੂਐੱਸ ਨੇ ਕਦੇ ਵੀ ਸਵੈ-ਪ੍ਰਭੁਸੱਤਾ ਸੰਪੰਨ ਰਾਜ ਨਹੀਂ ਮੰਨਿਆ ਸਗੋਂ ਕੱਚੇ ਮਾਲ ਦੀ ਮਾਰਕੀਟ ਵਜੋਂ ਦੇਖਿਆ ਗਿਆ। ਹਮੇਸ਼ਾ ਇਹ ਸਮਝਿਆ ਗਿਆ ਕਿ ਲੈਟਿਨ ਅਮਰੀਕਾ ਸਿਰਫ਼ ਅਮਰੀਕਾ ਦਾ ਪ੍ਰਭਾਵ ਖੇਤਰ ਹੈ। ਯੂਰਪ ਅਤੇ ਹੋਰ ਮੁਲਕ ਦੂਰ ਹੀ ਰਹਿਣ। ਹੁਣ ਤਾਂ ਰਾਸ਼ਟਰਪਤੀ ਟਰੰਪ ਨੇ ਮੁਨਰੋ ਸਿਧਾਂਤ ਨੂੰ ਨਵਾਂ ਨਾਂ ਡੋਨਰੋ ਡਾਕਟਰੇਨ ਦੇ ਦਿੱਤਾ ਹੈ। ਵੈਨੇਜ਼ੁਏਲਾ ਦੇ ਤੇਲ ਉਦਯੋਗ ’ਤੇ ਭਾਰੀ ਪਾਬੰਦੀਆਂ ਲਾਈਆਂ ਗਈਆਂ ਅਤੇ ਵਿਦੇਸ਼ੀ ਖਾਤੇ ਫਰੀਜ਼ ਕਰ ਦਿੱਤੇ। ਇਸ ਨਾਲ ਮਹਿੰਗਾਈ ਅਤੇ ਭੁੱਖਮਰੀ ਵਧੀ ਪਰ ਸੰਕਟ ਲਈ ਸਰਕਾਰ ਨੂੰ ਦੋਸ਼ੀ ਠਹਿਰਾਉਣ ਦੀ ਰਾਜਨੀਤੀ ਅਪਣਾਈ ਗਈ। ਹੁਣ ਤਾਂ ਹੱਦ ਹੀ ਹੋ ਗਈ ਜਦੋਂ ਵੈਨੇਜ਼ੁਏਲਾ ਦੇ ਚੁਣੇ ਹੋਏ ਰਾਸ਼ਟਰਪਤੀ ਨਿਕੋਲਸ ਮਾਦੁਰੋ ਤੇ ਉਨ੍ਹਾਂ ਦੀ ਪਤਨੀ ਨੂੰ ਨਾਰਕੋ ਟੈਰਿਸਟ ਕਰਾਰ ਦੇ ਕੇ ਕਿਡਨੈਪ ਕਰ ਲਿਆ ਗਿਆ। ਇਸ ਤੋਂ ਪਹਿਲਾਂ ਨਿਕਾਰਾਗੁਆ ਅਤੇ ਬੋਲੀਵੀਆ ਦੀਆਂ ਖੱਬੀ-ਪੱਖੀ ਸਰਕਾਰਾਂ ਨੂੰ ਅਸਥਿਰ ਕਰਨ ਲਈ ਅੰਤਰਰਾਸ਼ਟਰੀ ਮੁਦਰਾ ਫੰਡ ਅਤੇ ਵਿਸ਼ਵ ਬੈਂਕ ਵੱਲੋਂ ਕਰਜ਼ਿਆਂ ’ਤੇ ਰੋਕ ਲਾਈ ਗਈ ਅਤੇ ਹੋਰ ਕਈ ਤਰ੍ਹਾਂ ਦੇ ਹੱਥਕੰਡੇ ਅਪਣਾਏ ਗਏ। ਇਹ ਪਾਬੰਦੀਆਂ ਮਨੁੱਖੀ ਅਧਿਕਾਰਾਂ ਦੀ ਰੱਖਿਆ ਵਾਸਤੇ ਨਹੀਂ (ਜਿਵੇਂ ਕਿ ਅਮਰੀਕਾ ਦੱਸਦਾ ਹੈ) ਸਗੋਂ ਰਾਜਨੀਤਕ ਤੌਰ ’ਤੇ ਇਨ੍ਹਾਂ ਮੁਲਕਾਂ ਨੂੰ ਕਾਬੂ ਕਰਨ ਲਈ ਵਰਤੀਆਂ ਗਈਆਂ।

ਸੰਨ 1959 ਵਿੱਚ ਹੋਏ ਇਨਕਲਾਬ ਤੋਂ ਬਾਅਦ ਕਿਊਬਾ ਵਿੱਚ ਮੁਫ਼ਤ ਸਿੱਖਿਆ ਅਤੇ ਸਿਹਤ ਦਾ ਪ੍ਰਬੰਧ, ਜ਼ਮੀਨ ਸੁਧਾਰ ਅਤੇ ਉਦਯੋਗਾਂ ਦਾ ਰਾਸ਼ਟਰੀਕਰਨ ਕੀਤਾ ਗਿਆ। ਸੰਨ 1961 ਵਿੱਚ ਕਿਊਬਾ ਨੂੰ ਸਮਾਜਵਾਦੀ ਦੇਸ਼ ਹੋਣ ਦਾ ਐਲਾਨ ਕੀਤਾ ਗਿਆ। ਕਿਊਬਾ ਦਾ ਇਨਕਲਾਬ ਲੈਟਿਨ ਅਮਰੀਕਾ ਦਾ ਪਹਿਲਾ ਸਫਲ ਸਮਾਜਵਾਦੀ ਇਨਕਲਾਬ ਸੀ ਜਿਸ ਨੇ ਅਮਰੀਕੀ ਦਬਦਬੇ ਨੂੰ ਖੁੱਲ੍ਹੀ ਚੁਣੌਤੀ ਦਿੱਤੀ। ਇਸ ਤੋਂ ਪ੍ਰੇਰਿਤ ਹੋ ਕੇ ਅਫ਼ਰੀਕਾ, ਏਸ਼ੀਆ, ਲੈਟਿਨ ਅਮਰੀਕਾ ਦੀਆਂ ਕਈ ਮੁਕਤੀ ਲਹਿਰਾਂ ਸ਼ੁਰੂ ਹੋਈਆਂ। ਕਾਸਤਰੋ ਦਾ ਸਮਾਜਵਾਦ ਵੱਲ ਝੁਕਾਅ ਹੋਣ ਕਾਰਨ ਅਮਰੀਕਾ ਲਈ ਕਿਊਬਾ ਇੱਕ ਖ਼ਤਰਨਾਕ ਮਿਸਾਲ ਬਣ ਗਿਆ। ਅਪ੍ਰੈਲ 1961 ਵਿਚ 391 ਦੀ ਮਦਦ ਨਾਲ ਕਿਊਬਨ ਜਲਾਵਤਨ ਕੀਤੇ ਲੋਕਾਂ ਨੇ ਉਸ ’ਤੇ ਹਮਲਾ ਕੀਤਾ। ਕਾਸਤਰੋ ਦੀ ਹੱਤਿਆ ਕਰਨ ਦੇ 600 ਤੋਂ ਵੱਧ ਵਾਰ ਯਤਨ ਕੀਤੇ ਗਏ।

ਦੁਨੀਆ ਭਰ ਵਿੱਚ ਮਚੀ ਅਜੋਕੀ ਹਫੜਾ-ਦਫੜੀ ਪਿੱਛੇ ਵੀ ਮੁੱਦੇ ਦੀ ਜੜ੍ਹ ਕੁਦਰਤੀ ਸਾਧਨਾਂ ਦੀ ਲੁੱਟ, ਤੇਲ ਦੀ ਭੁੱਖ, ਦੁਰਲੱਭ ਖਣਿਜ ਹਨ। ਅਮਰੀਕਾ ਦੀਆਂ ਵਿੱਤੀ ਨੀਤੀਆਂ ਅਤੇ ਟੈਰਿਫ ਦਾ ਸਤਾਇਆ ਭਾਰਤ ਜਦ ਵੀ ਚੀਨ ਨਾਲ ਸਹਿਯੋਗ ਵਧਾਉਣ ਵੱਲ ਕਦਮ ਪੁੱਟਦਾ ਹੈ ਤਾਂ ਅਮਰੀਕਾ ਤਰੁੰਤ ਉਸ ’ਤੇ ਵੱਧ ਟੈਰਿਫ ਲਾਉਣ ਦਾ ਦੀ ਧਮਕੀ ਦੇ ਦਿੰਦਾ ਹੈ। ਪਿੱਛੇ ਜਿਹੇ ਭਾਰਤ ਨੇ ਚੀਨੀ ਕੰਪਨੀਆਂ ਨੂੰ ਆਪਣੇ ਇੱਥੇ ਸਰਕਾਰੀ ਅਦਾਰਿਆਂ ਵਿਚ ਠੇਕੇ ਲੈਣ ਅਤੇ ਹੋਰ ਪ੍ਰਾਜੈਕਟਾਂ ਵਿੱਚ ਸ਼ਾਮਲ ਹੋਣ ਦੀ ਖੁੱਲ੍ਹ ਦੇਣ ਦੀ ਨੀਤੀ ਅਪਣਾਈ ਹੈ।

# ਆਲਮੀ ਢਾਂਚੇ ਦੀ ਦਸ਼ਾ-ਦਿਸ਼ਾ ਨੂੰ ਹੀ ਬਦਲ ਦਿੱਤਾ ਟਰੰਪ ਨੇ

ਹਰਸ਼ .ਵੀ. ਪੰਤ

ਅਮਰੀਕੀ ਰਾਸ਼ਟਰਪਤੀ ਦੇ ਰੂਪ ਵਿੱਚ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਨੂੰ ਇੱਕ ਸਾਲ ਪੂਰਾ ਹੋ ਗਿਆ ਹੈ। ਇਸ ਇੱਕ ਸਾਲ ਦੌਰਾਨ ਉਨ੍ਹਾਂ ਨੇ ਆਪਣੀਆਂ ਨਾਟਕੀ ਨੀਤੀਆਂ ਨਾਲ ਆਲਮੀ ਢਾਂਚੇ ਦੀ ਦਸ਼ਾ-ਦਿਸ਼ਾ ਨੂੰ ਹੀ ਬਦਲ ਕੇ ਰੱਖ ਦਿੱਤਾ ਹੈ। ਇੱਥੋਂ ਤੱਕ ਕਿ ਅਮਰੀਕਾ ਦੇ ਰਵਾਇਤੀ ਸਾਥੀ ਵੀ ਉਨ੍ਹਾਂ ਦੇ ਅਣਕਿਆਸੇ ਰਵੱਈਏ ਤੋਂ ਕੁਝ ਪਰੇਸ਼ਾਨ ਹੋ ਚੁੱਕੇ ਹਨ।

ਮਹੀਨਿਆਂ ਤੱਕ ਨੋਬਲ ਸ਼ਾਂਤੀ ਪੁਰਸਕਾਰ ਲਈ ਖ਼ੁਦ ਹੀ ਆਪਣੀ ਪੈਰਵੀ ਕਰਦੇ ਰਹੇ ਟਰੰਪ ਨੇ ਨਵੇਂ ਸਾਲ ਦੀ ਸ਼ੁਰੂਆਤ 'ਚ ਹੀ ਨਵੇਂ ਰੰਗ-ਢੰਗ ਦਿਖਾਏ। ਤਿੰਨ ਜਨਵਰੀ ਨੂੰ ਵੈਨੇਜ਼ੁਏਲਾ ਵਿੱਚ ਸਿਰਫ਼ ਕੁਝ ਘੰਟਿਆਂ ਦੇ ਅੰਦਰ ਹੀ ਸੱਤਾ ਪਲਟਣ ਵਿੱਚ ਸਫਲ ਰਹੇ ਟਰੰਪ ਉਸ ਤੋਂ ਬਾਅਦ ਇਰਾਨ ਅਤੇ ਗ੍ਰੀਨਲੈਂਡ ਨੂੰ ਅੱਖਾਂ ਦਿਖਾਉਣ ਲੱਗੇ।

ਪਿਛਲੇ ਦਿਨਾਂ ਦੌਰਾਨ ਇਰਾਨ ਵਿੱਚ ਬੇਕਾਬੂ ਹੋਏ ਵਿਰੋਧ-ਪ੍ਰਦਰਸ਼ਨਾਂ ਨੂੰ ਬੇਰਹਿਮੀ ਨਾਲ ਕੁਚਲਣ ਨੂੰ ਲੈ ਕੇ ਵੀ ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਸੱਤਾ ਨੇ ਆਪਣਾ ਸ਼ਿਕੰਜਾ ਹੋਰ ਕੱਸਿਆ ਤਾਂ ਉਹ ਕੋਈ ਸਖ਼ਤ ਕਦਮ ਚੁੱਕਣ ਤੋਂ ਨਹੀਂ ਝਿਜਕਣਗੇ। ਜਦੋਂ ਹਜ਼ਾਰਾਂ ਦੀ ਤਾਦਾਦ ਵਿੱਚ ਪ੍ਰਦਰਸ਼ਨਕਾਰੀਆਂ ਦੇ ਮਾਰੇ ਜਾਣ ਦੀਆਂ ਖ਼ਬਰਾਂ ਆਈਆਂ ਤਾਂ ਟਰੰਪ ਨੇ ਕਿਹਾ ਕਿ ਅਮਰੀਕਾ ਕਾਰਵਾਈ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਇਰਾਨ ਨੂੰ ਇਸ ਦੀ ਭਾਰੀ ਕੀਮਤ ਚੁਕਾਉਣੀ ਪਵੇਗੀ।

ਇਸ ਦੇ ਲਈ ਉਨ੍ਹਾਂ ਨੇ ਪਿਛਲੇ ਸਾਲ ਇਰਾਨ ਦੇ ਪਰਮਾਣੂ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਦੀ ਉਦਾਹਰਨ ਵੀ ਸਾਹਮਣੇ ਰੱਖੀ। ਇਰਾਨੀ ਸਰਕਾਰ ਨੇ ਪ੍ਰਦਰਸ਼ਨਕਾਰੀਆਂ ਦੀ ਹੱਤਿਆ ਅਤੇ ਗ੍ਰਿਫ਼ਤਾਰ ਲੋਕਾਂ ਨੂੰ ਫਾਂਸੀ ਦੇਣ ਦੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ ਅਤੇ ਟਰੰਪ ਨੇ ਵੀ ਆਪਣੇ ਨਿੱਜੀ ਸੂਤਰਾਂ ਦਾ ਹਵਾਲਾ ਦਿੱਤਾ ਕਿ ਅਜਿਹਾ ਕੁਝ ਨਹੀਂ ਹੋ ਰਿਹਾ ਹੈ। ਇਹ ਗੱਲ ਵੱਖਰੀ ਹੈ ਕਿ ਇਰਾਨ ਵਿੱਚ ਜਿਨ੍ਹਾਂ ਲੋਕਾਂ ਅਤੇ ਸੰਸਥਾਵਾਂ 'ਤੇ ਪ੍ਰਦਰਸ਼ਨਕਾਰੀਆਂ ਦੇ ਦਮਨ ਅਤੇ ਵਿਦੇਸ਼ੀ ਬਾਜ਼ਾਰ ਵਿੱਚ ਤੇਲ ਦੀ ਕਾਲਾਬਾਜ਼ਾਰੀ ਦੇ ਦੋਸ਼ ਹਨ, ਉਨ੍ਹਾਂ 'ਤੇ ਟਰੰਪ ਪ੍ਰਸ਼ਾਸਨ ਨੇ ਨਵੇਂ ਸਿਰਿਓਂ ਸਖ਼ਤ ਪਾਬੰਦੀਆਂ ਲਗਾਈਆਂ ਹਨ।

ਇੰਨਾ ਹੀ ਇਲਾਵਾ, ਇਰਾਨ ਨਾਲ ਵਪਾਰ ਕਰਨ ਵਾਲੇ ਦੇਸ਼ਾਂ 'ਤੇ ਵਾਧੂ 25 ਪ੍ਰਤੀਸ਼ਤ ਟੈਰਿਫ ਲਗਾ ਕੇ ਵੀ ਉਨ੍ਹਾਂ ਨੇ ਇਰਾਨ ਅਤੇ ਉਸ ਦੇ ਸਾਥੀਆਂ ਨੂੰ ਸਖ਼ਤ ਸੰਦੇਸ਼ ਦਿੱਤਾ।

ਇਰਾਨ ਤੋਂ ਇਲਾਵਾ, ਗ੍ਰੀਨਲੈਂਡ ਦਾ ਮਾਮਲਾ ਟਰੰਪ ਦੇ ਨਜ਼ਰੀਏ ਨਾਲ ਕਿਤੇ ਜ਼ਿਆਦਾ ਮਹੱਤਵਪੂਰਨ ਦਿਖਾਈ ਦੇ ਰਿਹਾ ਹੈ। ਅਜਿਹਾ ਇਸ ਲਈ ਹੈ ਕਿਉਂਕਿ ਇਸ ਵਿੱਚ ਉਨ੍ਹਾਂ ਹੀ ਦੇਸ਼ਾਂ ਦਾ ਅਮਰੀਕਾ ਨਾਲ ਟਕਰਾਅ ਵਧਦਾ ਦਿਸ ਰਿਹਾ ਹੈ ਜੋ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਤੋਂ ਹੀ ਅਮਰੀਕਾ ਦੇ ਪੱਕੇ ਮਿੱਤਰ ਰਹੇ ਹਨ। ਟਰੰਪ ਇਨ੍ਹਾਂ ਦੇਸ਼ਾਂ ਦੇ ਨਾਲ ਪੱਕੀ ਦੋਸਤੀ ਨੂੰ ਤਾਰ-ਤਾਰ ਕਰ ਰਹੇ ਹਨ।



ਉਨ੍ਹਾਂ ਨੇ ਏਆਈ ਦੁਆਰਾ ਬਣਾਈ ਗਈ ਤਸਵੀਰ ਜ਼ਰੀਏ ਪੋਸਟ ਕੀਤਾ ਕਿ 2026 ਤੋਂ ਗ੍ਰੀਨਲੈਂਡ ਅਮਰੀਕਾ ਦਾ ਹਿੱਸਾ ਬਣ ਗਿਆ ਹੈ। ਵੈਸੇ ਗ੍ਰੀਨਲੈਂਡ ਪ੍ਰਤੀ ਟਰੰਪ ਦਾ ਇਹ ਨਜ਼ਰੀਆ ਕੋਈ ਨਵਾਂ ਨਹੀਂ ਹੈ।

ਆਪਣੇ ਪਹਿਲੇ ਕਾਰਜਕਾਲ ਵਿੱਚ ਵੀ ਗ੍ਰੀਨਲੈਂਡ ਦਾ ਮੁੱਦਾ ਉਨ੍ਹਾਂ ਦੀ 'ਰਾਸ਼ਟਰੀ ਸੁਰੱਖਿਆ ਰਣਨੀਤੀ' ਦਾ ਇੱਕ ਕੇਂਦਰ ਬਿੰਦੂ ਰਿਹਾ ਹੈ। ਇਸ ਨੂੰ ਅਕਸਰ 'ਡੋਨਰੋ ਡੋਕਟ੍ਰਿਨ' ਦੇ ਰੂਪ ਵਿੱਚ ਪੇਸ਼ ਕੀਤਾ ਗਿਆ। ਉਹ ਆਰਕਟਿਕ ਖੇਤਰ ਨੂੰ ਇੱਕ ਮਹੱਤਵਪੂਰਨ ਰਣਨੀਤਕ ਮੋਰਚੇ ਦੇ ਤੌਰ 'ਤੇ ਦੇਖਦੇ ਹਨ ਜਿਸ ਨੂੰ ਕਿਸੇ ਵੀ ਤਰ੍ਹਾਂ ਅਮਰੀਕੀ ਨਿਯੰਤਰਣ ਵਿੱਚ ਲਿਆਉਣਾ ਜ਼ਰੂਰੀ ਹੈ। ਟਰੰਪ ਪ੍ਰਸ਼ਾਸਨ ਸ਼ਕਤੀ ਸੰਤੁਲਨ ਦੇ ਨਜ਼ਰੀਏ ਤੋਂ ਵੀ ਆਪਣੇ ਇਸ ਰੁਖ਼ ਨੂੰ ਸਹੀ ਸਾਬਿਤ ਕਰਦਾ ਹੈ।

ਟਰੰਪ ਵਾਰ-ਵਾਰ ਦੁਹਰਾਉਂਦੇ ਰਹੇ ਹਨ ਕਿ ਗ੍ਰੀਨਲੈਂਡ ਰੂਸੀ ਅਤੇ ਚੀਨੀ ਜਹਾਜ਼ਾਂ ਨਾਲ ਘਿਰਿਆ ਹੋਇਆ ਹੈ ਅਤੇ ਇਸ ਦੇ ਕੋਲ ਆਪਣੇ ਉੱਤੇ ਕਬਜ਼ਾ ਕਰਨ ਦੇ ਕਿਸੇ ਯਤਨ ਦਾ ਵਿਰੋਧ ਕਰਨ ਦੀ ਫ਼ੌਜੀ ਸਮਰੱਥਾ ਨਹੀਂ ਹੈ। ਅਮਰੀਕਾ ਦੀ ਸੁਰੱਖਿਆ ਲਈ ਟਰੰਪ ਜਿਸ ਮਹੱਤਵਪੂਰਨ 'ਗੋਲਡਨ ਡੋਮ' ਪ੍ਰਾਜੈਕਟ 'ਤੇ ਕੰਮ ਕਰ ਰਹੇ ਹਨ, ਉਸ ਨੂੰ ਸਿਰੇ ਚੜ੍ਹਾਉਣ ਲਈ ਵੀ ਗ੍ਰੀਨਲੈਂਡ ਦੀ ਜ਼ਮੀਨ ਦੀ ਲੋੜ ਪਵੇਗੀ।

ਰੱਖਿਆ ਪੱਖੋਂ ਹੋਰਾਂ ਤੋਂ ਅੱਗੇ ਨਿਕਲਣ ਦੇ ਇਲਾਵਾ, ਸੋਮਿਆਂ ਦੇ ਨਜ਼ਰੀਏ ਤੋਂ ਵੀ ਗ੍ਰੀਨਲੈਂਡ ਦਾ ਬਹੁਤ ਮਹੱਤਵ ਹੈ। ਇਹ ਟਾਪੂ ਉਨ੍ਹਾਂ ਦੁਰਲਭ ਖਣਿਜਾਂ ਅਤੇ ਯੂਰੇਨੀਅਮ ਦੇ ਅਥਾਹ ਭੰਡਾਰਾਂ ਦਾ ਖ਼ਜ਼ਾਨਾ ਹੈ ਜੋ ਵਾਤਾਵਰਨ ਅਨੁਕੂਲਨ ਦੀ ਦਿਸ਼ਾ ਵਿੱਚ ਅੱਗੇ ਵਧਣ ਲਈ ਅਹਿਮ ਉਪਕਰਨਾਂ ਤੋਂ ਲੈ ਕੇ ਉੱਨਤ ਰੱਖਿਆ ਸਾਜ਼ੋ-ਸਾਮਾਨ ਬਣਾਉਣ ਵਿੱਚ ਕੰਮ ਆਉਂਦੇ ਹਨ। ਹਾਲਾਂਕਿ ਟਰੰਪ ਇਸ ਦਾ ਓਨਾ ਜ਼ਿਕਰ ਨਹੀਂ ਕਰਦੇ ਪਰ ਗ੍ਰੀਨਲੈਂਡ ਵਿੱਚ ਇੱਕ ਵਿਸ਼ੇਸ਼ ਦੂਤ ਦੀ ਨਿਯੁਕਤੀ ਅਤੇ ਅਮਰੀਕੀ ਸੰਸਦ ਵਿੱਚ 'ਮੇਕ ਗ੍ਰੀਨਲੈਂਡ ਗ੍ਰੇਟ ਅਗੇਨ' ਐਕਟ ਨੂੰ ਹੁਲਾਰਾ ਦੇਣਾ ਤਾਂ ਇਹੋ ਦਰਸਾਉਂਦਾ ਹੈ ਕਿ ਇਸ ਟਾਪੂ ਦੇ ਸੋਮਿਆਂ ਦੇ ਦੋਹਨ ਵਿੱਚ ਉਨ੍ਹਾਂ ਦੀ ਡੂੰਘੀ ਰੁਚੀ ਹੈ। ਇਸੇ ਕਾਰਨ ਟਰੰਪ ਨੇ ਗ੍ਰੀਨਲੈਂਡ ਦੇ ਹਰੇਕ ਨਾਗਰਿਕ ਨੂੰ 10,000 ਤੋਂ 100,000 ਡਾਲਰ ਤੱਕ ਦੇਣ ਦਾ ਪ੍ਰਸਤਾਵ ਦਿੱਤਾ ਕਿ ਉਹ ਡੈਨਮਾਰਕ ਤੋਂ ਅਲੱਗ ਹੋ ਕੇ ਅਮਰੀਕਾ ਨਾਲ ਜੁੜ ਜਾਣ। ਹਾਲਾਂਕਿ ਉਨ੍ਹਾਂ ਦੇ ਇਸ ਪ੍ਰਸਤਾਵ ਨੂੰ ਨਾਗਰਿਕ ਮੰਚਾਂ ਤੋਂ ਲੈ ਕੇ ਨੀਤੀ-ਘਾੜਿਆਂ ਤੱਕ ਨੇ ਵੀ ਖ਼ਾਰਜ ਕਰ ਦਿੱਤਾ ਹੈ।

ਗ੍ਰੀਨਲੈਂਡ ਨੂੰ ਲੈ ਕੇ ਟਰੰਪ ਦੇ ਪੱਧਰ 'ਤੇ ਇੱਕ ਹੋਰ ਮਹੱਤਵਪੂਰਨ ਬਦਲਾਅ ਇਹ ਰਿਹਾ ਕਿ 2025 ਵਿੱਚ ਉਨ੍ਹਾਂ ਨੇ ਇਸ ਨੂੰ ਯੂਰਪੀ ਕਮਾਂਡ (ਈਯੂਕੋਮ) ਦੀ ਜਗ੍ਹਾ ਉੱਤਰੀ ਕਮਾਂਡ (ਨਾਰਥਕੋਮ) ਅਧੀਨ ਲਿਆਂਦਾ। ਇਸ ਦੇ ਪਿੱਛੇ ਮੁੱਖ ਵਿਚਾਰ ਗ੍ਰੀਨਲੈਂਡ ਨੂੰ ਯੂਰਪ ਦਾ ਇੱਕ ਹਿੱਸਾ ਮੰਨਣ ਦੀ ਬਜਾਏ ਇਸ ਨੂੰ ਉੱਤਰੀ ਅਮਰੀਕਾ ਦੇ ਰੱਖਿਆ ਕਵਚ ਦੇ ਤੌਰ 'ਤੇ ਦੇਖਣਾ ਸੀ। ਵੇਖਿਆ ਜਾਵੇ ਤਾਂ ਗ੍ਰੀਨਲੈਂਡ ਭੂਗੋਲਿਕ ਤੌਰ 'ਤੇ ਉੱਤਰੀ ਅਮਰੀਕਾ ਦਾ ਹਿੱਸਾ ਹੈ ਪਰ ਇੱਕ ਯੂਰਪੀ ਦੇਸ਼ ਨਾਲ ਜੁੜੇ ਹੋਣ ਕਾਰਨ ਇਸ ਨੂੰ ਵੱਖਰੇ ਨਜ਼ਰੀਏ ਨਾਲ ਦੇਖਿਆ ਜਾਂਦਾ ਸੀ। ਜਿੱਥੇ ਤੱਕ ਨਾਰਥਕੋਮ ਦੀ ਗੱਲ ਹੈ, ਇਸ ਦਾ ਮੁੱਖ ਟੀਚਾ ਅਮਰੀਕਾ ਅਤੇ ਕੈਨੇਡਾ ਦੀ ਰੱਖਿਆ ਯਕੀਨੀ ਬਣਾਉਣਾ ਹੈ। ਅਜਿਹੇ ਵਿੱਚ ਗ੍ਰੀਨਲੈਂਡ ਨੂੰ ਲੈ ਕੇ ਟਰੰਪ ਦੀ ਇਸ ਨੀਤੀ ਪਰਿਵਰਤਨ ਨੇ ਇਹੋ ਸੰਕੇਤ ਦਿੱਤਾ ਕਿ ਗ੍ਰੀਨਲੈਂਡ ਹੁਣ ਸਿਰਫ਼ ਇੱਕ ਵਿਦੇਸ਼ੀ ਫ਼ੌਜੀ ਅੱਡੇ ਤੋਂ ਕਿਤੇ ਵਧ ਕੇ ਹੈ ਅਤੇ ਅਮਰੀਕੀ ਸਰਹੱਦਾਂ ਦੀ ਸੁਰੱਖਿਆ ਵਿੱਚ ਉਸ ਦੀ ਆਪਣੀ ਇੱਕ ਵਿਸ਼ੇਸ਼ ਮਹੱਤਤਾ ਹੈ।

ਤਮਾਮ ਯਤਨਾਂ ਦੇ ਬਾਅਦ ਵੀ ਟਰੰਪ ਨੂੰ ਗ੍ਰੀਨਲੈਂਡ ਨਾਲ ਜੁੜੀ ਆਪਣੀ ਮਨਸ਼ਾ ਨੂੰ ਪੂਰਾ ਕਰਨ ਵਿੱਚ ਉਮੀਦ ਮੁਤਾਬਕ ਸਫਲਤਾ ਨਹੀਂ ਮਿਲ ਰਹੀ। ਇਸੇ ਕਾਰਨ ਉਹ ਹੁਣ ਫ਼ੌਜੀ ਬਦਲ ਅਜਮਾਉਣ ਦੀ ਧਮਕੀ ਵੀ ਦੇ ਰਹੇ ਹਨ। ਯੂਰਪੀ ਅਤੇ ਨਾਟੋ ਸਾਥੀਆਂ ਵਿੱਚ ਇਸ ਦੀ ਤਿੱਖੀ ਪ੍ਰਤੀਕਿਰਿਆ ਵੀ ਦਿਖਾਈ ਦਿੱਤੀ ਹੈ। ਹਾਲਾਂਕਿ ਇਸ ਨੂੰ ਟਰੰਪ ਦੀ ਸੁਵਿਧਾਜਨਕ ਦਖ਼ਲਅੰਦਾਜ਼ੀ ਵਾਲੀ ਨੀਤੀ ਕਹਿਣਾ ਜ਼ਿਆਦਾ ਢੁੱਕਵਾਂ ਹੋਵੇਗਾ ਜਿਸ ਵਿਚ ਅਮਰੀਕੀ ਵਪਾਰਕ ਅਤੇ ਰੱਖਿਆ ਹਿੱਤਾਂ ਨੂੰ ਪੂਰਾ ਕਰਨ ਲਈ ਤਾਕਤ ਦੀ ਵਰਤੋਂ ਕਰਨ ਤੋਂ ਸੰਕੋਚ ਨਹੀਂ।ਅਜਿਹੇ ਵਿੱਚ ਸਹਿਯੋਗੀ ਦੇਸ਼ਾਂ ਤੋਂ ਉਨ੍ਹਾਂ ਦੀ ਇਹ ਉਮੀਦ ਹੈ ਕਿ ਜਾਂ ਤਾਂ ਅਮਰੀਕੀ ਇੱਛਾਵਾਂ ਮੁਤਾਬਕ ਕੰਮ ਕਰਨ ਜਾਂ ਫਿਰ ਅਮਰੀਕਾ ਦੀ ਸੁਰੱਖਿਆ ਛਤਰੀ ਨੂੰ ਗੁਆਉਣ ਦਾ ਜੋਖ਼ਮ ਉਠਾਉਣ ਲਈ ਤਿਆਰ ਰਹਿਣ। ਟਰੰਪ ਦੀ ਇਹ ਵਿਦੇਸ਼ ਨੀਤੀ ਨਾ ਸਿਰਫ਼ ਦੁਨੀਆ ਪ੍ਰਤੀ ਅਮਰੀਕਾ ਦੀ ਰਵਾਇਤੀ ਭੂਮਿਕਾ ਦੇ ਮੂਲ ਸਿਧਾਂਤਾਂ ਨੂੰ ਚੁਣੌਤੀ ਦੇ ਰਹੀ ਹੈ ਬਲਕਿ ਆਧੁਨਿਕ ਵਿਸ਼ਵ ਵਿਵਸਥਾ ਨਾਲ ਜੁੜੀਆਂ ਵਿਆਪਕ ਮਾਨਤਾਵਾਂ ਨੂੰ ਵੀ ਹਲੂਣਾ ਦੇ ਰਹੀ ਹੈ। ਦੂਜਿਆਂ ਨੂੰ ਨਸੀਹਤ ਦੇਣ ਵਾਲਾ ਅਮਰੀਕਾ ਹੁਣ ਖ਼ੁਦ ਹੀ ਉਨ੍ਹਾਂ ਸਥਾਪਤ ਪਰੰਪਰਾਵਾਂ ਨੂੰ ਦਰਕਿਨਾਰ ਕਰ ਰਿਹਾ ਹੈ ਜਿਨ੍ਹਾਂ ਦੀ ਪੈਰਵੀ ਉਹ ਖ਼ੁਦ ਕਰਦਾ ਰਿਹਾ ਹੈ। ਇਸ ਬਦਲਾਅ ਦੇ ਪ੍ਰਭਾਵ ਬਹੁਤ ਦੂਰਗਾਮੀ ਹੋਣਗੇ।

# ਅਮਰੀਕੀ ਸਿੱਖਿਆ ਸਿਸਟਮ ਤੋਂ ਸੇਧ ਲਵੇ ਭਾਰਤ

ਸ਼ਮਾ ਸ਼ਰਮਾ
(ਲੇਖਿਕਾ ਸਾਹਿਤਕਾਰ ਹੈ)


ਇੱਕ ਅੰਕੜੇ ਮੁਤਾਬਕ ਅਮਰੀਕਾ ਦੀਆਂ ਨਿੱਜੀ ਯੂਨੀਵਰਸਿਟੀਆਂ 'ਚ ਪੜ੍ਹਣ ਵਾਲੇ ਵਿਦਿਆਰਥੀਆਂ 'ਚ 61 ਫ਼ੀਸਦੀ ਤੋਂ ਲੈ ਕੇ 83 ਫ਼ੀਸਦੀ ਤੱਕ ਵਿਦਿਆਰਥੀ ਕਰਜ਼ਾ ਲੈਂਦੇ ਹਨ। ਜੋ ਕਾਲਜ ਨਿੱਜੀ ਤੇ ਸਰਕਾਰੀ ਮਦਦ, ਦੋਵਾਂ ਨਾਲ ਚੱਲਦੇ ਹਨ, ਉਥੇ 54 ਤੋਂ 61 ਫ਼ੀਸਦੀ ਤੇ ਸਰਕਾਰੀ ਅਦਾਰੇ ਜਿਨ੍ਹਾਂ ਨੂੰ ਪਬਲਿਕ ਇੰਸਟੀਟਿਊਸ਼ਨ ਕਿਹਾ ਜਾਂਦਾ ਹੈ, ਉਥੇ ਵੀ 33 ਤੋਂ 49 ਫ਼ੀਸਦੀ ਵਿਦਿਆਰਥੀਆਂ ਨੂੰ ਕਰਜ਼ਾ ਲੈਣਾ ਪੈਂਦਾ ਹੈ। ਅਮਰੀਕੀ ਸਿੱਖਿਆ ਵਿਭਾਗ ਦੀ ਮੁੱਖ ਏਜੰਸੀ ਨੈਸ਼ਨਲ ਸੈਂਟਰ ਫਾਰ ਐਜੂਕੇਸ਼ਨ ਸਟੈਟਿਸਟਿਕਸ ਮੁਤਾਬਕ ਕਰਜ਼ੇ ਦੀ ਇਹ ਰਕਮ ਹਰ ਸਾਲ ਵਧਦੀ ਹੀ ਜਾਂਦੀ ਹੈ। ਅੱਜ ਇਹ ਰਕਮ ਅਰਬਾਂ 'ਚ ਜਾ ਪੁੱਜੀ ਹੈ। ਇਸ 'ਤੇ ਲੱਗਣ ਵਾਲੇ ਵਿਆਜ ਦੀ ਦਰ ਵੀ ਬਹੁਤ ਵੱਧ ਹੁੰਦੀ ਹੈ। ਪਿਛਲੇ ਸਾਲ ਅਮਰੀਕਾ 'ਚ ਹਰ ਵਿਦਿਆਰਥੀ 'ਤੇ 39,375 ਡਾਲਰ ਦਾ ਕਰਜ਼ਾ ਸੀ। ਸਾਲ 2007 ਦੀ ਤੁਲਨਾ 'ਚ ਇਹ ਤਿੰਨ ਗੁਣਾ ਵੱਧ ਹੈ। ਆਮ ਤੌਰ 'ਤੇ ਉਥੇ ਮੱਧ ਵਰਗ ਦੇ ਬੱਚੇ ਕਰਜ਼ੇ ਦੇ ਭਾਰ ਨਾਲ ਦੱਬੇ ਰਹਿੰਦੇ ਹਨ।

ਮੈਰੀਲੈਂਡ, ਜਾਰਜੀਆ, ਵਰਜੀਨੀਆ ਵਰਗੇ ਸੂਬਿਆਂ ਦੇ ਵਿਦਿਆਰਥੀ ਵੱਧ ਕਰਜ਼ਾ ਲੈਂਦੇ ਹਨ। ਨੌਕਰੀ ਤੋਂ ਬਾਅਦ ਉਹ ਲੰਬੇ ਸਮੇਂ ਤੱਕ ਕਰਜ਼ੇ ਦੀ ਅਦਾਇਗੀ ਕਰਦੇ ਰਹਿੰਦੇ ਹਨ। ਜ਼ਿਆਦਾਤਰ ਵਿਦਿਆਰਥੀ 35 ਤੋਂ ਲੈ ਕੇ 49 ਸਾਲ ਦੀ ਉਮਰ ਤੱਕ ਕਰਜ਼ੇ ਦੀ ਅਦਾਇਗੀ ਕਰਦੇ ਹਨ। ਇਕ ਤਰ੍ਹਾਂ ਨਾਲ ਉਮਰ ਦਾ ਵੱਡਾ ਹਿੱਸਾ ਕਰਜ਼ੇ ਦੀ ਅਦਾਇਗੀ 'ਚ ਹੀ ਨਿਕਲ ਜਾਂਦਾ ਹੈ। ਇਸੇ ਸੰਦਰਭ 'ਚ ਪਿਛਲੇ ਦਿਨੀਂ ਵਿਚਾਰਕ ਐੱਸ. ਗੁਰੂਮੂਰਤੀ ਇੱਕ ਇੰਟਰਵਿਊ 'ਚ ਦੱਸ ਰਹੇ ਸਨ ਕਿ ਜ਼ਿਆਦਾਤਰ ਅਮਰੀਕੀ ਬੱਚੇ ਕਰਜ਼ਾ ਲੈ ਕੇ ਪੜ੍ਹਾਈ ਕਰਦੇ ਹਨ। ਜਦਕਿ ਭਾਰਤੀ ਲੋਕ ਆਪਣੇ ਪਰਿਵਾਰ ਨੂੰ ਤਰਜੀਹ ਦਿੰਦੇ ਹਨ। ਇਸ ਲਈ ਬੱਚਿਆਂ ਦੀ ਪੜ੍ਹਾਈ 'ਤੇ ਖ਼ਰਚਾ ਕਰਦੇ ਹਨ। ਅਸਲ 'ਚ ਹਰ ਭਾਰਤੀ ਮਾਤਾ-ਪਿਤਾ ਚਾਹੁੰਦਾ ਹੈ ਕਿ ਉਨ੍ਹਾਂ ਦਾ ਬੱਚਾ ਚੰਗਾ ਪੜ੍ਹ-ਲਿਖ ਜਾਵੇ। ਇਸ ਲਈ ਉਹ ਆਪਣੇ ਸਾਰੇ ਸਾਧਨ ਦਾਅ 'ਤੇ ਲਾ ਦਿੰਦੇ ਹਨ। ਕਈ ਵਾਰ ਉਹ ਆਪਣਾ ਖੇਤ ਤੱਕ ਵੇਚ ਦਿੰਦੇ ਹਨ। ਕਰਜ਼ਾ ਵੀ ਲੈਣਾ ਪਵੇ ਤਾਂ ਉਸ ਦੀ ਜ਼ਿੰਮੇਵਾਰੀ ਖ਼ੁਦ ਹੀ ਉਠਾਉਂਦੇ ਹਨ।ਕੁਝ ਸਾਲ ਪਹਿਲਾਂ ਜਨੇਵਾ 'ਚ ਕੰਮ ਕਰਨ ਵਾਲੇ ਇੱਕ ਅਜਿਹੇ ਅਮਰੀਕੀ ਨੂੰ ਮਿਲੀ ਸੀ, ਜੋ 50 ਸਾਲ ਤੋਂ ਵੱਧ ਸੀ, ਪਰ ਅਜੇ ਤੱਕ ਸਿੱਖਿਆ ਦੇ ਲਈ ਕਰਜ਼ੇ ਦੀ ਅਦਾਇਗੀ ਕਰ ਰਿਹਾ ਸੀ। ਉਸ ਦਾ ਕਹਿਣਾ ਸੀ ਕਿ ਉਹ ਇੰਨੇ ਪੈਸੇ ਨਹੀਂ ਕਮਾਉਂਦਾ ਕਿ ਪਰਿਵਾਰ ਦਾ ਭਾਰ ਚੁੱਕ ਸਕੇ ਤੇ ਸਿੱਖਿਆ ਲਈ ਜੋ ਕਰਜ਼ਾ ਲਿਆ ਸੀ, ਉਸ ਦੀ ਕਿਸ਼ਤ ਵੀ ਹਰ ਮਹੀਨੇ ਭਰ ਸਕੇ। ਅਮਰੀਕਾ 'ਚ ਆਮ ਤੌਰ 'ਤੇ ਦਸ ਤੋਂ ਲੈ ਕੇ 30 ਸਾਲ ਤੱਕ ਕਰਜ਼ੇ ਦੀਆਂ ਕਿਸ਼ਤਾਂ ਭਰਨੀਆਂ ਪੈਂਦੀਆਂ ਹਨ। ਉਥੇ ਕਿਹਾ ਜਾਂਦਾ ਹੈ ਕਿ ਇੱਕ ਵਾਰ ਕਰਜ਼ੇ ਦੇ ਚੱਕਰ 'ਚ ਫਸੇ ਤਾਂ ਜੀਵਨ ਭਰ ਉਸੇ 'ਚ ਫਸੇ ਰਹਿੰਦੇ ਹਾਂ। ਕਰਜ਼ਾ ਅਦਾ ਕਰਨ 'ਚ ਵੱਧ ਸਮਾਂ ਲੱਗਣ ਦਾ ਮਤਲਬ ਵੱਧ ਵਿਆਜ ਦੇਣਾ ਹੈ। ਅੰਦਾਜ਼ਾ ਲਾਉਣਾ ਮੁਸ਼ਕਲ ਨਹੀਂ ਕਿ ਕਿਉਂ ਅਮਰੀਕਾ 'ਚ ਬਹੁਤ ਸਾਰੇ ਬੱਚੇ ਸਕੂਲੀ ਸਿੱਖਿਆ ਤੋਂ ਬਾਅਦ ਪੜ੍ਹਾਈ ਛੱਡ ਦਿੰਦੇ ਹਨ, ਕਿਉਂਕਿ ਉੱਚ ਸਿੱਖਿਆ ਦੇ ਸਾਧਨ ਪੈਦਾ ਕਰਨਾ ਉਨ੍ਹਾਂ ਦੇ ਵਸ ਦਾ ਨਹੀਂ ਹੁੰਦਾ। ਇਸ ਲਈ ਬਹੁਤ ਸਾਰੇ ਨੌਜਵਾਨ ਕਿਸੇ ਨਾ ਕਿਸੇ ਕੰਮ 'ਚ ਲੱਗ ਜਾਂਦੇ ਹਨ। ਜਿਸ ਸਿੱਖਿਆ ਬਾਰੇ ਕਿਹਾ ਜਾਂਦਾ ਹੈ ਕਿ ਉਹ ਹਰ ਇਕ ਲਈ ਉਪਲੱਬਧ ਹੋਣੀ ਚਾਹੀਦੀ ਹੈ, ਅਸਲ 'ਚ ਅਜਿਹਾ ਹੈ ਨਹੀਂ।



ਇਨ੍ਹੀਂ ਦਿਨੀਂ ਆਰਟੀਫੀਸ਼ੀਅਲ ਇੰਟੈਲੀਜੈਂਸ ਭਾਵ ਏਆਈ ਦੇ ਆਉਣ ਦੇ ਡਰ ਨਾਲ ਅਮਰੀਕਾ 'ਚ ਵੀ ਰੁਜ਼ਗਾਰ ਦੇ ਮੌਕੇ ਲਗਾਤਾਰ ਘੱਟ ਹੋ ਰਹੇ ਹਨ। ਉਥੇ ਵੱਡੀਆਂ-ਵੱਡੀਆਂ ਕੰਪਨੀਆਂ ਹਜ਼ਾਰਾਂ ਦੀ ਗਿਣਤੀ 'ਚ ਲੋਕਾਂ ਨੂੰ ਨੌਕਰੀ ਤੋਂ ਕੱਢ ਰਹੀਆਂ ਹਨ। ਇਨ੍ਹਾਂ 'ਚੋਂ ਜੋ ਲੋਕ ਅਮਰੀਕੀ ਨਾਗਰਿਕ ਨਹੀਂ ਹਨ, ਉਹ ਰੁਜ਼ਗਾਰ ਲਈ ਲੱਗਣ ਵਾਲੇ ਮੇਲਿਆਂ 'ਚ ਆਪਣਾ ਸੀਵੀ ਲੈ ਕੇ ਜਾ ਰਹੇ ਹਨ, ਤਾਂ ਉਨ੍ਹਾਂ ਤੋਂ ਪਹਿਲਾ ਸਵਾਲ ਇਹੀ ਪੁੱਛਿਆ ਜਾ ਰਿਹਾ ਹੈ ਕਿ ਉਹ ਅਮਰੀਕੀ ਨਾਗਰਿਕ ਹਨ ਜਾਂ ਨਹੀਂ ? ਨਾ ਕਹਿੰਦੇ ਹੀ ਉਨ੍ਹਾਂ ਦਾ ਸੀਵੀ ਬਿਨਾਂ ਦੇਖੇ ਮੋੜ ਦਿੱਤਾ ਜਾ ਰਿਹਾ ਹੈ। ਇਨ੍ਹਾਂ 'ਚੋਂ ਜ਼ਿਆਦਾਤਰ ਉਹ ਲੋਕ ਹਨ, ਜੋ ਅਮਰੀਕਾ 'ਚ ਹੀ ਪੜ੍ਹੇ ਹਨ। ਇਨ੍ਹਾਂ 'ਚੋਂ ਬਹੁਤਿਆਂ ਨੇ ਪੜ੍ਹਣ ਲਈ ਕਰਜ਼ਾ ਵੀ ਲਿਆ ਹੋਵੇਗਾ। ਜਦ ਉਥੇ ਰੁਜ਼ਗਾਰ ਹੀ ਨਹੀਂ ਹੋਵੇਗਾ, ਤਾਂ ਵਿਦਿਆਰਥੀ ਕਰਜ਼ੇ ਦੀਆਂ ਕਿਸ਼ਤਾਂ ਕਿਸ ਤਰ੍ਹਾਂ ਦੇਣਗੇ ? ਲਗਦਾ ਹੈ ਕਿ ਉਥੇ ਜਲਦੀ ਹੀ ਉਹ ਸਮਾਂ ਆਵੇਗਾ, ਜਦ ਬੱਚੇ ਉੱਚ ਸਿੱਖਿਆ ਇਸ ਲਈ ਲੈਣਾ ਬੰਦ ਕਰ ਦੇਣਗੇ, ਕਿਉਂਕਿ ਨੌਕਰੀ ਦੀ ਕੋਈ ਗਾਰੰਟੀ ਨਹੀਂ ਹੋਵੇਗੀ।ਇਸ ਕਾਰਨ ਤਦ ਉਨ੍ਹਾਂ ਯੂਨੀਵਰਸਿਟੀਆਂ ਦਾ ਕੀ ਹੋਵੇਗਾ, ਜਿਨ੍ਹਾਂ ਨੂੰ ਮਸ਼ਹੂਰ ਹੋਣ ਦਾ ਹੰਕਾਰ ਹੈ ਤੇ ਵਿਦਿਆਰਥੀਆਂ ਤੋਂ ਵੱਡੀ ਫੀਸ ਵਸੂਲਦੀਆਂ ਹਨ। ਜਦ ਉਥੇ ਵਿਦਿਆਰਥੀ ਪੜ੍ਹਣ ਹੀ ਨਹੀਂ ਆਉਣਗੇ, ਤਾਂ ਉਹ ਕਰਜ਼ਾ ਵੀ ਨਹੀਂ ਲੈਣਗੇ। ਤਦ ਜ਼ਾਹਰ ਹੈ ਕਿ ਉਹ ਕੰਪਨੀਆਂ ਵੀ ਖ਼ਤਮ ਹੋ ਜਾਣਗੀਆਂ, ਜੋ ਕਰਜ਼ਾ ਦਿੰਦੀਆਂ ਹਨ। ਅਮਰੀਕਾ ਦੇ ਉਲਟ ਭਾਰਤੀ ਲੋਕਾਂ 'ਚ ਪਰਿਵਾਰ ਦੇ ਪ੍ਰਤੀ ਜੋ ਆਸਥਾ ਹੈ, ਉਹ ਬੇਮਿਸਾਲ ਹੈ। ਇੱਥੇ ਅੱਜ ਵੀ ਬਹੁਤ ਸਾਰੇ ਪਰਿਵਾਰਾਂ 'ਚ ਤਿੰਨ ਪੀੜ੍ਹੀਆਂ ਇਕੱਠੀਆਂ ਰਹਿੰਦੀਆਂ ਮਿਲ ਜਾਣਗੀਆਂ। ਜਦਕਿ ਅਮਰੀਕਾ 'ਚ ਇਹ ਸੰਭਵ ਨਹੀਂ ਹੈ। ਨਾ ਸਿਰਫ਼ ਅਮਰੀਕਾ, ਬਲਕਿ ਅਨੇਕਾਂ ਪੱਛਮੀ ਦੇਸ਼ਾਂ 'ਚ ਇਹੀ ਹਾਲ ਹੈ। ਉਥੇ ਇੱਕਲੇਪਣ ਨੂੰ ਇਕ ਗੁਲਾਬੀ ਤਸਵੀਰ ਦੀ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ। ਉਥੇ ਬੱਚੇ ਇਕੱਲੇ ਰਹਿੰਦੇ ਹਨ। ਬੁਢਾਪੇ 'ਚ ਮਾਤਾ-ਪਿਤਾ ਤੇ ਦਾਦਾ-ਦਾਦੀ ਵੀ ਇਕੱਲੇ ਹੀ ਰਹਿੰਦੇ ਹਨ। ਪੱਛਮ 'ਚ ਦੇਖਭਾਲ ਨੂੰ ਹੀ ਪੈਸੇ ਨਾਲ ਜੋੜ ਕੇ ਕੇਅਰ ਇਕੋਨਮੀ ਦਾ ਨਾਂ ਦਿੱਤਾ ਗਿਆ ਹੈ, ਪਰ ਆਪਣੇ ਇੱਥੇ ਪਰਿਵਾਰ ਹੀ ਹੈ, ਜੋ ਕਿਸੇ ਆਫ਼ਤ 'ਚ ਸਭ ਤੋਂ ਪਹਿਲਾਂ ਦੌੜਦਾ ਹੈ।ਭਾਰਤੀ ਮਾਤਾ-ਪਿਤਾ ਆਪਣੀ ਸਹੂਲਤ ਛੱਡ ਕੇ ਬੱਚਿਆਂ ਲਈ ਸੁੱਖ 'ਤੇ ਧਿਆਨ ਦਿੰਦੇ ਹਨ। ਅਜਿਹਾ ਨਹੀਂ ਹੈ ਕਿ ਅਮਰੀਕਾ 'ਚ ਪਰਿਵਾਰ ਦੇ ਮਹੱਤਵ ਨੂੰ ਪਛਾਣਿਆ ਨਹੀਂ ਜਾਂਦਾ। ਅਮਰੀਕਾ ਦੇ ਸਾਬਕਾ ਉਪ ਰਾਸ਼ਟਰਪਤੀ ਅਲ ਗੋਰ ਦੀ ਪਤਨੀ ਤਾਂ ਪਰਿਵਾਰ ਦੀ ਵਾਪਸੀ ਦਾ ਨਾਅਰਾ 1993 ਤੋਂ ਲਾ ਰਹੀ ਹੈ। ਰਾਸ਼ਟਰਪਤੀ ਟਰੰਪ ਨੇ ਆਪਣੀ ਚੋਣ ਮੁਹਿੰਮ 'ਚ ਪਰਿਵਾਰ ਦੇ ਮਹੱਤਵ ਨੂੰ ਵਾਰ-ਵਾਰ ਰੇਖਾਂਕਿਤ ਕੀਤਾ ਸੀ, ਪਰ ਪੱਛਮ ਨੇ ਜਿਸ ਪਰਿਵਾਰ ਨੂੰ ਆਪਣੇ ਹੱਥੀਂ ਖ਼ਤਮ ਕੀਤਾ ਹੈ, ਉਹ ਉਸ ਦੀ ਵਾਪਸੀ ਦਾ ਚਾਹੇ ਜਿੰਨਾ ਮਰਜ਼ੀ ਨਾਅਰਾ ਲਾ ਲਵੇ, ਹੁਣ ਵਾਪਸ ਨਹੀਂ ਆਉਣ ਵਾਲਾ। ਅਮਰੀਕੀ ਸਮਾਜ ਤੇ ਵਿਦਿਆਰਥੀਆਂ ਦੀ ਇਸ ਹਾਲਤ ਤੋਂ ਅਸੀਂ ਭਾਰਤੀ ਜ਼ਰੂਰ ਸਬਕ ਲੈ ਸਕਦੇ ਹਾਂ।

# ਪੰਜਾਬ ਵਿੱਚ ਪ੍ਰਵਾਸੀਆਂ ਦੀ ਰਜਿਸਟ੍ਰੇਸ਼ਨ, ਪਿਛੋਕੜ ਦੀ ਪੜਤਾਲ ਸਬੰਧੀ ਬਣੇ ਨੀਤੀ



ਤਲਵਿੰਦਰ ਸਿੰਘ

'ਪ੍ਰਵਾਸ' ਧਰਤੀ 'ਤੇ ਮਨੁੱਖੀ ਇਤਿਹਾਸ ਦਾ ਉਸ ਸਮੇਂ ਤੋਂ ਹਿੱਸਾ ਰਿਹਾ ਹੈ, ਜਦੋਂ ਤੋਂ ਮਨੁੱਖ ਨੇ ਆਪਣੀ ਜ਼ਿੰਦਗੀ ਬਚਾਉਣ ਲਈ ਨਵੀਂ ਜਗ੍ਹਾ ਵੱਲ ਜਾਣਾ ਸ਼ੁਰੂ ਕੀਤਾ ਸੀ। ਪ੍ਰਵਾਸ ਇਕੱਲਾ ਮਨੁੱਖ ਹੀ ਨਹੀਂ, ਬਲਕਿ ਪਸ਼ੂ-ਪੰਛੀ ਵੀ ਕਰਦੇ ਹਨ। ਜੀਵਨ ਸਰੋਤਾਂ ਦੀ ਭਾਲ ਵਿਚ ਪ੍ਰਵਾਸ ਦੀ ਕੁਦਰਤੀ ਪ੍ਰਵਿਰਤੀ ਬਾਰੇ ਗੁਰਬਾਣੀ ਵਿਚ ਵੀ ਜ਼ਿਕਰ ਆਉਂਦਾ ਹੈ:

ਨਕਿ ਨਥ ਖਸਮ ਹਥ ਕਿਰਤੁ ਧਕੇ ਦੇ॥
ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ॥੨॥
(ਮ. 2, ਅੰਗ: 653)

ਦੱਸਿਆ ਜਾਂਦਾ ਹੈ ਕਿ ਧਰਤੀ 'ਤੇ ਪਹਿਲਾ ਪ੍ਰਵਾਸ ਲਗਭਗ 20 ਲੱਖ ਸਾਲ ਪਹਿਲਾਂ ਅਫ਼ਰੀਕਾ 'ਚ ਜਨਮੇ ਮਨੁੱਖੀ ਸਮੂਹਾਂ ਦੁਆਰਾ ਹੋਰ ਮਹਾਂਦੀਪਾਂ ਵੱਲ ਵਧਣ ਨਾਲ ਹੋਇਆ ਸੀ। ਤਕਰੀਬਨ 60 ਤੋਂ 70 ਹਜ਼ਾਰ ਸਾਲ ਪਹਿਲਾਂ ਆਧੁਨਿਕ ਮਨੁੱਖ ਅਫ਼ਰੀਕਾ ਤੋਂ ਨਿਕਲ ਕੇ ਏਸ਼ੀਆ, ਯੂਰਪ ਤੇ ਬਾਅਦ ਵਿਚ ਅਮਰੀਕਾ, ਆਸਟ੍ਰੇਲੀਆ ਵੱਲ ਫੈਲ ਗਏ।

ਪ੍ਰਵਾਸ ਸੰਬੰਧੀ ਵਿਸ਼ਵ ਦੇ ਅੰਕੜੇ : ਸੰਯੁਕਤ ਰਾਸ਼ਟਰ ਅਨੁਸਾਰ ਸਾਲ 2024 'ਚ ਵਿਸ਼ਵ ਭਰ 'ਚ ਕੌਮਾਂਤਰੀ ਪ੍ਰਵਾਸੀਆਂ ਦੀ ਗਿਣਤੀ 30.4 ਕਰੋੜ ਤੱਕ ਪਹੁੰਚ ਗਈ ਹੈ, ਜੋ 1990 ਵਿੱਚ 15.4 ਕਰੋੜ ਸੀ। ਇਸ ਦੇ ਮੁੱਖ ਕਾਰਨ ਆਰਥਿਕ ਮੌਕੇ, ਯੁੱਧ, ਜਲਵਾਯੂ ਤਬਦੀਲੀ ਤੇ ਬਿਹਤਰ ਜੀਵਨ ਦੀ ਭਾਲ ਹਨ। ਉਦਾਹਰਨ ਵਜੋਂ ਅਫ਼ਰੀਕਾ ਤੇ ਏਸ਼ੀਆ ਵਿਚ ਬਹੁਤ ਸਾਰੇ ਲੋਕ ਨੌਕਰੀਆਂ ਅਤੇ ਵੱਧ ਕਮਾਈ ਲਈ ਯੂਰਪ ਤੇ ਅਮਰੀਕਾ ਵੱਲ ਜਾਂਦੇ ਹਨ। 'ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ ਫਾਰ ਮਾਈਗ੍ਰੇਸ਼ਨ' ਦੀ ਰਿਪੋਰਟ ਅਨੁਸਾਰ ਸਾਲ 2023 ਵਿੱਚ (ਆਰਥਿਕ, ਵਪਾਰ, ਸਿੱਖਿਆ, ਰੁਜ਼ਗਾਰ ਤੇ ਸਮਾਜਿਕ ਤਰੱਕੀ ਨੂੰ ਉਤਸ਼ਾਹਿਤ ਕਰਨ ਵਾਲੀ ਕੌਮਾਂਤਰੀ ਸੰਸਥਾ) ਓ.ਈ.ਸੀ.ਡੀ. ਨਾਲ ਜੁੜੇ 38 ਉੱਨਤ ਦੇਸ਼ਾਂ ਵਿੱਚ 65 ਲੱਖ ਨਵੇਂ ਪੱਕੇ ਪ੍ਰਵਾਸੀ ਆਏ, ਜੋ ਸਾਲ 2022 ਨਾਲੋਂ 10 ਫ਼ੀਸਦੀ ਵੱਧ ਹਨ। ਇਸੇ ਤਰ੍ਹਾਂ ਭਾਰਤ ਵਿੱਚ ਵੀ ਉੱਤਰ ਪ੍ਰਦੇਸ਼, ਬਿਹਾਰ, ਬੰਗਾਲ, ਕਸ਼ਮੀਰ ਤੇ ਹੋਰ ਸੂਬਿਆਂ ਤੋਂ ਲੋਕ ਪੰਜਾਬ ਅਤੇ ਹੋਰ ਉੱਨਤ ਸੂਬਿਆਂ ਵੱਲ ਜਾਂਦੇ ਹਨ।

**ਪੰਜਾਬ 'ਚ ਪ੍ਰਵਾਸੀਆਂ ਦੀ ਆਮਦ** : 60ਵਿਆਂ ਦੇ ਦਹਾਕੇ ਦੌਰਾਨ ਹਰੀ ਕ੍ਰਾਂਤੀ ਤੋਂ ਬਾਅਦ ਪੰਜਾਬ ਵਿੱਚ ਮਜ਼ਦੂਰੀ ਦੀ ਵਧੀ ਲੋੜ ਨੂੰ ਪੂਰਾ ਕਰਨ ਲਈ ਪ੍ਰਵਾਸੀ ਮਜ਼ਦੂਰਾਂ ਦੀ ਆਮਦ ਸ਼ੁਰੂ ਹੋਈ ਸੀ। ਫ਼ਸਲਾਂ ਦੀ ਬਿਜਾਈ ਲਈ ਪ੍ਰਵਾਸੀਆਂ 'ਤੇ ਨਿਰਭਰਤਾ ਇੱਥੋਂ ਤੱਕ ਵਧ ਗਈ ਕਿ ਪੱਛਮੀ ਦੇਸ਼ਾਂ ਵੱਲ ਪ੍ਰਵਾਸ ਕਰਨ ਵੇਲੇ ਪੰਜਾਬੀਆਂ ਨੇ ਆਪਣੇ ਘਰ-ਬਾਰ ਤੱਕ ਇਨ੍ਹਾਂ ਪੂਰਬੀਏ ਪ੍ਰਵਾਸੀ ਮਜ਼ਦੂਰਾਂ ਦੇ ਹਵਾਲੇ ਕਰ ਦਿੱਤੇ ਹਨ। ਹੁਣ ਤਾਂ ਉੱਤਰ ਪ੍ਰਦੇਸ਼, ਬੰਗਾਲ, ਕਸ਼ਮੀਰ ਅਤੇ ਹੋਰ ਸੂਬਿਆਂ ਤੋਂ ਵੱਡੀ ਗਿਣਤੀ 'ਚ ਮੁਸਲਮਾਨ ਭਾਈਚਾਰੇ ਦੇ ਲੋਕ ਵੀ ਪੰਜਾਬ ਆ ਕੇ ਕਾਰੋਬਾਰ ਕਰਨ ਲੱਗੇ ਹਨ। ਤਾਜ਼ਾ ਅੰਦਾਜ਼ੇ ਅਨੁਸਾਰ ਪੰਜਾਬ ਦੀ ਕੁੱਲ ਆਬਾਦੀ ਦਾ ਲਗਭਗ 10 ਫ਼ੀਸਦੀ ਹਿੱਸਾ, ਲਗਭਗ 30 ਲੱਖ ਤੋਂ ਵੱਧ ਪ੍ਰਵਾਸੀ ਇੱਥੇ ਰਹਿੰਦੇ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਇੱਕ ਖੋਜ ਰਿਪੋਰਟ ਅਨੁਸਾਰ ਪੰਜਾਬ 'ਚ ਪੇਂਡੂ ਖੇਤਰਾਂ ਵਿੱਚ ਕੰਮ ਕਰਨ ਵਾਲੇ ਲਗਭਗ 8 ਲੱਖ ਤੋਂ ਵੱਧ ਮਜ਼ਦੂਰ ਪ੍ਰਵਾਸੀ ਹਨ, ਜਿਨ੍ਹਾਂ 'ਚੋਂ ਬਹੁਤੇ ਫ਼ਸਲਾਂ ਦੇ ਸੀਜ਼ਨ ਵਿੱਚ ਹੀ ਆਉਂਦੇ ਹਨ। ਇਸ ਤੋਂ ਇਲਾਵਾ, ਉਦਯੋਗਿਕ ਖੇਤਰ ਜਿਵੇਂ ਟੈਕਸਟਾਈਲ, ਇਮਾਰਤ ਉਸਾਰੀ, ਇੱਟਾਂ ਦੇ ਭੱਠੇ ਅਤੇ ਸੜਕ ਨਿਰਮਾਣ ਵਿੱਚ ਵੀ ਪ੍ਰਵਾਸੀ ਮਜ਼ਦੂਰਾਂ ਦੀ ਵੱਡੀ ਗਿਣਤੀ ਹੈ। ਪੰਜਾਬ ਦੇ ਨੌਜਵਾਨਾਂ ਵਿੱਚ ਵਿਦੇਸ਼ਾਂ ਵੱਲ ਪ੍ਰਵਾਸ ਦੀ ਪ੍ਰਵਿਰਤੀ ਸਦਕਾ ਇੱਥੇ ਘਰੇਲੂ ਕੰਮਾਂ ਦੀ ਮਜ਼ਦੂਰੀ ਲਈ ਖ਼ਲਾਅ ਪੈਦਾ ਹੋ ਗਿਆ ਹੈ।

**ਪ੍ਰਵਾਸ ਵਿਰੋਧੀ ਆਵਾਜ਼ਾਂ** : ਅੱਜ-ਕੱਲ੍ਹ ਪੂਰੀ ਦੁਨੀਆ ਵਿੱਚ ਪ੍ਰਵਾਸ ਇੱਕ ਚਰਚਿਤ ਮੁੱਦਾ ਬਣਿਆ ਹੋਇਆ ਹੈ। ਪਿਛਲੇ ਦਿਨੀਂ ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ 'ਚ ਪੰਜ ਸਾਲਾ ਬੱਚੇ ਦੀ ਇੱਕ ਪ੍ਰਵਾਸੀ ਮਜ਼ਦੂਰ ਵੱਲੋਂ ਕੀਤੀ ਹੱਤਿਆ ਤੋਂ ਬਾਅਦ ਪੰਜਾਬ ਵਿੱਚ ਪ੍ਰਵਾਸ ਵਿਰੁੱਧ ਭਾਵਨਾਵਾਂ ਪ੍ਰਬਲ ਹੋਈਆਂ ਹਨ। ਇੰਗਲੈਂਡ ਵਿੱਚ ਪਿਛਲੇ ਮਹੀਨੇ ਹੀ ਲੰਡਨ ਵਿਖੇ ਵੀ ਟੌਮੀ ਰਾਬਿਨਸਨ ਦੇ ਸੱਦੇ 'ਤੇ ਇੱਕ ਰੈਲੀ ਵਿੱਚ 1 ਲੱਖ ਤੋਂ ਵੱਧ ਲੋਕਾਂ ਨੇ ਪ੍ਰਵਾਸੀਆਂ ਨੂੰ ਦੇਸ਼ 'ਚੋਂ ਕੱਢਣ ਦੀ ਮੰਗ ਕੀਤੀ ਸੀ। ਇਸੇ ਤਰ੍ਹਾਂ ਨਿਊਜ਼ੀਲੈਂਡ ਵਿੱਚ ਸਰਕਾਰ ਨੇ 2024-25 ਵਿੱਚ ਪ੍ਰਵਾਸ ਨਿਯਮਾਂ ਨੂੰ ਸਖ਼ਤ ਕਰ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਨੀਤੀਆਂ ਨੇ ਪ੍ਰਵਾਸ ਵਿਰੋਧੀ ਮਾਹੌਲ ਨੂੰ ਹੋਰ ਵੀ ਉਤਸ਼ਾਹਿਤ ਕੀਤਾ ਹੈ। ਜਨਵਰੀ 2025 'ਚ ਅਮਰੀਕਾ ਅੰਦਰ ਪ੍ਰਵਾਸੀਆਂ ਦੀ ਗਿਣਤੀ 5 ਕਰੋੜ 33 ਲੱਖ ਦੇ ਕਰੀਬ ਸੀ, ਜੋ ਜੂਨ 2025 ਤੱਕ 5 ਕਰੋੜ 19 ਲੱਖ ਰਹਿ ਗਈ ਹੈ।

**ਪ੍ਰਵਾਸੀਆਂ ਵਿਰੁੱਧ ਨਫ਼ਰਤ ਦੇ ਕਾਰਨ** : ਦਰ-ਹਕੀਕਤ ਪ੍ਰਵਾਸੀਆਂ ਵਲੋਂ ਅਪਰਾਧਾਂ ਦੀ ਦਰ ਆਮ ਤੌਰ 'ਤੇ ਮੂਲ ਨਿਵਾਸੀਆਂ ਨਾਲੋਂ ਘੱਟ ਹੋਣ ਦੇ ਬਾਵਜੂਦ ਬਹੁਤ ਸਾਰੇ ਦੇਸ਼ਾਂ ਵਿੱਚ ਲੋਕ ਉਨ੍ਹਾਂ ਦੇ ਅਪਰਾਧਾਂ ਨੂੰ ਵਧਾਅ-ਚੜ੍ਹਾਅ ਕੇ ਪੇਸ਼ ਕਰਦੇ ਹਨ। ਵਿਗਿਆਨਕ ਅਧਿਆਨਾ ਮੁਤਾਬਿਕ ਇਹ ਨਫ਼ਰਤ ਅਸਲ ਅੰਕੜਿਆਂ ਨਾਲ ਨਹੀਂ, ਸਗੋਂ ਪੱਖਪਾਤ ਤੇ ਪ੍ਰਚਾਰ ਨਾਲ ਵਧਦੀ ਹੈ। ਜੇ ਮੀਡੀਆ ਜਾਂ ਸੋਸ਼ਲ ਨੈੱਟਵਰਕ ਵਿੱਚ ਪ੍ਰਵਾਸੀਆਂ ਨਾਲ ਜੁੜੇ ਅਪਰਾਧਾਂ ਨੂੰ ਵੱਧ ਵਿਖਾਇਆ ਜਾਂਦਾ ਹੈ ਤਾਂ ਲੋਕਾਂ ਨੂੰ ਲੱਗਦਾ ਹੈ ਕਿ ਅਪਰਾਧ ਬਹੁਤ ਜ਼ਿਆਦਾ ਹਨ, ਭਾਵੇਂ ਅਸਲ ਵਿੱਚ ਉਹ ਘੱਟ ਹੋਣ। ਅਲ ਜਜ਼ੀਰਾ ਦੀ ਰਿਪੋਰਟ ਅਨੁਸਾਰ ਅਮਰੀਕਾ ਵਿੱਚ ਪ੍ਰਵਾਸੀਆਂ ਨਾਲ ਜੁੜੇ ਅਪਰਾਧਾਂ ਬਾਰੇ ਗ਼ਲਤ ਅਫ਼ਵਾਹਾਂ ਫੈਲਾਉਣ 'ਚ ਮੀਡੀਆ ਤੇ ਰਾਜਨੀਤਕ ਖੇਮੇ ਵੱਡੀ ਭੂਮਿਕਾ ਨਿਭਾਉਂਦੇ ਹਨ। ਦੂਜਾ ਵੱਡਾ ਮਨੋਵਿਗਿਆਨਕ ਕਾਰਨ ਹੈ ਆਪਣੇ ਸਮੂਹ (ਮੂਲ ਨਿਵਾਸੀ) ਨੂੰ ਦੂਜਿਆਂ ਨਾਲੋਂ ਬਿਹਤਰ ਸਮਝਣਾ ਤੇ ਸਾਰੇ ਪ੍ਰਵਾਸੀਆਂ ਨੂੰ ਇਕੋ ਜਿਹੇ ਤੇ ਖ਼ਤਰਨਾਕ ਸਮਝਣਾ। ਤੀਜਾ ਕਾਰਨ 'ਡਰ ਦੀ ਭਾਵਨਾ' ਹੈ। ਮੂਲ ਨਿਵਾਸੀਆਂ ਨੂੰ ਲੱਗਦਾ ਹੈ ਕਿ ਪ੍ਰਵਾਸੀ ਉਨ੍ਹਾਂ ਦੇ ਰੁਜ਼ਗਾਰ, ਸੱਭਿਆਚਾਰ ਅਤੇ ਸਮਾਜਿਕ ਸੁਰੱਖਿਆ ਲਈ ਖ਼ਤਰਾ ਹਨ। ਚੌਥਾ, ਮੀਡੀਆ ਅਕਸਰ ਨਾਂਹ ਪੱਖੀ ਖ਼ਬਰਾਂ ਨੂੰ ਵੱਧ ਵਿਖਾਉਂਦਾ ਹੈ, ਜਿਸ ਨਾਲ ਲੋਕਾਂ ਦੀ ਸੋਚ ਵਿੱਚ ਪੱਖਪਾਤ ਵਧਦਾ ਹੈ। ਬਿਹਤਰ ਸਿੱਖਿਆ ਤੇ ਸਹੀ ਜਾਣਕਾਰੀ ਨਾਲ ਇਹ ਪੱਖਪਾਤ ਘਟਾਏ ਜਾ ਸਕਦੇ ਹਨ ਤਾਂ ਜੋ ਸਮਾਜ ਵਿੱਚ ਸਹਿਣਸ਼ੀਲਤਾ ਵਧੇ।

ਪੰਜਾਬ ਵਿਚ ਪ੍ਰਵਾਸੀਆਂ ਦੇ ਵਿਰੋਧ ਦੀ ਭਾਵਨਾ ਪਿੱਛੇ ਕੁਝ ਵੱਖਰੇ ਕਾਰਨ ਵੀ ਹਨ। ਸਰਹੱਦੀ ਸੂਬਾ ਹੋਣ ਕਾਰਨ ਸ਼ੁਰੂ ਤੋਂ ਹੀ ਪੰਜਾਬੀਆਂ ਵਿੱਚ ਖੇਤਰੀ ਭਾਵਨਾਵਾਂ ਪ੍ਰਬਲ ਹਨ। ਇਸ ਕਰਕੇ ਸਭ ਤੋਂ ਵੱਡਾ ਕਾਰਨ ਲੰਬੇ ਸਮੇਂ ਤੋਂ ਸਿਆਸੀ ਤੇ ਆਰਥਿਕ ਵਿਤਕਰਿਆਂ ਦਾ ਸ਼ਿਕਾਰ ਹੋਏ ਪੰਜਾਬੀਆਂ ਵਿੱਚ ਦੇਸ਼ ਦੀ ਸਥਾਪਤੀ ਵਿਰੁੱਧ ਅਸੁਰੱਖਿਆ ਤੇ ਬੇਭਰੋਸਗੀ ਦੀ ਭਾਵਨਾ ਹੈ। ਪੰਜਾਬ ਦੇ ਲੋਕਾਂ ਨੂੰ ਵੀ ਬਾਕੀ ਲੋਕਾਂ ਵਾਂਗ ਲੱਗਦਾ ਹੈ ਕਿ ਪ੍ਰਵਾਸੀ ਮਜ਼ਦੂਰ ਉਨ੍ਹਾਂ ਦੇ ਰੁਜ਼ਗਾਰ ਖੋਹ ਰਹੇ ਹਨ। ਦੂਜੇ ਪਾਸੇ, ਇੱਥੇ ਕੰਮਕਾਜ ਲਈ ਆਉਣ ਵਾਲੇ ਪ੍ਰਵਾਸੀਆਂ ਸੰਬੰਧੀ ਕੋਈ ਸਰਕਾਰੀ ਨੀਤੀ ਨਾ ਹੋਣ ਕਾਰਨ ਬਹੁਤ ਸਾਰੇ ਪ੍ਰਵਾਸੀ ਇੱਥੋਂ ਦੇ ਪੱਕੇ ਵਸਨੀਕ ਵੀ ਬਣ ਰਹੇ ਹਨ, ਜਿਸ ਕਾਰਨ ਪੰਜਾਬੀਆਂ ਨੂੰ ਆਪਣੇ ਸੱਭਿਆਚਾਰ, ਸਮਾਜਿਕ ਤੇ ਆਬਾਦੀ ਅਨੁਪਾਤ ਵਿੱਚ ਗੜਬੜ ਹੋਣ ਦੇ ਖ਼ਦਸ਼ੇ ਨਜ਼ਰ ਆਉਂਦੇ ਹਨ, ਜਦਕਿ ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਵਿੱਚ ਕੋਈ ਦੂਜੇ ਸੂਬੇ ਦਾ ਵਸਨੀਕ ਜ਼ਮੀਨ ਤੱਕ ਨਹੀਂ ਖ਼ਰੀਦ ਸਕਦਾ। ਬਿਹਾਰ ਵਿੱਚ ਵੋਟ ਬਣਾਉਣ ਲਈ ਘੱਟੋ-ਘੱਟ 11 ਦਸਤਾਵੇਜ਼ ਜ਼ਰੂਰੀ ਹੁੰਦੇ ਹਨ ਪਰ ਪੰਜਾਬ ਵਿੱਚ ਕੋਈ ਵਿਸ਼ੇਸ਼ ਪੈਮਾਨਾ ਨਾ ਹੋਣ ਕਾਰਨ ਪ੍ਰਵਾਸੀ ਮਜ਼ਦੂਰ ਸਹਿਜੇ ਹੀ ਇੱਥੇ ਆਪਣੀ ਵੋਟ ਬਣਾ ਲੈਂਦੇ ਹਨ। ਹਿਮਾਚਲ ਪ੍ਰਦੇਸ਼ ਵਿੱਚ ਨਿੱਜੀ ਖੇਤਰ ਦੇ ਰੁਜ਼ਗਾਰ 75% ਸਥਾਨਕ ਲੋਕਾਂ ਲਈ ਰਾਖਵੇਂ ਹਨ ਅਤੇ ਹਰਿਆਣਾ ਵੀ ਇਸੇ ਨੀਤੀਆਂ ਨੂੰ ਅਪਨਾ ਰਿਹਾ ਹੈ। ਪੰਜਾਬ ਵਿੱਚ ਆਉਣ ਵਾਲੇ ਪ੍ਰਵਾਸੀਆਂ ਦੇ ਪਿਛੋਕੜ ਦੀ ਇੱਥੇ ਕੋਈ ਵਧੇਰੇ ਜਾਂਚ-ਪੜਤਾਲ ਨਹੀਂ ਹੋ ਰਹੀ, ਜਿਸ ਕਾਰਨ ਉਨ੍ਹਾਂ ਦੀ ਮੁਜ਼ਰਮਾਨਾ ਕੰਮਾਂ ਵਿੱਚ ਸ਼ਮੂਲੀਅਤ ਨੂੰ ਰੋਕਣ ਵਿੱਚ ਔਖਿਆਈ ਹੋ ਰਹੀ ਹੈ।

**ਪ੍ਰਵਾਸ ਦੇ ਫ਼ਾਇਦੇ** : ਦੁਨੀਆ ਭਰ 'ਚ ਵਿਰੋਧ ਦੀ ਭਾਵਨਾ ਦੇ ਬਾਵਜੂਦ ਪ੍ਰਵਾਸੀ ਹਰ ਖ਼ਿੱਤੇ ਵਿੱਚ ਅਰਥਵਿਵਸਥਾ ਨੂੰ ਮਜ਼ਬੂਤ ਕਰਦੇ ਹਨ। ਅਮਰੀਕੀ ਇਮੀਗ੍ਰੇਸ਼ਨ ਕੌਂਸਲ ਅਨੁਸਾਰ ਪ੍ਰਵਾਸੀ ਅਮਰੀਕੀ ਅਰਥਵਿਵਸਥਾ ਵਿੱਚ ਅਰਬਾਂ ਡਾਲਰ ਜੋੜਦੇ ਹਨ। ਈ.ਪੀ.ਆਈ. ਦੀ ਰਿਪੋਰਟ ਮੁਤਾਬਿਕ ਪ੍ਰਵਾਸ ਵਧੇਰੇ ਨਵੀਨਤਾ, ਬਿਹਤਰ ਸਿੱਖਿਆ ਅਤੇ ਨਿਪੁੰਨਤਾ ਲਿਆਉਂਦਾ ਹੈ। ਅਮਰੀਕਾ ਵਿੱਚ ਪ੍ਰਵਾਸੀ ਲੇਬਰ ਫੋਰਸ ਨੂੰ ਵਧਾਉਂਦੇ ਹਨ ਅਤੇ ਟੈਕਸਾਂ ਵਿੱਚ ਯੋਗਦਾਨ ਪਾਉਂਦੇ ਹਨ। ਪੰਜਾਬ ਵਿੱਚ ਵੀ ਪ੍ਰਵਾਸੀ ਮਜ਼ਦੂਰ ਖੇਤੀ ਤੇ ਉਦਯੋਗ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਹ ਘੱਟ ਉਜਰਤ 'ਤੇ ਕੰਮ ਕਰ ਕੇ ਅਰਥਵਿਵਸਥਾ ਚਲਾਉਂਦੇ ਹਨ ਅਤੇ ਕਾਮਿਆਂ ਦੀ ਘਾਟ ਨੂੰ ਪੂਰਾ ਕਰਦੇ ਹਨ। ਮਾਈਗ੍ਰੇਸ਼ਨ ਪਾਲਿਸੀ ਇੰਸਟੀਚਿਊਟ ਅਨੁਸਾਰ ਪ੍ਰਵਾਸੀ ਨਵੇਂ ਕਾਰੋਬਾਰ ਸ਼ੁਰੂ ਕਰਦੇ ਹਨ ਤੇ ਖ਼ਪਤ ਵਧਾਉਂਦੇ ਹਨ।

**ਮਨੋਦਸ਼ਾ ਤੇ ਅਪਰਾਧਾਂ 'ਚ ਸ਼ਮੂਲੀਅਤ** : ਹਰ ਖ਼ਿੱਤੇ, ਦੇਸ਼ ਦੇ ਪ੍ਰਵਾਸੀਆਂ ਦੀ ਮਨੋਦਸ਼ਾ ਦੇ ਕਾਰਨ ਲਗਭਗ ਇਕੋ ਜਿਹੇ ਹੁੰਦੇ ਹਨ। ਇਨ੍ਹਾਂ ਵਿੱਚ ਮੁੱਖ ਤੌਰ 'ਤੇ ਆਰਥਿਕ ਨਿਰਾਸ਼ਾ, ਸਮਾਜਿਕ ਅਲਹਿਦਗੀ ਅਤੇ ਵਿਤਕਰੇ ਸ਼ਾਮਿਲ ਹੁੰਦੇ ਹਨ। ਪੰਜਾਬ ਵਿਚ ਵੀ ਤੇ ਵਿਦੇਸ਼ਾਂ ਵਿੱਚ ਵੀ ਪ੍ਰਵਾਸੀ ਅਕਸਰ ਨਿਮਨ ਵਰਗ ਸਮਾਜਿਕ-ਆਰਥਿਕ ਪਿਛੋਕੜ ਤੋਂ ਆਉਂਦੇ ਹਨ, ਜਿਸ ਕਾਰਨ ਉਨ੍ਹਾਂ ਵਿੱਚ ਗ਼ਰੀਬੀ ਤੇ ਅਸਮਾਨਤਾ ਨਾਲ ਜੁੜੀ ਮਨੋਦਸ਼ਾ ਵਿਕਸਿਤ ਹੁੰਦੀ ਹੈ।

(ਬਾਕੀ ਸਫ਼ਾ 27 'ਤੇ)

# ਭਾਰਤੀ ਅਦਾਲਤਾਂ 'ਚ ਚਲਦੇ ਕੇਸਾਂ ਦਾ ਨਿਪਟਾਰਾ ਬਿਨਾਂ ਕਿਸੇ ਦੇਰੀ ਦੇ ਸਮਾਂਬੱਧ ਸੀਮਾ ਵਿੱਚ ਹੋਵੇ



ਸੁਮੀਤ ਸਿੰਘ

ਭਾਰਤੀ ਸੰਵਿਧਾਨ, ਕਾਨੂੰਨ ਅਤੇ ਨਿਆਂ ਪ੍ਰਣਾਲੀ ਦੇ ਨਿਯਮਾਂ ਮੁਤਾਬਕ ਨਿਆਂ ਦੀ ਅਸਲ ਪਰਖ ਇਸ ਤੱਥ ਤੋਂ ਹੁੰਦੀ ਹੈ ਕਿ ਕਿਸੇ ਵਿਅਕਤੀ ਨਾਲ ਨਾ ਸਿਰਫ਼ ਇਨਸਾਫ਼ ਹੋਣਾ ਚਾਹੀਦਾ ਹੈ, ਬਲਕਿ ਇਨਸਾਫ਼ ਹੋਇਆ ਦਿਸਣਾ ਵੀ ਚਾਹੀਦਾ ਹੈ। ਕਿਸੇ ਪੀੜਤ ਨੂੰ ਇਨਸਾਫ਼ ਦੇਣ ਵਿਚ ਦੇਰੀ ਕਰਨ ਦਾ ਮਤਲਬ ਹੀ ਇਨਸਾਫ਼ ਦੇਣ ਤੋਂ ਇਨਕਾਰ ਕਰਨਾ ਹੁੰਦਾ ਹੈ। ਇਸੇ ਤਰ੍ਹਾਂ ਨਿਆਇਕ ਹਲਕਿਆਂ ਵਿਚ ਇਸ ਤੱਥ ਨੂੰ ਵੀ ਅਹਿਮੀਅਤ ਦਿੱਤੀ ਜਾਂਦੀ ਹੈ ਕਿ ਇਨਸਾਫ਼ ਕਰਦੇ ਸਮੇਂ ਗ਼ਲਤੀ ਨਾਲ ਬੇਸ਼ੱਕ 10 ਦੋਸ਼ੀ ਬਰੀ ਹੋ ਜਾਣ, ਪਰ ਕਿਸੇ ਇਕ ਵੀ ਬੇਗੁਨਾਹ ਨੂੰ ਨਾਜਾਇਜ਼ ਸਜ਼ਾ ਅਤੇ ਜੇਲ੍ਹ ਵਿੱਚ ਨਹੀਂ ਰੱਖਿਆ ਜਾਣਾ ਚਾਹੀਦਾ, ਪਰ ਅਫ਼ਸੋਸਨਾਕ ਪਹਿਲੂ ਇਹ ਹੈ ਕਿ ਪੁਲਿਸ, ਜਾਂਚ ਏਜੰਸੀਆਂ ਅਤੇ ਨਿਆਇਕ ਢਾਂਚੇ ਵਿਚ ਆਏ ਨਿਘਾਰ ਕਾਰਨ ਇਨਸਾਫ਼ ਦੇ ਅਜਿਹੇ ਨੈਤਿਕ ਅਸੂਲਾਂ 'ਤੇ ਹੁਣ ਕੋਈ ਪਹਿਰਾ ਨਹੀਂ ਦਿੱਤਾ ਜਾ ਰਿਹਾ।

ਕੀ ਇਹ ਸਰਾਸਰ ਬੇਇਨਸਾਫ਼ੀ ਨਹੀਂ ਕਿ ਲੱਖਾਂ ਹੀ ਨਿਰਦੋਸ਼ ਆਮ ਲੋਕ ਸਿਆਸੀ ਬਦਲੇਖੋਰੀ, ਹਕੂਮਤੀ ਜਬਰ, ਭ੍ਰਿਸ਼ਟ ਰਾਜ ਪ੍ਰਬੰਧ, ਕਾਲੇ ਕਾਨੂੰਨਾਂ, ਝੂਠੇ ਸਬੂਤਾਂ, ਝੂਠੇ ਗਵਾਹਾਂ, ਨਿਆਂ ਪ੍ਰਬੰਧ ਵਿਚਲੀ ਦੇਰੀ, ਅਦਾਲਤਾਂ ਵਿਚ ਜੱਜਾਂ ਦੀ ਵੱਡੀ ਘਾਟ ਅਤੇ ਮਹਿੰਗੀ ਨਿਆਂ ਪ੍ਰਣਾਲੀ ਕਾਰਨ ਬਿਨਾਂ ਕਿਸੇ ਮੁਕੱਦਮੇ ਦੀ ਸੁਣਵਾਈ ਅਤੇ ਸਜ਼ਾ ਦੇ ਕਈ-ਕਈ ਸਾਲਾਂ ਤੋਂ ਜੇਲ੍ਹਾਂ ਵਿਚ ਸੜ ਰਹੇ ਹਨ ਪਰ ਉੱਚ ਨਿਆਂਪਾਲਿਕਾ ਨੇ ਇਸ ਨਾਕਸ ਨਿਆਂ ਪ੍ਰਬੰਧ ਲਈ ਜ਼ਿੰਮੇਵਾਰ ਸਰਕਾਰਾਂ, ਪੁਲਿਸ ਅਤੇ ਜਾਂਚ ਏਜੰਸੀਆਂ ਦੇ ਅਧਿਕਾਰੀਆਂ ਦੇ ਖ਼ਿਲਾਫ਼ ਕਦੇ ਕੋਈ ਮਿਸਾਲੀ ਕਾਰਵਾਈ ਅਮਲ ਵਿਚ ਨਹੀਂ ਲਿਆਂਦੀ। ਇਸ ਪੱਖ ਤੋਂ ਮੀਡੀਆ ਦੇ ਵੱਡੇ ਹਿੱਸੇ ਵਲੋਂ ਵੀ ਆਪਣੀ ਬਣਦੀ ਜ਼ਿੰਮੇਵਾਰੀ ਨਹੀਂ ਨਿਭਾਈ ਜਾ ਰਹੀ।



ਮਿਸਾਲ ਦੇ ਤੌਰ 'ਤੇ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਚੱਲੇ ਸ਼ਾਹੀਨ ਬਾਗ਼ ਅੰਦੋਲਨ ਦੌਰਾਨ ਫਰਵਰੀ 2020 ਵਿਚ ਦਿੱਲੀ ਫ਼ਿਰਕੂ ਦੰਗੇ ਭੜਕਾਉਣ ਦੇ ਕਥਿਤ ਦੋਸ਼ਾਂ ਹੇਠ ਗ਼ੈਰ-ਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ (ਯੂ.ਏ.ਪੀ.ਏ.) ਤਹਿਤ ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਵਲੋਂ ਗ੍ਰਿਫ਼ਤਾਰ ਕੀਤੇ ਗਏ ਵਿਦਿਆਰਥੀ ਆਗੂ ਉਮਰ ਖਾਲਿਦ, ਗੁਲਫ਼ਿਸ਼ਾ ਫਾਤਿਮਾ, ਸ਼ਰਜ਼ੀਲ ਇਮਾਮ ਤੇ ਅਬਦੁਲ ਖਾਲਿਦ ਸੈਫੀ, ਮੀਰਾਨ ਹੈਦਰ ਆਦਿ ਅਜੇ ਵੀ ਜੇਲ੍ਹ ਵਿੱਚ ਬੰਦ ਹਨ। ਕੁੱਲ 17 ਵਿਦਿਆਰਥੀਆਂ ਨੂੰ ਲੰਮੇ ਸਮੇਂ ਤੱਕ ਜੇਲ੍ਹਾਂ ਵਿੱਚ ਨਜ਼ਰਬੰਦ ਰੱਖਿਆ ਗਿਆ, ਪਰ ਕੇਂਦਰੀ ਜਾਂਚ ਏਜੰਸੀਆਂ ਵੱਲੋਂ ਉਨ੍ਹਾਂ ਖ਼ਿਲਾਫ਼ ਕਿਸੇ ਵੀ ਅਦਾਲਤ ਵਿਚ ਨਾ ਤਾਂ ਕੋਈ ਦੋਸ਼ ਸਾਬਤ ਕੀਤੇ ਗਏ ਹਨ ਤੇ ਨਾ ਹੀ ਉਨ੍ਹਾਂ ਨੂੰ ਜ਼ਮਾਨਤ 'ਤੇ ਰਿਹਾਅ ਕੀਤਾ ਜਾ ਰਿਹਾ ਹੈ।

ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਵੱਲੋਂ 13 ਸਤੰਬਰ 2020 ਨੂੰ ਐਨ.ਐਸ.ਏ. ਹੇਠ ਗ੍ਰਿਫ਼ਤਾਰ ਕੀਤੇ ਜੇ.ਐਨ.ਯੂ. ਦੇ ਵਿਦਿਆਰਥੀ ਆਗੂ ਉਮਰ ਖਾਲਿਦ ਦੀ ਜ਼ਮਾਨਤ ਦੀ ਅਰਜ਼ੀ ਚਾਰ ਵਾਰ ਰੱਦ ਕਰਨ ਦੇ ਇਲਾਵਾ 20 ਵਾਰ ਕੇਸ ਦੀ ਸੁਣਵਾਈ ਮੁਲਤਵੀ ਕਰਵਾਈ ਜਾ ਚੁੱਕੀ ਹੈ। ਉਸ ਦੇ ਕੇਸ ਵਿੱਚ 460 ਗਵਾਹ ਹਨ। ਇਹ ਕੇਸ ਕਈ ਸਾਲਾਂ ਤੱਕ ਚੱਲਣ ਦੀ ਸੰਭਾਵਨਾ ਹੈ। ਜ਼ਾਹਿਰ ਹੈ ਕਿ ਉਸ ਨੂੰ ਲੰਬੇ ਸਮੇਂ ਤੱਕ ਜੇਲ੍ਹ ਵਿੱਚ ਰੱਖਣਾ ਕੇਵਲ ਗ਼ੈਰ ਕਾਨੂੰਨੀ ਹੀ ਨਹੀਂ, ਬਲਕਿ ਘੋਰ ਬੇਇਨਸਾਫ਼ੀ ਵੀ ਹੈ।

ਇਸੇ ਤਰ੍ਹਾਂ ਸਮਾਜਿਕ ਕਾਰਕੁੰਨ ਗੁਲਫਿਸ਼ਾ ਫਾਤਿਮਾ ਨੂੰ ਵੀ ਇਸੇ ਕੇਸ ਵਿੱਚ ਯੂ.ਏ.ਪੀ.ਏ. ਤਹਿਤ ਜ਼ਾਫਰਾਬਾਦ ਦੰਗਿਆਂ ਦੇ ਸੰਬੰਧ ਵਿਚ ਗ੍ਰਿਫਤਾਰ ਕੀਤਾ ਗਿਆ। ਦਿੱਲੀ ਹਾਈ ਕੋਰਟ ਵਿੱਚ ਉਸ ਦੀ ਜ਼ਮਾਨਤ ਦੀ ਅਰਜ਼ੀ 65 ਵਾਰ ਸੁਣਵਾਈ ਲਈ ਪੇਸ਼ ਕੀਤੀ ਗਈ ਹੈ। ਕਦੇ ਜੱਜ ਨਹੀਂ, ਕਦੇ ਸਰਕਾਰੀ ਵਕੀਲ ਨਹੀਂ, ਕਦੇ ਦਸਤਾਵੇਜ਼ ਪੂਰੇ ਨਹੀਂ, ਕਦੇ ਸਪਲੀਮੈਂਟਰੀ ਚਾਰਜਸ਼ੀਟ, ਕਦੇ ਜੱਜਾਂ ਦਾ ਨਵਾਂ ਬੈਂਚ ਅਤੇ ਕਦੇ ਸੁਣਵਾਈ ਤੋਂ ਬਾਅਦ ਜੱਜ ਵੱਲੋਂ ਫ਼ੈਸਲਾ ਰਾਖਵਾਂ ਰੱਖਣ ਅਤੇ ਫਿਰ ਉਸੇ ਜੱਜ ਦਾ ਤਬਾਦਲਾ ਤੇ ਮੁੜ ਨਵੇਂ ਬੈਂਚ ਵੱਲੋਂ ਸੁਣਵਾਈ ਕਰਨ ਆਦਿ ਰਾਹੀਂ ਅਦਾਲਤੀ ਪ੍ਰਕਿਰਿਆ ਨੂੰ ਲਮਕਾ ਕੇ ਇਨ੍ਹਾਂ ਦੋਵਾਂ ਸਮੇਤ ਹੋਰਨਾਂ ਨੂੰ ਜਾਣਬੁਝ ਕੇ ਲੰਬੇ ਸਮੇਂ ਤੱਕ ਜੇਲ੍ਹ ਵਿੱਚ ਰੱਖਣ ਦੀ ਹਰ ਕੋਸ਼ਿਸ਼ ਕੀਤੀ ਜਾ ਰਹੀ ਹੈ। ਹਕੀਕਤ ਇਹ ਹੈ ਕਿ ਉਮਰ ਖਾਲਿਦ, ਸ਼ਰਜ਼ੀਲ ਇਮਾਮ ਜਾਂ ਗੁਲਫ਼ਿਸ਼ਾ ਨੇ ਕੋਈ ਵੀ ਅਜਿਹਾ ਭਾਸ਼ਨ ਨਹੀਂ ਦਿੱਤਾ, ਜਿਸ ਨਾਲ ਫਿਰਕੂ ਹਿੰਸਾ ਭੜਕੀ ਹੋਵੇ। ਇਸ ਦੇ ਬਿਲਕੁਲ ਉਲਟ ਇੱਕ ਕੇਂਦਰੀ ਮੰਤਰੀ 2020 ਦੀਆਂ ਦਿੱਲੀ ਵਿਧਾਨ ਸਭਾ ਚੋਣਾਂ ਦੌਰਾਨ ਆਪਣੀ ਚੋਣ ਰੈਲੀ 'ਚ ਘੱਟ ਗਿਣਤੀ ਭਾਈਚਾਰੇ ਦੇ ਲੋਕਾਂ ਨੂੰ ਸ਼ਰੇਆਮ ਧਮਕੀਆਂ ਦਿੰਦਾ ਰਿਹਾ, ਪਰ ਉਸ ਖ਼ਿਲਾਫ਼ ਕਦੇ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਗਈ। ਉਲਟਾ ਸਗੋਂ ਦਿੱਲੀ ਹਾਈ ਕੋਰਟ ਦੇ ਜੱਜ ਐਸ. ਮੁਰਲੀਧਰ ਜਿਸ ਨੇ ਦਿੱਲੀ ਪੁਲਿਸ ਨੂੰ ਅਨੁਰਾਗ ਠਾਕੁਰ, ਕਪਿਲ ਮਿਸ਼ਰਾ ਤੇ ਪ੍ਰਵੇਸ਼ ਵਰਮਾ ਆਦਿ ਭਾਜਪਾ ਨੇਤਾਵਾਂ ਖ਼ਿਲਾਫ਼ ਨਫ਼ਰਤੀ ਭਾਸ਼ਨ ਦੇਣ ਸੰਬੰਧੀ ਕੇਸ ਦਰਜ ਕਰਨ ਦੇ ਹੁਕਮ ਦਿੱਤੇ ਸਨ, ਉਸ ਦਾ 26 ਫਰਵਰੀ 2020 ਨੂੰ ਰਾਤੋ-ਰਾਤ ਤਬਾਦਲਾ ਕਰ ਦਿੱਤਾ ਗਿਆ। ਬੇਹੱਦ ਸ਼ਰਮਨਾਕ ਹੈ ਕਿ ਦਿੱਲੀ ਹਿੰਸਾ ਵਿੱਚ ਪੀੜਤ ਧਿਰ ਦੇ ਲੋਕਾਂ ਨੂੰ ਇਨਸਾਫ਼ ਦੇਣ ਦੀ ਬਜਾਏ, ਉਲਟਾ ਉਨ੍ਹਾਂ ਨੂੰ ਹੀ ਦੋਸ਼ੀ ਸਾਬਤ ਕਰਨ ਦੇ ਹੱਥਕੰਡੇ ਅਪਣਾਏ ਜਾ ਰਹੇ ਹਨ।

ਸੁਪਰੀਮ ਕੋਰਟ ਦੇ ਸਾਬਕਾ ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ ਨੇ ਨਵੰਬਰ 2021 ਵਿੱਚ ਮੁਲਜ਼ਮਾਂ ਨੂੰ ਜ਼ਮਾਨਤ ਦੇਣ ਸੰਬੰਧੀ ਆਪਣੇ ਹੁਕਮਾਂ ਵਿੱਚ ਹਾਈ ਕੋਰਟਾਂ ਅਤੇ ਹੇਠਲੀਆਂ ਅਦਾਲਤਾਂ ਦੇ ਜੱਜਾਂ ਨੂੰ ਕਈ ਵਾਰ ਕਿਹਾ ਸੀ ਕਿ ਜ਼ਮਾਨਤ ਦੀ ਅਰਜ਼ੀ 'ਤੇ ਸੁਣਵਾਈ ਅਤੇ ਫ਼ੈਸਲੇ ਨੂੰ ਲੰਬੇ ਸਮੇਂ ਤੱਕ ਨਹੀਂ ਰੋਕਿਆ ਜਾ ਸਕਦਾ, ਕਿਉਂਕਿ ਜ਼ਮਾਨਤ ਇੱਕ ਨਿਯਮ ਹੈ ਅਤੇ ਜੇਲ੍ਹ ਇੱਕ ਅਪਵਾਦ ਹੈ ਅਤੇ ਇਹੀ ਨਿਯਮ ਯੂ.ਏ.ਪੀ.ਏ. ਅਤੇ ਪੀ.ਐਮ.ਐਲ.ਏ. ਦੇ ਸਖ਼ਤ ਕਾਨੂੰਨਾਂ ਹੇਠ ਗ੍ਰਿਫ਼ਤਾਰ ਮੁਲਜ਼ਮਾਂ 'ਤੇ ਵੀ ਲਾਗੂ ਹੁੰਦਾ ਹੈ। ਸਵਾਲ ਹੈ ਕਿ ਉਮਰ ਖਾਲਿਦ ਅਤੇ ਗੁਲਫ਼ਿਸ਼ਾ ਦੇ ਮਾਮਲਿਆਂ ਵਿੱਚ ਅਦਾਲਤਾਂ ਵਲੋਂ ਜ਼ਮਾਨਤ ਸੰਬੰਧੀ ਅਜਿਹੀ ਫ਼ਿਕਰਮੰਦੀ ਕਿਉਂ ਨਹੀਂ ਵਿਖਾਈ ਜਾ ਰਹੀ ? ਦੇਸ਼ ਦੇ ਕਈ ਨਾਮਵਰ ਬੁੱਧੀਜੀਵੀ, ਵਕੀਲ, ਪੱਤਰਕਾਰ ਅਤੇ ਸਮਾਜਿਕ ਕਾਰਕੁੰਨ ਪਿਛਲੇ ਸੱਤ ਸਾਲ ਤੋਂ ਭੀਮਾ ਕੋਰੇਗਾਓਂ ਕਥਿਤ ਹਿੰਸਾ ਕੇਸ ਵਿੱਚ ਦੇਸ਼ ਧ੍ਰੋਹ ਦੇ ਦੋਸ਼ਾਂ ਤਹਿਤ ਬਿਨਾਂ ਕਿਸੇ ਮੁਕੱਦਮੇ ਦੀ ਸੁਣਵਾਈ ਦੇ ਜੇਲ੍ਹਾਂ ਵਿੱਚ ਸੜ ਰਹੇ ਹਨ ਅਤੇ ਉਨ੍ਹਾਂ ਖਿਲਾਫ਼ ਅੱਜ ਤੱਕ ਦੇਸ਼ ਧ੍ਰੋਹ ਦੇ ਕੋਈ ਦੋਸ਼ ਵੀ ਸਾਬਤ ਨਹੀਂ ਹੋ ਸਕੇ, ਪਰ ਨਿਆਂਪਾਲਿਕਾ ਵੱਲੋਂ ਉਨ੍ਹਾਂ ਨੂੰ ਜ਼ਮਾਨਤ ਦੇਣ ਤੋਂ ਵਾਰ-ਵਾਰ ਇਨਕਾਰ ਕੀਤਾ ਜਾ ਰਿਹਾ ਹੈ।

(ਬਾਕੀ ਸਫ਼ਾ 27 'ਤੇ)

# ਬਜਟ ਤੋਂ ਪਹਿਲਾਂ ਭਾਰਤੀ ਅਰਥਚਾਰੇ ਦੀ ਮਜ਼ਬੂਤੀ

ਆਦਿੱਤਿਆ ਸਿਨਹਾ

ਆਮ ਬਜਟ 'ਚ ਹੁਣ ਕੁਝ ਹੀ ਦਿਨ ਬਾਕੀ ਬਚੇ ਹਨ। ਇਸ ਤੋਂ ਪਹਿਲਾਂ ਆਰਥਿਕ ਮੋਰਚੇ 'ਤੇ ਦੋ ਵਿਰੋਧੀ ਤਸਵੀਰਾਂ ਦਿਖਾਈ ਦੇ ਰਹੀਆਂ ਹਨ। ਇੱਕ ਪਾਸੇ ਜਿੱਥੇ ਭਾਰਤ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ, ਉਥੇ ਸਰਕਾਰ ਵਿੱਤੀ ਮੋਰਚੇ 'ਤੇ ਉਮੀਦ ਮੁਤਾਬਕ ਚੌਕਸ ਦਿਖਾਈ ਦੇ ਰਹੀ ਹੈ। ਉਹ ਖ਼ਰਚ ਤੋਂ ਲੈ ਕੇ ਉਧਾਰੀ ਤੇ ਕਲਿਆਣਕਾਰੀ ਵਾਅਦਿਆਂ ਪ੍ਰਤੀ ਚੌਕਸ ਹੈ। ਵੈਸੇ ਤਾਂ ਇਹ ਦੋਵੇਂ ਗੱਲਾਂ ਆਪੋ-ਆਪਣੀ ਥਾਂ ਸਹੀ ਹਨ, ਪਰ ਜ਼ਿਆਦਾਤਰ ਲੋਕ ਇਸ ਨੂੰ ਸਮਝ ਨਹੀਂ ਸਕਦੇ। ਇਸ ਪਿੱਛੇ ਇੱਕ ਵੱਡਾ ਕਾਰਨ ਇਹ ਪਤਾ ਨਾ ਹੋਣਾ ਹੈ ਕਿ ਅਰਥਚਾਰਾ ਜਿਸ ਰਫ਼ਤਾਰ ਨਾਲ ਵਾਧਾ ਕਰ ਰਿਹਾ ਹੈ, ਕੀ ਉਸੇ ਅਨੁਪਾਤ 'ਚ ਸਾਧਨ ਵੀ ਪੈਦਾ ਹੋ ਰਹੇ ਹਨ ਜਾਂ ਨਹੀਂ?

ਚੰਗੇ ਹਾਲਾਤ ਦੀ ਪਹਿਲਾਂ ਚਰਚਾ ਕਰੀਏ ਤਾਂ ਭਾਰਤੀ ਅਰਥਚਾਰਾ ਮਜ਼ਬੂਤੀ ਨਾਲ ਅੱਗੇ ਵਧ ਰਿਹਾ ਹੈ। ਸਰਕਾਰ ਦੇ ਪਹਿਲੇ ਅੰਦਾਜ਼ਿਆਂ ਮੁਤਾਬਕ ਭਾਰਤੀ ਅਰਥਚਾਰੇ ਦੇ ਚਾਲੂ ਵਿੱਤੀ ਸਾਲ 'ਚ 7.4 ਫ਼ੀਸਦੀ ਦੀ ਦਰ ਨਾਲ ਵਧਣ ਦੀ ਉਮੀਦ ਹੈ। ਇਹ ਪਿਛਲੇ ਸਾਲ ਦੇ 6.5 ਫ਼ੀਸਦੀ ਦੇ ਵਾਧੋਂ ਤੋਂ ਵੱਧ ਹੈ। ਕੁਝ ਹੀ ਦਿਨ ਪਹਿਲਾਂ ਦੂਜੀ ਤਿਮਾਹੀ ਦੇ ਅੰਕੜੇ ਵੀ ਆਏ ਸਨ, ਜਿਨ੍ਹਾਂ 'ਚ 8.2 ਫ਼ੀਸਦੀ ਦੀ ਕਮਾਲ ਦੀ ਤੇਜ਼ੀ ਦਿਖਾਈ ਦਿੱਤੀ ਸੀ। ਇਹ ਵਾਧਾ ਆਮ ਜਨਜੀਵਨ 'ਚ ਵੀ ਨਜ਼ਰ ਆਉਂਦਾ ਹੈ। ਵਾਹਨਾਂ ਦੀ ਵਿਕਰੀ ਵਧ ਰਹੀ ਹੈ। ਹਵਾਈ ਯਾਤਰਾ 'ਚ ਤੇਜ਼ੀ ਆਈ ਹੈ। ਵਿੱਤ, ਟਰਾਂਸਪੋਰਟ, ਮਹਿਮਾਨਵਾਜ਼ੀ ਤੇ ਰਿਅਲ ਅਸਟੇਟ ਵਰਗੇ ਖੇਤਰਾਂ ਦਾ ਲਗਾਤਾਰ ਵਿਸਥਾਰ ਹੋ ਰਿਹਾ ਹੈ। ਬੇਰੁਜ਼ਗਾਰੀ 'ਚ ਕਮੀ ਆਈ ਹੈ ਤੇ ਮਨਰੇਗਾ (ਜੋ ਹੁਣ ਬੀਵੀ-ਜੀ ਰਾਮ ਜੀ ਹੈ) ਦੇ ਤਹਿਤ ਕੰਮ ਦੀ ਭਾਲ ਘਟੀ ਹੈ। ਸਪੱਸ਼ਟ ਹੈ ਕਿ ਲੋਕ ਕਿਤੇ ਬਿਹਤਰ ਬਦਲ ਲੱਭ ਰਹੇ ਹਨ, ਜੋ ਸਕਾਰਾਤਮਕ ਸੰਕੇਤ ਹੈ। ਹਾਲੀਆ ਅੰਕੜਿਆ ਦੇ ਅਪਵਾਦ ਨੂੰ ਛੱਡ ਦਿੱਤਾ ਜਾਵੇ ਤਾਂ ਮਹਿੰਗਾਈ ਦਾ ਰੁਖ਼ ਵੀ ਨਰਮ ਹੈ। ਖ਼ੁਰਾਕੀ ਪਦਾਰਥਾਂ ਦੀਆਂ ਕੀਮਤਾਂ ਤੋਂ ਲੈ ਕੇ ਈਂਧਨ ਦੀਆਂ ਦਰਾਂ 'ਚ ਸਥਿਰਤਾ ਬਣੀ ਹੋਈ ਹੈ। ਇਸ ਨਾਲ ਘਰੇਲੂ ਬਜਟ 'ਤੇ ਦਬਾਅ ਘਟਿਆ ਹੈ ਤੇ ਰਿਜ਼ਰਵ ਬੈਂਕ ਲਈ ਵਿਆਜ ਦਰਾਂ ਘਟਾਉਣ ਦੀ ਗੁੰਜਾਇਸ਼ ਵਧੀ ਹੈ। ਜੇ ਲੋਕਾਂ ਦੇ ਨਜ਼ਰੀਏ ਨਾਲ ਦੇਖਿਆ ਜਾਵੇ ਤਾਂ ਉੱਚਾ ਵਾਧਾ ਤੇ ਨਰਮ ਮਹਿੰਗਾਈ ਦੀ ਸਥਿਤੀ ਢੁੱਕਵੀਂ ਕਹੀ ਜਾਵੇਗੀ। ਤਾਂ ਫਿਰ ਚਿੰਤਾ ਕਿਸ ਗੱਲ ਨੂੰ ਲੈ ਕੇ ਹੈ? ਅਸਲ ਮੁਸ਼ਕਿਲ ਵਾਧੇ 'ਚ ਨਹੀਂ, ਬਲਕਿ ਆਮਦਨੀ ਦੇ ਪੱਧਰ 'ਤੇ ਹੈ।

ਸਿੱਧੇ ਸ਼ਬਦਾਂ 'ਚ ਕਿਹਾ ਜਾਵੇ ਤਾਂ ਅਰਥਚਾਰਾ ਵੱਧ ਚੀਜ਼ਾਂ ਤੇ ਸੇਵਾਵਾਂ ਤਾਂ ਪੈਦਾ ਕਰ ਰਿਹਾ ਹੈ, ਪਰ ਉਨ੍ਹਾਂ ਦੀ ਕੁੱਲ ਕੀਮਤ ਓਨੀ ਤੇਜ਼ੀ ਨਾਲ ਨਹੀਂ ਵਧ ਰਹੀ ਹੈ। ਵਧਣੀ ਤਾਂ ਦੂਰ ਕੁਝ ਖੇਤਰਾਂ 'ਚ ਤਾਂ ਕੀਮਤਾਂ ਡਿੱਗ ਰਹੀਆਂ ਹਨ। ਇਹ ਸੁਣਨ 'ਚ ਚੰਗਾ ਲੱਗ ਸਕਦਾ ਹੈ, ਪਰ ਇਸ ਦੇ ਆਪਣੇ ਨਿੱਜੀ ਹਿਤ ਹੁੰਦੇ ਹਨ, ਜਿਨ੍ਹਾਂ ਦੀ ਕੁਝ ਦੂਜੇ ਮੋਰਚਿਆਂ 'ਤੇ ਕੀਮਤ




ਚੁਕਾਉਣੀ ਪੈਂਦੀ ਹੈ। ਚਾਹੇ ਜੀਐੱਸਟੀ ਹੋਵੇ, ਆਮਦਨ ਕਰ ਹੋਵੇ ਜਾਂ ਕਾਰਪੋਰੇਟ ਟੈਕਸ, ਉਨ੍ਹਾਂ 'ਤੇ ਮਾਲੀਏ ਦੀ ਪ੍ਰਾਪਤੀ ਲੈਣ-ਦੇਣ ਦੇ ਆਧਾਰ 'ਤੇ ਹੀ ਨਿਰਭਰ ਕਰਦੀ ਹੈ।

ਜਦ ਲੈਣ-ਦੇਣ 'ਚ ਵਾਧਾ ਹੌਲੀ ਹੁੰਦਾ ਹੈ ਤਾਂ ਟੈਕਸ ਸੰਗ੍ਰਹਿ ਵੀ ਹੌਲੀ ਹੋ ਜਾਂਦਾ ਹੈ। ਦੇਖਿਆ ਜਾਵੇ ਤਾਂ ਪਿਛਲੇ ਸਾਲ ਦੀ ਤੁਲਨਾ 'ਚ ਪ੍ਰਤੱਖ ਤੇ ਅਪ੍ਰਤੱਖ ਟੈਕਸ ਵਾਧੇ 'ਚ ਕੁਝ ਕਮਜ਼ੋਰੀ ਦਾ ਰੁਝਾਨ ਹੈ। ਸਰਕਾਰੀ ਆਮਦਨੀ ਚਾਹੇ ਹੀ ਘਟ ਜਾਵੇ, ਪਰ ਤਨਖ਼ਾਹ, ਪੈਨਸ਼ਨ, ਵਿਆਜ ਭੁਗਤਾਨ ਤੇ ਕਲਿਆਣਕਾਰੀ ਯੋਜਨਾਵਾਂ ਦੀ ਦੇਣਦਾਰੀ ਤਾਂ ਜਿਉਂ ਦੀ ਤਿਉਂ ਬਣੀ ਰਹਿੰਦੀ ਹੈ। ਜਦ ਸਰਕਾਰ ਨੇ ਸੜਕਾਂ, ਰੇਲਵੇ, ਬੰਦਰਗਾਹਾਂ, ਰਿਹਾਇਸ਼ ਤੇ ਊਰਜਾ ਆਦਿ 'ਚ ਵੱਡੇ ਨਿਵੇਸ਼ ਦੇ ਇਰਾਦੇ ਜ਼ਾਹਰ ਕੀਤੇ ਹੋਣ ਤਾਂ ਸਾਧਨਾਂ ਦੀ ਜ਼ਰੂਰਤ ਸੁਭਾਵਿਕ ਰੂਪ ਨਾਲ ਵਧ ਜਾਂਦੀ ਹੈ। ਇਸ ਲਈ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਸਰਕਾਰ ਇੱਕ ਮੁਸ਼ਕਿਲ ਸੰਤੁਲਨ ਤਿਆਰ ਕਰਨ ਦੀ ਚੁਣੌਤੀ ਦਾ ਸਾਹਮਣਾ ਕਰ ਰਹੀ ਹੈ।

ਜੇ ਮਾਲੀਏ ਦੀ ਪ੍ਰਾਪਤੀ 'ਚ ਕੁਝ ਕਮੀ ਦਿਖਾਈ ਦਿੰਦੀ ਹੈ ਤਾਂ ਜ਼ਾਹਰ ਹੈ ਕਿ ਉਸ ਨੂੰ ਜਾਂ ਤਾਂ ਵੱਧ ਉਧਾਰ ਲੈਣਾ ਪਵੇਗਾ ਜਾਂ ਕਿਸੇ ਹੋਰ ਮੋਰਚੇ 'ਤੇ ਕਟੌਤੀ ਦਾ ਬਦਲ ਅਪਣਾਉਣਾ ਪਵੇਗਾ। ਨਵੇਂ ਖ਼ਾਹਿਸ਼ੀ ਐਲਾਨਾਂ ਨੂੰ ਲੈ ਕੇ ਵੀ ਧੀਰਜ ਵਰਤਣਾ ਪਵੇਗਾ। ਅਗਲੇ ਬਜਟ ਦੇ ਸਾਹਮਣੇ ਇਨ੍ਹਾਂ ਚੁਣੌਤੀਆਂ ਨਾਲ ਨਜਿੱਠਣ ਦੀ ਵੀ ਇੱਕ ਵੱਡੀ ਚੁਣੌਤੀ ਹੋਵੇਗੀ। ਇਸ ਕਹਾਣੀ 'ਚ ਕਈ ਪੇਚ ਹੋਰ ਵੀ ਹਨ। ਇੱਕ ਪੇਚ ਵਾਧੇ ਦੀ ਨਾਬਰਾਬਰ ਬਿਰਤੀ ਨਾਲ ਵੀ ਜੁੜਿਆ ਹੈ। ਸ਼ਹਿਰੀ ਉਪਭੋਗ 'ਚ ਤੇਜ਼ੀ ਬਣੀ ਹੋਈ ਹੈ। ਇੱਕ ਤਬਕਾ ਵੱਡੀ ਗਿਣਤੀ 'ਚ ਨਵੀਆਂ ਕਾਰਾਂ ਖ਼ਰੀਦ ਰਿਹਾ ਹੈ ਤੇ ਆਲੀਸ਼ਾਨ ਸੈਰ-ਸਪਾਟੇ 'ਤੇ ਖ਼ਰਚ 'ਚ ਵੀ ਉਸ ਨੂੰ ਸੰਕੋਚ ਨਹੀਂ। ਦੂਜੇ ਪਾਸੇ, ਨਿਰਮਾਣ ਵਰਗਾ ਮਹੱਤਵਪੂਰਨ ਖੇਤਰ ਸੁਸਤੀ ਦਾ ਸ਼ਿਕਾਰ ਬਣਿਆ ਹੋਇਆ ਹੈ। ਪਿਛਲੇ ਦਿਨੀਂ ਬਿਜਲੀ ਦੀ ਮੰਗ 'ਚ ਕਮੀ ਆਈ ਹੈ। ਇਸ ਦਾ ਇੱਕ ਕਾਰਨ ਮੌਸਮੀ ਵੀ ਹੋ ਸਕਦਾ ਹੈ, ਪਰ ਕੁਝ ਉਦਯੋਗਿਕ ਸਰਗਰਮੀਆਂ 'ਚ ਕਮਜ਼ੋਰੀ ਨੂੰ ਅਣਦੇਖਿਆ ਨਹੀਂ ਕੀਤਾ ਜਾ ਸਕਦਾ।


ਨਿਰਮਾਣ ਦੀ ਅਹਿਮੀਅਤ ਨੂੰ ਇਸ ਕਾਰਨ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ, ਕਿਉਂਕਿ ਨਾ ਸਿਰਫ਼ ਇਸ ਨਾਲ ਵੱਡੇ ਪੱਧਰ 'ਤੇ ਰੁਜ਼ਗਾਰ ਪੈਦਾ ਹੁੰਦਾ ਹੈ, ਬਲਕਿ ਇਸ ਨਾਲ ਟੈਕਸ ਮਾਲੀਏ ਨੂੰ ਲੈ ਕੇ ਵੀ ਕਿਤੇ ਵੱਧ ਨਿਰੰਤਰਤਾ ਬਣੀ ਰਹਿੰਦੀ ਹੈ। ਬਾਹਰੀ ਮੋਰਚੇ 'ਤੇ ਹਾਲਾਤ ਕਾਬੂ 'ਚ ਜ਼ਰੂਰ ਹਨ, ਪਰ ਜੋਖ਼ਮ ਤੋਂ ਮੁਕਤ ਨਹੀਂ ਹਨ। ਮਜ਼ਬੂਤ ਸੇਵਾ ਬਰਾਮਦ ਤੇ ਵਿਦੇਸ਼ 'ਚ ਵਸੇ ਭਾਰਤੀਆਂ ਵੱਲੋਂ ਭੇਜੀ ਗਈ ਰਕਮ ਦੇ ਦਮ 'ਤੇ ਚਾਲੂ ਖਾਤਾ ਘਾਟਾ ਕੁਝ ਘਟਿਆ ਹੈ। ਵਿਦੇਸ਼ੀ ਮੁਦਰਾ ਭੰਡਾਰ ਵੀ ਸਹਿਜ ਸਥਿਤੀ 'ਚ ਹੈ, ਪਰ ਵਿਸ਼ਵ ਪੱਧਰੀ ਗ਼ੈਰਯਕੀਨੀਆਂ ਕਦੀ ਵੀ ਸੰਕਟ ਖੜ੍ਹਾ ਕਰ ਸਕਦੀਆਂ ਹਨ। ਸਾਰੇ ਉੱਭਰਦੇ ਹੋਏ ਅਰਥਚਾਰੇ ਪੂੰਜੀ ਪ੍ਰਵਾਹ ਨੂੰ ਲੈ ਕੇ ਅਸਥਿਰਤਾ ਦਾ ਸਾਹਮਣਾ ਕਰ ਰਹੇ ਹਨ। ਡਾਲਰ ਦੇ ਮੁਕਾਬਲੇ ਰੁਪਏ ਦੀ ਹੈਸੀਅਤ ਵੀ ਦਰਾਮਦ ਲਾਗਤ ਤੋਂ ਲੈ ਕੇ ਨਿਵੇਸ਼ਕਾਂ ਦੀ ਧਾਰਨਾ ਨੂੰ ਪ੍ਰਭਾਵਿਤ ਕਰ ਰਹੀ ਹੈ। ਉੱਪਰੋਂ ਅਮਰੀਕੀ ਟੈਰਿਫ ਨੇ ਭਾਰਤ ਦੀਆਂ ਚਿੰਤਾਵਾਂ ਨੂੰ ਹੋਰ ਵਧਾਉਣ ਦਾ ਕੰਮ ਕੀਤਾ ਹੈ। ਬਜਟ 'ਚ ਵਿੱਤ ਮੰਤਰੀ ਨੂੰ ਇਨ੍ਹਾਂ ਚਿੰਤਾਵਾਂ ਦਾ ਨੋਟਿਸ ਲੈਣਾ ਪਵੇਗਾ। ਇਸ 'ਚ ਟੈਕਸ ਵਾਧੇ ਦੇ ਅੰਦਾਜ਼ੇ ਨੂੰ ਲੈ ਕੇ ਬਹੁਤ ਚੌਕਸੀ ਵਰਤਣੀ ਪਵੇਗੀ।

ਉਧਾਰ ਦੀਆਂ ਯੋਜਨਾਵਾਂ ਨੂੰ ਲੈ ਕੇ ਵੀ ਚੌਕਸੀ ਜ਼ਰੂਰੀ ਹੋਵੇਗੀ, ਤਾਂ ਜੋ ਵਿਆਜ ਅਦਾਇਗੀ ਨੂੰ ਲੈ ਕੇ ਵਾਧੂ ਭਾਰ ਨਾ ਪਵੇ? ਮਾਲੀਏ ਦੀ ਗ਼ੈਰਯਕੀਨੀ ਦੀ ਸਥਿਤੀ 'ਚ ਵੱਡੇ ਵਾਅਦਿਆਂ ਨੂੰ ਨਿਭਾਉਣ 'ਚ ਮੁਸ਼ਕਿਲ ਆਉਂਦੀ ਹੈ। ਜਦਕਿ ਨਿਵੇਸ਼ ਸਬੰਧੀ ਜਾਂ ਕਲਿਆਣਕਾਰੀ ਯੋਜਨਾਵਾਂ 'ਚ ਕਟੌਤੀ ਆਰਥਿਕ ਵਾਧੇ ਤੋਂ ਲੈ ਕੇ ਸਮਾਜਿਕ ਕਲਿਆਣ ਦੀ ਪ੍ਰਕਿਰਿਆ ਨੂੰ ਪਲਟ ਸਕਦੀ ਹੈ। ਸੰਭਵ ਹੈ ਕਿ ਬਜਟ 'ਚ ਵੱਡੇ ਐਲਾਨਾਂ ਦੀ ਥਾਂ ਸਥਿਰਤਾ ਯਕੀਨੀ ਬਣਾਉਣ 'ਤੇ ਧਿਆਨ ਕੇਂਦਰਿਤ ਹੋਵੇ। ਕਿਸੇ ਵੱਡੇ ਐਲਾਨ ਜਾਂ ਜੋਖ਼ਮ ਭਰੇ ਤਜਰਬਿਆਂ ਦੇ ਆਸਾਰ ਨਹੀਂ ਲਗਦੇ।

ਸਰਕਾਰ ਮੁੱਢਲੇ ਢਾਂਚੇ 'ਤੇ ਲਗਾਤਾਰ ਜ਼ੋਰ ਤੇ ਕਲਿਆਣਕਾਰੀ ਯੋਜਨਾਵਾਂ ਨੂੰ ਸਮਰਥਨ ਦੇਣਾ ਜਾਰੀ ਰੱਖੇਗੀ। ਇਸ 'ਚ ਇਕ ਸੰਭਾਵਨਾ ਇਹ ਹੈ ਕਿ ਸਰਕਾਰ ਰੈਗੂਲੇਟਰੀ ਭਾਵ ਨਿਯਮਾਂ ਨੂੰ ਹੋਰ ਆਸਾਨ ਬਣਾਉਣ ਦੇ ਰਾਹ 'ਤੇ ਹੀ ਅੱਗੇ ਵਧੇ। ਅਜਿਹਾ ਹੋਇਆ ਤਾਂ ਇਸ ਨਾਲ ਉਦਯੋਗਾਂ ਤੋਂ ਲੈ ਕੇ ਮਜ਼ਦੂਰਾਂ ਤੱਕ ਸਹੀ ਸੁਨੇਹਾ ਜਾਵੇਗਾ ਕਿ ਸਰਕਾਰ ਆਰਥਿਕ ਸਰਗਰਮੀਆਂ ਦੇ ਵਿਸਥਾਰ 'ਚ ਭਰੋਸਾ ਰੱਖਦੀ ਹੈ। ਇਹ ਦਾਅ ਘਰੇਲੂ-ਵਿਦੇਸ਼ੀ ਨਿਵੇਸ਼ਕਾਂ ਨੂੰ ਵੀ ਭਰੋਸਾ ਦੇਵੇਗਾ ਕਿ ਭਾਰਤ ਚੰਗੀ ਤਰ੍ਹਾਂ ਸਮਝਦਾ ਹੈ ਕਿ ਵਾਧਾ ਸਿਰਫ਼ ਖ਼ਰਚ 'ਤੇ ਨਹੀਂ, ਬਲਕਿ ਖ਼ਰਚ ਦੀ ਗੁਣਵੱਤਾ 'ਤੇ ਵੀ ਓਨਾ ਹੀ ਨਿਰਭਰ ਹੁੰਦਾ ਹੈ। ਇਸ ਨਾਲ ਦੇਸ਼ ਦੀਆਂ ਸੂਬਾਈ ਸਰਕਾਰਾਂ ਨੂੰ ਵੀ ਆਪਣੇ ਬਜਟ 'ਚ ਰੈਗੂਲੇਸ਼ਨ ਨੂੰ ਲੈ ਕੇ ਸਹੀ ਮਾਰਗਦਰਸ਼ਨ ਮਿਲੇਗਾ।

**(ਲੇਖਕ ਲੋਕ-ਨੀਤੀ ਵਿਸ਼ਲੇਸ਼ਕ ਹੈ)**

# ਹਿੰਦੂ ਭਾਈਚਾਰੇ ਦੇ ਮਨ ਵਿੱਚ ਘੱਟ ਗਿਣਤੀ ਕੌਮਾਂ ਪ੍ਰਤੀ ਡਰ ਕਿਸਨੇ ਭਰਿਆ?



ਪ੍ਰੋਫ਼ੈਸਰ ਅਪੂਰਵਾਨੰਦ

**ਅੱਜ ਦੇ ਭਾਰਤ ਵਿੱਚ, ਖ਼ੌਫ਼ ਅਧਿਆਪਕਾਂ, ਪੱਤਰਕਾਰਾਂ, ਵਿਦਿਆਰਥੀਆਂ ਅਤੇ ਨਾਗਰਿਕਾਂ ਦਾ ਇੱਕ ਅਨਿੱਖੜਵਾਂ ਅੰਗ ਬਣ ਗਿਆ ਹੈ। ਯੂਨੀਵਰਸਿਟੀਆਂ ਵਿੱਚ ਸਵੈ-ਸੈਂਸਰਸ਼ਿਪ ਤੋਂ ਲੈ ਕੇ ਆਯੋਜਨਾਂ ਵਿੱਚ ਬਿਨਾਂ ਇੱਛਾ ਦੇ ਸ਼ਮੂਲੀਅਤ ਤੱਕ, ਇਹ ਸਭ ਪਾਸੇ ਦਿਖਾਈ ਦੇ ਰਿਹਾ ਹੈ। ਚਿੰਤਕ ਅਤੇ ਕਾਲਮਨਵੀਸ ਅਪੂਰਵਾਨੰਦ ਦਾ ਨਜ਼ਰੀਆ**

ਇੱਕ ਨੌਜਵਾਨ ਅਧਿਆਪਕ ਨੇ ਕਿਹਾ ਕਿ ਅੱਜ ਤੱਕ ਮੇਰੇ ਨਾਲ ਇਹ ਕਦੇ ਨਹੀਂ ਹੋਇਆ, ਪਰ ਹੁਣ ਮੈਨੂੰ ਡਰ ਲੱਗਣ ਲੱਗਾ ਹੈ। ਮੈਂ ਡਰ ਵਿੱਚ ਘਿਰਿਆ ਰਹਿੰਦਾ ਹਾਂ।

ਇੱਕ ਨੌਜਵਾਨ ਪ੍ਰਸ਼ਾਸਨਿਕ ਅਧਿਕਾਰੀ ਨੇ ਅਫ਼ਸੋਸ ਨਾਲ ਕਿਹਾ ਕਿ ਮੈਂ ਤੁਹਾਨੂੰ ਮਿਲ ਕੇ ਹੀ ਗੱਲ ਕਰਾਂਗਾ। ਫ਼ੋਨ ਦਾ ਕੋਈ ਭਰੋਸਾ ਨਹੀਂ।

ਇਹੀ ਗੱਲ ਇੱਕ ਸੇਵਾਮੁਕਤ ਅਧਿਕਾਰੀ ਨੇ ਕਹੀ ਜੋ ਸਰਕਾਰ ਦੇ ਉੱਚੇ ਅਹੁਦਿਆਂ 'ਤੇ ਰਹਿ ਚੁੱਕੇ ਹਨ: ਫ਼ੋਨ 'ਤੇ ਗੱਲ ਕਰਨਾ ਠੀਕ ਨਹੀਂ, ਮਿਲ ਕੇ ਹੀ ਇਸ ਵਿਸ਼ੇ 'ਤੇ ਚਰਚਾ ਕਰਦੇ ਹਾਂ।

ਕੁਝ ਵਿਦਿਆਰਥੀਆਂ ਨੇ ਦੱਸਿਆ ਕਿ ਅਸੀਂ ਗੋਸ਼ਠੀ (ਸੈਮੀਨਾਰ) ਕਰਨਾ ਤਾਂ ਚਾਹੁੰਦੇ ਹਾਂ ਪਰ ਸਾਨੂੰ ਡਰ ਲੱਗਦਾ ਹੈ।

ਇੱਕ ਨਿੱਜੀ ਯੂਨੀਵਰਸਿਟੀ ਦੀ ਅਧਿਆਪਕਾ ਨੇ ਦੱਸਿਆ ਕਿ ਇੱਕ ਮਸ਼ਹੂਰ ਪੋਡਕਾਸਟ-ਲੜੀ ਵਿੱਚ (ਜੋ ਸਰਕਾਰ ਦੀ ਆਲੋਚਨਾ ਲਈ ਜਾਣੀ ਜਾਂਦੀ ਹੈ) ਹਿੱਸਾ ਲੈਣ ਤੋਂ ਪਹਿਲਾਂ ਉਨ੍ਹਾਂ ਨੂੰ ਕਿਹਾ ਗਿਆ ਕਿ ਉਨ੍ਹਾਂ ਦੇ ਸਾਹਮਣੇ ਲੰਬਾ ਕੈਰੀਅਰ ਪਿਆ ਹੈ, ਇਸ ਪੋਡਕਾਸਟ ਵਿੱਚ ਜਾਣ ਤੋਂ ਪਹਿਲਾਂ ਉਨ੍ਹਾਂ ਨੂੰ ਸੋਚ ਲੈਣਾ ਚਾਹੀਦਾ ਹੈ। ਮੈਂ ਹੈਰਾਨ ਸੀ ਕਿ ਇਸ ਲੁਕਵੀਂ ਧਮਕੀ ਦੇ ਬਾਵਜੂਦ ਉਹ ਉਸ ਪੋਡਕਾਸਟ ਵਿੱਚ ਸ਼ਾਮਲ ਹੋਈ। ਇਹ ਹਿੰਮਤ ਇੱਕ ਅਪਵਾਦ ਹੈ। ਇਹ ਅੰਦਾਜ਼ਾ ਲਗਾਉਣਾ ਮੁਸ਼ਕਿਲ ਨਹੀਂ ਹੈ ਕਿ ਅਜਿਹੇ ਦਰਜਨਾਂ ਅਧਿਆਪਕ ਹੋਣਗੇ ਜਿਨ੍ਹਾਂ ਨੇ ਅਜਿਹੇ ਪ੍ਰੋਗਰਾਮਾਂ ਵਿੱਚ ਖ਼ੁਦ ਹੀ ਜਾਣਾ ਬੰਦ ਕਰ ਦਿੱਤਾ ਹੋਵੇਗਾ।

ਇੱਕ ਕੁਲੀਗ ਨੇ ਦੱਸਿਆ ਕਿ ਉਨ੍ਹਾਂ ਨੂੰ ਇੱਕ ਨੌਜਵਾਨ ਅਧਿਆਪਕ ਨੇ ਕੈਂਪਸ ਦੇ ਬਾਹਰ ਹੋਈ ਮੁਲਾਕਾਤ ਵਿੱਚ ਦੱਸਿਆ ਕਿ ਫ਼ੈਕਲਟੀ ਦੇ ਗਲਿਆਰੇ ਵਿੱਚ ਉਨ੍ਹਾਂ ਨੂੰ ਮਿਲਣ ਤੋਂ ਮਨ੍ਹਾ ਕੀਤਾ ਗਿਆ ਹੈ। ਇੱਕ ਹੋਰ ਨੌਜਵਾਨ ਅਧਿਆਪਕ ਮਿਲਿਆ ਅਤੇ ਉਸਨੇ ਕਿਹਾ, ਤੁਹਾਨੂੰ ਬੁਲਾਉਣਾ ਤਾਂ ਬਹੁਤ ਚਾਹੁੰਦੇ ਸੀ ਪਰ ਬੁਲਾ ਨਹੀਂ ਸਕਦੇ। ਕਈ ਅਧਿਆਪਕ ਜਾਂ ਵਿਦਵਾਨ ਆਪਣੇ ਨਾਲ ਹੋਈ ਅਜਿਹੀ ਗੱਲਬਾਤ ਦੇ ਕਈ ਕਿੱਸੇ ਸੁਣਾ ਸਕਦੇ ਹਨ। ਇਹ ਜਿਵੇਂ ਉਨ੍ਹਾਂ 'ਤੇ ਹੀ ਦੋਸ਼ ਲੱਗਦਾ ਹੋਵੇ: ਤੁਸੀਂ ਅਜਿਹੀ ਸਥਿਤੀ ਹੀ ਪੈਦਾ ਕੀਤੀ ਹੈ ਕਿ ਤੁਹਾਨੂੰ ਸੱਦਾ ਦੇਣਾ ਸੰਭਵ ਨਹੀਂ ਰਹਿ ਗਿਆ। ਜਿਹੜੇ ਇਹ ਬੋਲਦੇ ਹਨ, ਉਹ ਇਹ ਸਵੀਕਾਰ ਨਹੀਂ ਕਰਨਾ ਚਾਹੁੰਦੇ ਕਿ ਅਸਲ ਵਿੱਚ ਉਹ ਭੈਅਭੀਤ ਹਨ ਅਤੇ ਆਪਣੇ ਲਈ ਕੋਈ ਮੁਸੀਬਤ ਪੈਦਾ ਨਹੀਂ ਕਰਨਾ ਚਾਹੁੰਦੇ।

**ਨੌਕਰੀ ਅਤੇ ਸੋਸ਼ਲ ਮੀਡੀਆ**

ਜਿਹੜੇ ਨੌਕਰੀ ਦੇ ਉਮੀਦਵਾਰ ਹਨ, ਉਨ੍ਹਾਂ ਨੇ ਆਪਣੇ ਸੋਸ਼ਲ ਮੀਡੀਆ ਖਾਤੇ ਜਾਂ ਤਾਂ ਬੰਦ ਕਰ ਦਿੱਤੇ ਹਨ ਜਾਂ ਮਿਟਾ ਦਿੱਤੇ ਹਨ। ਅਸੀਂ ਉਨ੍ਹਾਂ ਦੀ ਗੱਲ ਕਰ ਰਹੇ ਹਾਂ ਜੋ ਇਸ ਤੋਂ ਪਹਿਲਾਂ ਤੱਕ ਇਸ ਸੱਤਾ ਦੇ ਆਲੋਚਕ ਰਹੇ ਹਨ। ਉਨ੍ਹਾਂ ਵਿੱਚੋਂ ਕੁਝ ਹੁਣ ਸਰਗਰਮ ਰੂਪ ਵਿੱਚ ਸੱਤਾ ਦੀ ਪ੍ਰਸ਼ੰਸਾ ਕਰਦੇ ਦੇਖੇ ਜਾ ਸਕਦੇ ਹਨ। ਮਿਲਣ 'ਤੇ ਉਹ ਕਹਿੰਦੇ ਹਨ ਕਿ ਅੰਦਰੋਂ ਉਹ ਪਹਿਲਾਂ ਵਰਗੇ ਹੀ ਹਨ। ਤੁਸੀਂ ਸੋਚਦੇ ਰਹਿ ਜਾਂਦੇ ਹੋ ਕਿ ਇਹ ਦੂਹਰੀ ਜ਼ਿੰਦਗੀ ਉਹ ਕਿਵੇਂ ਜੀਅ ਪਾਉਂਦੇ ਹਨ।

**ਮੀਡੀਆ ਦੀ ਹਾਲਤ**

ਸਮਝਦਾਰ ਸੰਪਾਦਕਾਂ ਦੀ ਅਗਵਾਈ ਵਿੱਚ ਛਪਣ ਵਾਲੇ ਅਖ਼ਬਾਰਾਂ ਵਿੱਚ ਜਦੋਂ ਅਜੀਬ ਖ਼ਬਰਾਂ ਜਾਂ ਨਫ਼ਰਤ ਭਰੇ ਲੇਖ ਛਪਦੇ ਹਨ ਅਤੇ ਤੁਸੀਂ ਸਵਾਲ ਕਰਦੇ ਹੋ, ਤਾਂ ਉਹ ਜਵਾਬ ਨਹੀਂ ਦਿੰਦੇ। ਜੇਕਰ ਉਹ ਉੱਤਰ ਦਿੰਦੇ ਵੀ ਹਨ, ਤਾਂ ਬਹੁਤ ਕਮਜ਼ੋਰ ਦਲੀਲ ਦਿੰਦੇ ਹਨ। ਇੱਕ ਨੇ ਕਿਹਾ, ਅਸੀਂ ਇਹ ਸਭ ਇਸ ਲਈ ਛਾਪਦੇ ਹਾਂ ਤਾਂ ਜੋ ਤੁਹਾਡੇ ਵਰਗੇ ਲੋਕਾਂ ਲਈ ਜਗ੍ਹਾ ਬਚਾਈ ਜਾ ਸਕੇ। ਹਿੰਦੀ ਦੇ ਅਖ਼ਬਾਰ ਤਾਂ ਹੁਣ ਕਈ ਲੇਖਕਾਂ ਨੂੰ ਛਾਪਦੇ ਹੀ ਨਹੀਂ।

**ਸਿੱਖਿਆ ਅਤੇ ਕਲਾ 'ਤੇ ਹਮਲਾ**

ਡਰ ਚਾਰੇ ਪਾਸੇ ਪਹਿਰਾ ਦੇ ਰਿਹਾ ਹੈ। ਕਲਪਨਾ ਕਰੋ ਉਸ ਅਧਿਆਪਕ ਦੀ ਜੋ ਡਰ ਵਿੱਚ ਘਿਰਿਆ ਹੈ, ਉਹ ਕਲਾਸ ਵਿੱਚ ਆਜ਼ਾਦ ਹੋ ਕੇ ਕਿਵੇਂ ਪੜ੍ਹਾਏਗਾ? ਉਨ੍ਹਾਂ ਨੂੰ ਡਰ ਹੈ ਕਿ ਕੋਈ ਉਨ੍ਹਾਂ ਦਾ ਲੈਕਚਰ ਰਿਕਾਰਡ ਕਰਕੇ ਪ੍ਰਸਾਰਿਤ ਕਰ ਦੇਵੇਗਾ, ਜਿਸ ਤੋਂ ਬਾਅਦ ਉਨ੍ਹਾਂ 'ਤੇ ਮੁਕੱਦਮਾ ਜਾਂ ਸਰੀਰਕ ਹਮਲਾ ਹੋ ਸਕਦਾ ਹੈ। ਪ੍ਰਕਾਸ਼ਕ ਹੁਣ ਪੁਰਾਣੇ ਲੇਖਕਾਂ ਦੀਆਂ ਕਿਤਾਬਾਂ ਦੀ ਵੀ ਵਾਰ-ਵਾਰ ਕਾਨੂੰਨੀ ਸਮੀਖਿਆ ਕਰਵਾਉਂਦੇ ਹਨ।

ਸ਼ਹਿਰਾਂ ਵਿੱਚ ਪ੍ਰੋਗਰਾਮਾਂ ਲਈ ਹਾਲ (ਸਭਾਗਾਰ) ਮਿਲਣਾ ਮੁਸ਼ਕਲ ਹੋ ਗਿਆ ਹੈ ਜੇਕਰ ਵਿਸ਼ਾ ਸੱਤਾ ਨੂੰ ਨਾਪਸੰਦ ਹੋਵੇ। ਰੰਗਮੰਚ (ਨਾਟਕ) ਜੋ ਪਹਿਲਾਂ ਦਰਸ਼ਕਾਂ ਨੂੰ ਸੋਚਣ ਲਈ ਮਜਬੂਰ ਕਰਦਾ ਸੀ, ਹੁਣ ਸਿਰਫ਼ ਹਸਾਉਣ ਜਾਂ ਮਨੋਰੰਜਨ ਦੇ ਕੰਮ ਆ ਰਿਹਾ ਹੈ। ਵਿਦਿਆਰਥੀ ਮੇਰੇ ਕੋਲ ਆਏ ਅਤੇ ਕਿਹਾ ਕਿ ਜੇਕਰ ਅਸੀਂ ਇਮਤਿਹਾਨ ਵਿੱਚ ਇਮਾਨਦਾਰੀ ਨਾਲ ਸਵਾਲਾਂ ਦੇ ਜਵਾਬ ਲਿਖੇ, ਤਾਂ ਸਾਨੂੰ ਡਰ ਹੈ ਕਿ ਸਾਡੇ ਨੰਬਰ ਕੱਟ ਦਿੱਤੇ ਜਾਣਗੇ।

**ਬਹੁਗਿਣਤੀ ਦਾ ਕਾਲਪਨਿਕ ਡਰ**

ਡਰ ਅੱਜ ਭਾਰਤ ਦਾ ਸਥਾਈ ਭਾਵ ਹੈ। ਅਸੀਂ ਜਿਸ ਡਰ ਦੀ ਹੁਣ ਤੱਕ ਗੱਲ ਕੀਤੀ ਹੈ, ਮਨੁੱਖੀ ਇਤਿਹਾਸ ਵਿੱਚ ਕਈ ਦੇਸ਼ਾਂ ਵਿੱਚ ਅਜਿਹਾ ਡਰ ਵੇਖਿਆ ਗਿਆ ਹੈ। ਉਨ੍ਹਾਂ ਨੂੰ ਅਰਾਜਕਤਾਵਾਦੀ ਵਿਵਸਥਾ ਕਿਹਾ ਜਾਂਦਾ ਹੈ। ਪਰ ਇੱਕ ਦੂਜੇ ਕਿਸਮ ਦੀ ਵਿਵਸਥਾ ਹੈ ਜੋ ਸਿਰਫ਼ ਅਰਾਜਕਤਾਵਾਦੀ ਨਹੀਂ, ਇਸ ਵਿੱਚ ਬਹੁਗਿਣਤੀ ਅਬਾਦੀ ਵਿੱਚ ਡਰ ਬਿਠਾਇਆ ਜਾਂਦਾ ਹੈ ਕਿ ਉਹ ਘੱਟਗਿਣਤੀ ਹੋਣ ਵਾਲੀ ਹੈ, ਕਿ ਉਹ ਚਾਰੇ ਪਾਸੇ ਘੱਟਗਿਣਤੀ ਕੌਮਾਂ ਨਾਲ ਘਿਰੀ ਹੋਈ ਹੈ ਜੋ ਬਹੁਗਿਣਤੀ ਹੋ ਜਾਣਗੇ। ਬਹਗਿਣਤੀ ਵਿੱਚ ਇਹ ਡਰ ਬਹੁਗਿਣਤੀ ਲਈ ਬਹੁਤ ਖਤਰਨਾਕ ਹੈ ਕਿਉਂਕਿ ਬਹੁਗਿਣਤੀ ਅਬਾਦੀ ਜਦੋਂ ਡਰੀ ਹੋਈ ਬਣਾ ਦਿੱਤੀ ਜਾਂਦੀ ਹੈ ਤਾਂ ਉਹ ਹਮਲਾਵਰ ਅਤੇ ਹਿੰਸਕ ਹੋ ਜਾਂਦੀ ਹੈ।

ਘੱਟ ਗਿਣਤੀ ਕੌਮਾਂ ਨੂੰ ਵੱਖ-ਵੱਖ ਕਿਸਮ ਦੀ ਹਿੰਸਾ ਦਾ ਸਾਹਮਣਾ ਕਰਨਾ ਪੈਂਦਾ ਹੈ। ਉਸ ਦੀ ਜਗ੍ਹਾ ਸੁੰਗੜਦੀ ਜਾਂਦੀ ਹੈ ਕਿਉਂਕਿ ਜਨਤਕ ਥਾਵਾਂ ਤੇ ਅਕਸਰ ਬਹੁਗਿਣਤੀ ਦਾ ਪ੍ਰਭੁਤਵ ਹੁੰਦਾ ਹੈ। ਇਸ ਬਹੁਗਿਣਤੀ ਵਿੱਚ ਜੋ ਵੀ ਸ਼ਾਮਲ ਹਨ, ਉਨ੍ਹਾਂ ਸਭ ਵਿੱਚ ਇਸ ਹਿੰਸਾ ਅਤੇ ਹਮਲਾਵਰਤਾ ਦੀ ਸੰਭਾਵਨਾ ਹੈ। ਬਹੁਗਿਣਤੀ ਵਿੱਚ ਆਪਣੇ ਕਮਜ਼ੋਰ ਹੋਣ ਦਾ ਕਲਪਿਤ ਡਰ ਘਟਗਿਣਤੀ ਕੌਮਾਂ ਵਿੱਚ ਇੱਕ ਅਸਲੀ ਡਰ ਪੈਦਾ ਕਰਦਾ ਹੈ। ਘੱਟ ਗਿਣਤੀ ਕੌਮਾਂ ਨੂੰ ਨਹੀਂ ਪਤਾ ਕਿ ਬਹੁਗਿਣਤੀ ਕੌਮਾਂ ਵਿੱਚ ਕੌਣ ਉਸ ਤੇ ਹਮਲਾ ਕਰੇਗਾ ਅਤੇ ਕੌਣ ਨਹੀਂ। ਇਸ ਡਰ ਕਾਰਨ ਘੱਟਗਿਣਤੀ ਕੌਮਾਂ ਟ੍ਰੇਨ, ਬੱਸ, ਕਲਾਸ, ਮੀਟਿੰਗਾਂ ਵਿੱਚ ਚੁੱਪ ਰਹਿੰਦੇ ਹਨ। ਮਾਂ-ਪਿਓ ਬੱਚਿਆਂ ਨੂੰ ਟਿਫ਼ਿਨ ਵਿੱਚ ਮੀਟ ਦਾ ਕੋਈ ਵੀ ਪਕਵਾਨ ਨਹੀਂ ਦਿੰਦੇ। ਬੱਚਿਆਂ ਨੂੰ ਦੱਸਿਆ ਜਾਂਦਾ ਹੈ ਕਿ ਉਹ ਫ਼ੋਨ ਤੇ ਸਲਾਮ, ਆਦਾਬ ਵਰਗੇ ਸ਼ਬਦ ਨਾ ਕਹਿਣ।

ਕੁਝ ਲੋਕਾਂ ਨੂੰ ਇਹ ਸਭ ਕੁਝ ਅਜੀਬ ਲੱਗੇਗਾ ਪਰ ਇਸ ਡਰ ਦੇ ਉਦਾਹਰਨ ਰੋਜ਼ਾਨਾ, ਹਰ ਥਾਂ ਮਿਲਦੇ ਹਨ। ਇੱਕ ਪੱਤਰਕਾਰ ਨੇ ਮੁੰਬਈ ਦੀ ਟ੍ਰੇਨ ਵਿੱਚ ਇੱਕ ਸਹਿਯਾਤਰੀ ਨਾਲ ਨਗਰ ਨਿਗਮ ਦੇ ਚੋਣਾਂ ਬਾਰੇ ਹੋਈ ਚਰਚਾ ਦਾ ਵਰਣਨ ਕੀਤਾ ਹੈ। ਜਨਤਕ ਵਿਵਸਥਾ ਦੀ ਬਦਹਾਲੀ ਦੇ ਸਵਾਲ ਤੇ ਦੋਵੇਂ ਇੱਕਮੱਤ ਸਨ। ਪਰ ਉਸ ਸਹਿਯਾਤਰੀ ਨੇ ਕਿਹਾ ਉਹ ਵੋਟ ਸੱਤਾਧਾਰੀ ਪਾਰਟੀ ਨੂੰ ਹੀ ਦੇਵੇਗਾ ਕਿਉਂਕਿ ਉਸ ਨੂੰ ਡਰ ਹੈ ਕਿ ਬੰਗਲਾਦੇਸ਼ੀ ਮੁਸਲਮਾਨ ਉਸ ਦੇ ਇਲਾਕੇ ਵਿੱਚ ਭਰ ਰਹੇ ਹਨ। ਇਹ ਕਲਪਿਤ ਡਰ ਹੁਣ ਉਸ ਨੂੰ ਉਸੇ ਨੂੰ ਚੁਣਨ ਲਈ ਮਜਬੂਰ ਕਰੇਗਾ ਜਿਸ ਨੇ ਉਸ ਦੀ ਜ਼ਿੰਦਗੀ ਮੁਸ਼ਕਲ ਬਣਾ ਰੱਖੀ ਹੈ। ਕਿਉਂਕਿ ਉਸ ਪਾਰਟੀ ਨੇ ਉਸ ਨੂੰ ਇਨ੍ਹਾਂ ਬੰਗਲਾਦੇਸ਼ੀਆਂ ਤੋਂ ਬਚਾਉਣ ਦਾ ਵਾਅਦਾ ਕੀਤਾ ਹੈ।

ਇਹ ਇੱਕ ਵੱਡਾ ਡਰ ਹੈ ਜੋ ਭਾਰਤ ਵਿੱਚ ਪਿਛਲੇ 11 ਸਾਲਾਂ ਵਿੱਚ ਹਿੰਦੂਆਂ ਵਿੱਚ ਭਰ ਦਿੱਤਾ ਗਿਆ ਹੈ। ਇਸ ਵੱਡੇ ਡਰ ਨੇ ਉਨ੍ਹਾਂ ਡਰਾਂ ਨੂੰ ਜਨਮ ਦਿੱਤਾ ਹੈ ਜਿਨ੍ਹਾਂ ਦੇ ਬਹੁਤ ਘੱਟ ਉਦਾਹਰਨ ਅਸੀਂ ਪਹਿਲਾਂ ਪੜ੍ਹ ਚੁੱਕੇ ਹਾਂ। ਇਸ ਡਰ ਨਾਲ ਭਰੇ ਸਮਾਜ ਨੂੰ ਆਜ਼ਾਦ ਕਿਵੇਂ ਕਿਹਾ ਜਾਵੇ ਹਾਲਾਂਕਿ ਸਭ ਢੌਂਗ ਆਜ਼ਾਦ ਹੋਣ ਦਾ ਹੀ ਕਰ ਰਹੇ ਹਨ।




# ਕੈਨੇਡਾ ਨੂੰ 51ਵਾਂ ਸੂਬਾ ਬਣਾਉਣਾ ਚਾਹੁੰਦਾ ਹੈ ਅਮਰੀਕਾ

**ਕੈਨੇਡਾ ਅਤੇ ਅਮਰੀਕਾ ਵਿਸ਼ਵ ਦੀਆਂ ਵੱਡੀਆਂ ਆਰਥਿਕ ਸ਼ਕਤੀਆਂ ਹਨ। ਦੋਵੇਂ ਮੁਲਕ ਕਈ ਪੱਖਾਂ ਤੋਂ ਇੱਕ ਦੂਜੇ 'ਤੇ ਨਿਰਭਰ ਹਨ ਪਰ ਕੈਨੇਡਾ ਹੁਣ ਅਮਰੀਕਾ ਦੀ ਧੌਂਸ ਮੰਨਣ ਤੋਂ ਇਨਕਾਰੀ ਹੈ। ਇਸੇ ਕਾਰਨ ਹੁਣ ਕੈਨੇਡਾ ਦਾ ਝੁਕਾਓ ਚੀਨ, ਕਤਰ ਅਤੇ ਹੋਰ ਮੁਲਕਾਂ ਵੱਲ ਵਧੇਰੇ ਹੋ ਗਿਆ ਹੈ। ਚੀਨ ਦੇ ਸਫ਼ਲ ਦੌਰੇ ਤੋਂ ਬਾਅਦ ਕੈਨੇਡਾ ਦੇ ਪ੍ਰਧਾਨ ਮੰਤਰੀ ਕਾਰਨੀ ਵੱਲੋਂ ਆਉਣ ਵਾਲੇ ਦਿਨਾਂ ਦੌਰਾਨ ਹੋਰ ਦੇਸ਼ਾਂ ਦੇ ਦੌਰੇ ਕਰਨ ਦੀ ਵੀ ਉਮੀਦ ਹੈ, ਜਿਨ੍ਹਾਂ ਦਾ ਵਿਸ਼ਵ ਦੀ ਰਾਜਨੀਤੀ ਅਤੇ ਆਲਮੀ ਅਰਥਵਿਵਸਥਾ 'ਤੇ ਵੱਡਾ ਪ੍ਰਭਾਵ ਪੈ ਸਕਦਾ ਹੈ।**






ਜਗਮੋਹਨ ਸਿੰਘ 'ਲੱਕੀ'
9463819174

ਕੈਨੇਡਾ ਅਤੇ ਅਮਰੀਕਾ ਨਾ ਸਿਰਫ਼ ਗੁਆਂਢੀ ਹਨ, ਸਗੋਂ ਨਾਟੋ ਅਤੇ ਨੋਰਾਡ ਵਰਗੇ ਫ਼ੌਜੀ ਗੱਠਜੋੜਾਂ ਨਾਲ ਵੀ ਜੁੜੇ ਹੋਏ ਹਨ। ਦੋਵਾਂ ਦੀਆਂ ਅਰਥ ਵਿਵਸਥਾਵਾਂ ਇੱਕ ਦੂਜੇ 'ਤੇ ਨਿਰਭਰ ਹਨ ਪਰ ਦੋਵਾਂ ਦੇਸ਼ਾਂ ਵਿਚਾਲੇ ਦਹਾਕਿਆਂ ਤੋਂ ਮਜ਼ਬੂਤ ਹੁੰਦੀ ਰਹੀ ਦੋਸਤੀ ਦੀ ਤੰਦ ਹੁਣ ਢਿੱਲੀ ਪੈ ਗਈ ਹੈ ਅਤੇ ਦੋਵੇਂ ਮੁਲਕਾਂ ਦੇ ਰਾਹ ਹੁਣ ਵੱਖਰੇ ਹੁੰਦੇ ਦਿਖਾਈ ਦੇ ਰਹੇ ਹਨ। ਵਿਸ਼ਵ ਦੀ ਮਹਾਂ ਸ਼ਕਤੀ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕਈ ਵਾਰ ਕਿਹਾ ਗਿਆ ਹੈ ਕਿ ਉਹ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਾਉਣਾ ਚਾਹੁੰਦੇ ਹਨ, ਜਦੋਂ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਕਈ ਵਾਰ ਕਹਿ ਚੁੱਕੇ ਹਨ ਕਿ ਕੈਨੇਡਾ ਵਿਕਾਊ ਨਹੀਂ ਹੈ ਅਤੇ ਨਾ ਹੀ ਏਨਾ ਕਮਜ਼ੋਰ ਹੈ ਕਿ ਕੋਈ ਦੂਜਾ ਦੇਸ਼ ਉਸ ਨੂੰ ਆਪਣਾ ਸੂਬਾ ਬਣਾ ਸਕੇ। ਇਸ ਦੇ ਬਾਵਜੂਦ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਵੱਲੋਂ ਕੈਨੇਡਾ 'ਤੇ ਦਬਾਓ ਪਾਉਣ ਲਈ ਕਈ ਤਰ੍ਹਾਂ ਦੇ ਟੈਰਿਫ਼ ਲਗਾ ਦਿੱਤੇ ਗਏ ਹਨ। ਜਿਸ ਦਾ ਕੈਨੇਡਾ ਵਿੱਚ ਵਿਰੋਧ ਵੀ ਹੋਇਆ ਹੈ ਪਰ ਟਰੰਪ ਆਪਣੀ ਜ਼ਿੱਦ 'ਤੇ ਅੜੇ ਹੋਏ ਹਨ ਅਤੇ ਭਾਰੀ ਟੈਰਿਫ਼ਾਂ ਨਾਲ ਕੈਨੇਡਾ ਨੂੰ ਦਬਾਉਣ ਦਾ ਯਤਨ ਕਰ ਰਹੇ ਹਨ।

ਅਮਰੀਕਾ ਦੇ ਅਜਿਹੇ ਯਤਨਾਂ ਨੂੰ ਵੇਖਦਿਆਂ ਕੈਨੇਡਾ ਨੇ ਹੁਣ ਅਮਰੀਕਾ ਦੀ ਥਾਂ ਹੋਰ ਦੇਸ਼ਾਂ ਨਾਲ ਵਪਾਰਕ ਅਤੇ ਵਿੱਤੀ ਸਾਂਝ ਪਾਉਣੀ ਸ਼ੁਰੂ ਕਰ ਦਿੱਤੀ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਕਾਰਨੀ ਨੇ ਪਿਛਲੇ ਦਿਨੀਂ ਚੀਨ ਦਾ ਦੌਰਾ ਕਰਕੇ ਉਸ ਨਾਲ ਵਪਾਰਕ ਸਮਝੌਤਾ ਕੀਤਾ ਹੈ। ਇਸ ਤਰ੍ਹਾਂ ਕੈਨੇਡਾ ਦਾ ਹੁਣ ਝੁਕਾਓ ਅਮਰੀਕਾ ਦੀ ਥਾਂ ਚੀਨ ਵੱਲ ਵਧੇਰੇ ਹੋ ਗਿਆ ਹੈ, ਜਿਸ ਕਾਰਨ ਅਮਰੀਕਾ ਨੂੰ ਤਕਲੀਫ਼ ਹੋ ਰਹੀ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਕਾਰਨੀ ਦਾ ਕਹਿਣਾ ਹੈ ਕਿ ਕੈਨੇਡਾ ਕਈ ਚੀਜ਼ਾਂ ਲਈ ਪਹਿਲਾਂ ਅਮਰੀਕਾ 'ਤੇ ਨਿਰਭਰ ਸੀ ਪਰ ਅਮਰੀਕਾ ਦੀਆਂ ਵਿਸਤਾਰਵਾਦੀ ਨੀਤੀਆਂ ਅਤੇ ਦਬਾਓ ਦੀ ਨੀਤੀ ਨੂੰ ਵੇਖਦਿਆਂ ਹੁਣ ਕੈਨੇਡਾ ਨੇ ਹੋਰਨਾਂ ਦੇਸ਼ਾਂ ਵੱਲ ਦੋਸਤੀ ਅਤੇ ਵਪਾਰਕ ਸਮਝੌਤਿਆਂ ਦਾ ਹੱਥ ਵਧਾਇਆ ਹੈ, ਜਿਸ ਨੂੰ ਚੰਗਾ ਹੁੰਗਾਰਾ ਮਿਲ ਰਿਹਾ ਹੈ।

ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ 'ਦਾਵੋਸ' ਵਿੱਚ ਵਿਸ਼ਵ ਆਰਥਿਕ ਮੰਚ 'ਚ ਤਕਰੀਰ ਕਰਦਿਆਂ ਸਪਸ਼ਟ ਕਿਹਾ ਕਿ ਅਮਰੀਕੀ ਅਗਵਾਈ ਵਾਲਾ ਪੁਰਾਣਾ ਗਲੋਬਲ ਦੌਰ ਹੁਣ ਇਤਿਹਾਸ ਬਣ ਗਿਆ ਹੈ ਅਤੇ ਜਿਸ ਨੂੰ 'ਨਿਯਮ ਅਧਾਰਤ ਵਿਵਸਥਾ' ਕਿਹਾ ਜਾਂਦਾ ਸੀ, ਉਹ ਇੱਕ ਖ਼ੂਬਸੂਰਤ ਝੂਠ ਦੇ ਸਿਵਾਇ ਕੁਝ ਨਹੀਂ ਸੀ। ਇਸ ਮੌਕੇ ਕਾਰਨੀ ਨੇ ਅਮਰੀਕੀ ਚੌਧਰ ਦਾ ਖ਼ੂਬਸੂਰਤ ਸ਼ਬਦਾਂ ਵਿੱਚ ਵਿਰੋਧ ਕੀਤਾ। ਕਾਰਨੀ ਦੇ ਵਿਚਾਰਾਂ ਤੋਂ ਸਪਸ਼ਟ ਹੈ ਕਿ ਕੈਨੇਡਾ ਹੁਣ ਅਮਰੀਕਾ ਦੀ ਧੌਂਸ ਨੂੰ ਸਹਿਣ ਨਹੀਂ ਕਰੇਗਾ ਅਤੇ ਉਹ ਅਮਰੀਕਾ ਤੋਂ ਹੌਲੀ ਹੌਲੀ ਦੂਰੀ ਬਣਾ ਰਿਹਾ ਹੈ ਅਤੇ ਦੂਜੇ ਦੇਸ਼ਾਂ ਨਾਲ ਮੇਲਜੋਲ ਵਧਾ ਰਿਹਾ ਹੈ ਤਾਂ ਕਿ ਕੈਨੇਡਾ ਦੀ ਲੋੜ ਪੈਣ 'ਤੇ ਇਹ ਦੇਸ਼ ਉਸ ਦੀ ਸਹਾਇਤਾ ਕਰ ਸਕਣ। ਕੈਨੇਡਾ ਨਾਲ ਵਪਾਰਕ ਸਮਝੌਤਾ ਕਰਕੇ ਚੀਨ ਅਮਰੀਕਾ ਦੇ ਬਿਲਕੁਲ ਗੁਆਂਢ ਵਿੱਚ ਪਹੁੰਚ ਗਿਆ ਹੈ, ਦੂਜੇ ਪਾਸੇ ਅਮਰੀਕਾ ਨੇ ਤਾਇਵਾਨ ਨਾਲ ਸਮਝੌਤਾ ਕਰਕੇ ਚੀਨ ਦੀ ਨਾਰਾਜ਼ਗੀ ਸਹੇੜ ਲਈ ਹੈ। ਚੀਨ ਵੱਲੋਂ ਅਕਸਰ ਤਾਇਵਾਨ 'ਤੇ ਆਪਣਾ ਹੱਕ ਜਤਾਇਆ ਜਾਂਦਾ ਹੈ।

ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ ਹੈ ਕਿ ਕੈਨੇਡਾ ਦੇ ਅਮਰੀਕਾ ਨਾਲ ਲੰਬੇ ਸਮੇਂ ਤੋਂ ਚੱਲ ਰਹੇ ਆਰਥਿਕ ਅਤੇ ਰੱਖਿਆ ਸਬੰਧ ਹੁਣ ਖ਼ਤਮ ਹੋ ਗਏ ਹਨ।ਕੈਨੇਡੀਅਨ ਪ੍ਰਧਾਨ ਮੰਤਰੀ ਕਾਰਨੀ ਨੇ ਕਿਹਾ ਹੈ ਕਿ ਕੈਨੇਡੀਅਨ ਨਾਗਰਿਕ ਹੋਣ ਦੇ ਨਾਤੇ ਸਾਡੇ ਕੋਲ ਸ਼ਕਤੀ ਹੈ। ਅਸੀਂ ਆਪਣੇ ਦੇਸ਼ ਦਾ ਭਵਿੱਖ ਖ਼ੁਦ ਤੈਅ ਕਰਾਂਗੇ। ਅਸੀਂ ਆਪਣੇ ਭਵਿੱਖ ਨੂੰ ਖ਼ੁਦ ਕੰਟਰੋਲ ਕਰਾਂਗੇ। ਕੋਈ ਵੀ ਸਾਡੇ ਉੱਤੇ ਹੱਕ ਨਹੀਂ ਦਾਅਵਾ ਕਰ ਸਕਦਾ, ਅਮਰੀਕਾ ਵੀ ਨਹੀਂ। ਉਨ੍ਹਾਂ ਕਿਹਾ ਕਿ ਅਸੀਂ ਆਪਣੇ ਕਾਮਿਆਂ, ਆਪਣੀਆਂ ਕੰਪਨੀਆਂ ਅਤੇ ਆਪਣੇ ਦੇਸ਼ ਦੀ ਰੱਖਿਆ ਕਰਾਂਗੇ ਅਤੇ ਅਸੀਂ ਇਹ ਇਕੱਠੇ ਕਰਾਂਗੇ।

ਕੈਨੇਡਾ ਤੇ ਅਮਰੀਕਾ ਦੀਆਂ ਅਰਥ ਵਿਵਸਥਾਵਾਂ ਇੱਕ ਦੂਜੇ 'ਤੇ ਬਹੁਤ ਜ਼ਿਆਦਾ ਨਿਰਭਰ ਰਹੀਆਂ ਹਨ। ਦੋਵੇਂ ਦੇਸ਼ ਉੱਤਰੀ ਅਮਰੀਕੀ ਮੁਕਤ ਵਪਾਰ ਸਮਝੌਤੇ ਯਾਨੀ ਨਾਫਟਾ ਦੇ ਤਹਿਤ ਵਪਾਰ ਕਰਦੇ ਹਨ। ਅੰਕੜਿਆਂ ਅਨੁਸਾਰ, ਕੈਨੇਡਾ ਅਮਰੀਕਾ ਦਾ ਦੂਜਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ। ਅਮਰੀਕਾ, ਕੈਨੇਡਾ ਤੋਂ ਲਗਭਗ 421 ਬਿਲੀਅਨ ਡਾਲਰ ਮੁੱਲ ਦੇ ਸਮਾਨ ਦੀ ਦਰਾਮਦ ਕਰਦਾ ਰਿਹਾ ਹੈ, ਜਿਸ ਵਿੱਚ ਕੱਚਾ ਤੇਲ, ਕੁਦਰਤੀ ਗੈਸ ਅਤੇ ਆਟੋਮੋਬਾਈਲ ਪਾਰਟਸ ਸ਼ਾਮਲ ਹਨ। ਇੱਕ ਤਰ੍ਹਾਂ ਨਾਲ, ਕੈਨੇਡਾ ਅਮਰੀਕਾ ਨੂੰ 60 ਪ੍ਰਤੀਸ਼ਤ ਤੋਂ ਵੱਧ ਕੱਚੇ ਤੇਲ ਤੇ 85 ਪ੍ਰਤੀਸ਼ਤ ਤੋਂ ਵੱਧ ਕੁਦਰਤੀ ਗੈਸ ਦੀ ਸਪਲਾਈ ਕਰਦਾ ਰਿਹਾ ਹੈ। ਇਸ ਦੇ ਨਾਲ ਹੀ ਕੈਨੇਡਾ ਦੀ ਆਰਥਿਕਤਾ ਵੀ ਅਮਰੀਕਾ 'ਤੇ ਬਹੁਤ ਜ਼ਿਆਦਾ ਨਿਰਭਰ ਹੈ। ਕੈਨੇਡਾ ਆਪਣੇ ਕੁੱਲ ਨਿਰਯਾਤ ਦਾ ਲਗਭਗ 75 ਪ੍ਰਤੀਸ਼ਤ ਅਮਰੀਕਾ ਨੂੰ ਭੇਜਦਾ ਰਿਹਾ ਹੈ।

ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਖੁੱਲ੍ਹੀ ਮੁਲਾਕਾਤ ਮੌਕੇ ਦੋਹਾਂ ਦੇਸ਼ਾਂ ਦੇ ਮੁਖੀਆਂ ਨੇ ਵਪਾਰਕ ਸਮਝੌਤਾ ਸਹੀਬੰਦ ਕੀਤਾ ਹੈ, ਜਿਸ ਤਹਿਤ ਕੈਨੇਡਾ ਨੇ ਚੀਨ ਤੋਂ ਆਉਂਦੀਆਂ ਬਿਜਲਈ ਕਾਰਾਂ ਉੱਤੇ ਟੈਰਿਫ਼ 100 ਫ਼ੀਸਦੀ ਤੋਂ ਘਟਾ ਕੇ 6 ਫ਼ੀਸਦੀ ਕਰ ਦਿੱਤਾ ਹੈ। ਚੀਨ ਨੇ ਕੈਨੇਡਾ ਤੋਂ ਦਰਾਮਦ ਵਸਤਾਂ ਉੱਤੇ ਟੈਰਿਫ਼ 84 ਫ਼ੀਸਦੀ ਤੋਂ ਘਟਾ ਕੇ 15 ਫ਼ੀਸਦੀ ਕਰ ਦਿੱਤਾ ਹੈ। ਕੈਨੇਡਾ ਇਸ ਸਾਲ ਚੀਨ ਤੋਂ 49900 ਕਾਰਾਂ ਦਰਾਮਦ ਕਰੇਗਾ ਤੇ ਅਗਲੇ ਸਾਲਾਂ ਦੌਰਾਨ ਅੰਕੜਾ ਸੱਤਰ ਹਜ਼ਾਰ ਸਾਲਾਨਾ ਤੱਕ ਪਹੁੰਚ ਜਾਏਗਾ। ਟੈਰਿਫ਼ ਛੋਟ ਕਾਰਣ ਚੀਨ ਤੋਂ ਆ ਕੇ ਕੈਨੇਡਾ ਵਿੱਚ 60-62 ਹਜ਼ਾਰ ਡਾਲਰ ਵਿੱਚ ਵਿਕਣ ਵਾਲੀ ਬਿਜਲਈ ਕਾਰ ਹੁਣ 35-36 ਹਜ਼ਾਰ ਡਾਲਰ ਵਿੱਚ ਮਿਲ ਸਕੇਗੀ। ਇਸੇ ਤਰ੍ਹਾਂ ਕੈਨੇਡਾ ਤੋਂ ਕਲੋਨਾ ਤੇਲ, ਉੱਚ ਮਿਆਰੀ ਲੱਕੜ, ਸਮੁੰਦਰੀ ਖਾਦ ਪਦਾਰਥ ਤੇ ਕੈਨੇਡਾ ਦੇ ਕਈ ਹੋਰ ਉਤਪਾਦ ਹੁਣ ਚੀਨ ਨੂੰ ਭੇਜੇ ਜਾਣਗੇ।

ਕੈਨੇਡਾ ਦੇ ਅਰਥਸ਼ਾਸਤਰੀਆਂ ਦਾ ਮੰਨਣਾ ਹੈ ਕਿ ਚੀਨ ਨਾਲ ਹੋਏ ਸਮਝੌਤੇ ਨੇ ਕੈਨੇਡਾ ਲਈ ਬਰਾਮਦ ਦੇ ਦਰ ਖੋਲ੍ਹ ਦਿੱਤੇ ਹਨ। ਇਸ ਸਮਝੌਤੇ ਤੋਂ ਖ਼ੁਸ਼ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਈ ਹੋਰ ਦੇਸ਼ਾਂ ਦੀ ਯਾਤਰਾ ਦਾ ਪ੍ਰੋਗਰਾਮ ਉਲੀਕ ਲਿਆ ਹੈ। ਉਨ੍ਹਾਂ ਵੱਡੀਆਂ ਉਮੀਦਾਂ ਨਾਲ ਕਤਰ ਦੇ ਮੁਖੀ ਨਾਲ ਗੱਲਬਾਤ ਸ਼ੁਰੂ ਕੀਤੀ ਹੈ। ਆਉਣ ਵਾਲੇ ਦਿਨਾਂ ਦੌਰਾਨ ਕੈਨੇਡਾ ਵੱਲੋਂ ਹੋਰ ਮੁਲਕਾਂ ਨਾਲ ਵੀ ਵਪਾਰਕ ਸਮਝੌਤੇ ਕੀਤੇ ਜਾਣ ਦੀ ਸੰਭਾਵਨਾ ਹੈ, ਜਿਸ ਕਾਰਨ ਵਿਸ਼ਵ ਦੀਆਂ ਦੋ ਮਹਾਂ ਸ਼ਕਤੀਆਂ ਕੈਨੇਡਾ ਅਤੇ ਅਮਰੀਕਾ ਵਿਚਾਲੇ ਦੁਵੱਲੇ ਸਬੰਧਾਂ 'ਚ ਹੋਰ ਕੁੜੱਤਣ ਆ ਸਕਦੀ ਹੈ।

## ਅਮਰੀਕਾ ਨੇ 'ਬੋਰਡ ਆਫ਼ ਪੀਸ' 'ਚੋਂ ਕੈਨੇਡਾ ਨੂੰ ਬਾਹਰ ਕੱਢਿਆ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ 'ਬੋਰਡ ਆਫ਼ ਪੀਸ' (ਸ਼ਾਂਤੀ ਬੋਰਡ) ਵਿਚੋਂ ਕੈਨੇਡਾ ਨੂੰ ਬਾਹਰ ਕਰਨ ਦਾ ਐਲਾਨ ਕੀਤਾ ਹੈ। ਟਰੰਪ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ ਭੇਜੇ ਆਪਣੇ ਸੰਦੇਸ਼ ਵਿੱਚ ਕਿਹਾ 'ਬੋਰਡ ਆਫ਼ ਪੀਸ' ਇੱਜ਼ਤਦਾਰ ਦੇਸ਼ਾਂ ਦਾ ਸਮੂਹ ਹੈ, ਇਸ ਵਿੱਚ ਕੈਨੇਡਾ ਦੀ ਜਰੂਰਤ ਨਹੀਂ।' ਟਰੰਪ ਨੇ 'ਬੋਰਡ ਆਫ਼ ਪੀਸ' ਵਿੱਚ ਸ਼ਾਮਲ ਹੋਣ ਲਈ 59 ਦੇਸ਼ਾਂ ਨੂੰ ਸੱਦਾ ਦਿੱਤਾ ਸੀ, ਪਰ 19 ਦੇਸ਼ ਹੀ ਅਜੇ ਤੱਕ 'ਬੋਰਡ ਆਫ਼ ਪੀਸ' ਵਿੱਚ ਸ਼ਾਮਲ ਹੋਏ ਹਨ।

ਜ਼ਿਕਰਯੋਗ ਹੈ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਦਾਵੋਸ ਵਿੱਚ ਸੰਬੋਧਨ ਦੌਰਾਨ ਅਮਰੀਕੀ ਦਾਦਾਗਿਰੀ ਨੂੰ ਖੁੱਲ੍ਹੀ ਚੁਣੌਤੀ ਦਿੰਦਿਆਂ ਕਿਹਾ ਸੀ "ਅਮਰੀਕੀ ਪ੍ਰਭੂਤਵ ਵਾਲਾ ਦੌਰ ਹੁਣ ਖਤਮ ਹੋ ਗਿਆ ਹੈ।"

## ਕੈਨੇਡਾ 'ਤੇ 100 ਫ਼ੀਸਦੀ ਟੈਕਸ ਲਾਉਣ ਦੀ ਤਿਆਰੀ 'ਚ ਹੈ ਅਮਰੀਕਾ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੈਨੇਡਾ ਦੇ ਚੀਨ ਨਾਲ ਸੰਭਾਵਿਤ ਵਪਾਰਕ ਸੌਦੇ 'ਤੇ ਕੈਨੇਡਾ 'ਤੇ 100 ਫੀਸਦੀ ਟੈਰਿਫ ਲਾਉਣ ਦੀ ਧਮਕੀ ਦਿੱਤੀ ਹੈ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਜੇ ਇਹ ਦੇਸ਼ ਚੀਨ ਨਾਲ ਵਪਾਰਕ ਸੌਦਾ ਕਰਦਾ ਹੈ ਤਾਂ ਅਮਰੀਕਾ ਕੈਨੇਡਾ ਤੋਂ ਆਉਣ ਵਾਲੇ ਸਾਮਾਨ 'ਤੇ 100 ਫੀਸਦੀ ਟੈਕਸ ਲਾ ਦੇਵੇਗਾ।




ਟਰੰਪ ਨੇ ਸੋਸ਼ਲ ਮੀਡੀਆ 'ਤੇ ਕਾਰਨੀ ਨੂੰ ਗਵਰਨਰ ਵਜੋਂ ਸੰਬੋਧਨ ਕਰਦਿਆਂ ਪੋਸਟ ਕੀਤੀ, 'ਜੇਕਰ ਗਵਰਨਰ ਕਾਰਨੀ ਸੋਚਦੇ ਹਨ ਕਿ ਉਹ ਚੀਨ ਲਈ ਸੰਯੁਕਤ ਰਾਜ ਅਮਰੀਕਾ ਵਿੱਚ ਸਾਮਾਨ ਅਤੇ ਉਤਪਾਦ ਭੇਜਣ ਲਈ ਕੈਨੇਡਾ ਨੂੰ ਡਰੌਪ ਆਫ ਪੋਰਟ ਬਣਾਉਣ ਜਾ ਰਹੇ ਹਨ ਤਾਂ ਉਹ ਗਲਤ ਹਨ। ਉਨ੍ਹਾਂ ਕਿਹਾ ਕਿ ਚੀਨ ਕੈਨੇਡਾ ਦੇ ਹਿੱਤ ਪ੍ਰਭਾਵਿਤ ਕਰੇਗਾ ਤੇ ਇਸ ਨੂੰ ਪੂਰੀ ਤਰ੍ਹਾਂ ਬਰਬਾਦ ਕਰ ਦੇਵੇਗਾ। ਜੇਕਰ ਕੈਨੇਡਾ ਚੀਨ ਨਾਲ ਕੋਈ ਸੌਦਾ ਕਰਦਾ ਹੈ ਤਾਂ ਅਮਰੀਕਾ ਵਿੱਚ ਆਉਣ ਵਾਲੇ ਸਾਰੇ ਕੈਨੇਡੀਅਨ ਸਾਮਾਨ ਅਤੇ ਉਤਪਾਦਾਂ 'ਤੇ 100% ਟੈਰਿਫ ਲਗਾਇਆ ਜਾਵੇਗਾ।ਇਸ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਅਣਕਿਆਸੀਆਂ ਅਤੇ ਸਖ਼ਤ ਵਪਾਰਕ ਨੀਤੀਆਂ ਤੋਂ ਤੰਗ ਆ ਕੇ ਕੈਨੇਡਾ ਨਵੇਂ ਰਾਹ ਤਲਾਸ਼ ਰਿਹਾ ਸੀ। ਇਸ ਤੋਂ ਪਹਿਲਾਂ ਕੈਨੇਡਾ ਨੇ ਚੀਨ ਤੋਂ ਆਉਣ ਵਾਲੀਆਂ ਇਲੈਕਟ੍ਰਿਕ ਵਾਹਨਾਂ (ਈ ਵੀ) 'ਤੇ ਲਾਇਆ 100 ਫੀਸਦੀ ਦਰਾਮਦ ਟੈਕਸ ਘਟਾ ਕੇ ਮਹਿਜ਼ 6.1 ਫੀਸਦੀ ਕਰ ਦਿੱਤਾ ਸੀ। ਹਾਲਾਂਕਿ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਨੁਸਾਰ ਇਹ ਛੋਟ ਸੀਮਤ ਹੈ। ਇਸ ਤਹਿਤ ਫਿਲਹਾਲ ਸਾਲਾਨਾ 49,000 ਗੱਡੀਆਂ ਹੀ ਮੰਗਵਾਈਆਂ ਜਾ ਸਕਣਗੀਆਂ, ਪਰ ਪੰਜ ਸਾਲਾਂ ਵਿੱਚ ਇਹ ਗਿਣਤੀ ਵਧਾ ਕੇ 70,000 ਕਰ ਦਿੱਤੀ ਜਾਵੇਗੀ।

# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




## FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO

**(855)641-6955, (888)795-7035**

# ਭਗਤ ਰਵਿਦਾਸ ਜੀ ਦੀ ਸੰਖੇਪ ਜੀਵਨ-ਝਲਕ

**ਗਿ. ਅਮਰੀਕ ਸਿੰਘ ਜੀ**

ਸੰਸਾਰ ਅੰਦਰ ਜੀਵਨ ਦੇ ਚਾਰ ਪ੍ਰਮੁੱਖ ਪੱਖ ਹਨ- ਪਹਿਲਾ ਸਮਾਜਿਕ, ਦੂਜਾ ਆਰਥਿਕ, ਤੀਜਾ ਰਾਜਨੀਤਕ, ਚੌਥਾ ਧਾਰਮਿਕ। ਇਹਨਾਂ ਚਾਰਾਂ ਪੱਖਾਂ ਵਿੱਚੋਂ ਜਿਹੜਾ ਕਿਸੇ ਇਕ ਪੱਖ ਕਰਕੇ ਵੀ ਆਪਣੇ ਆਪ ਨੂੰ ਆਮ ਪਰੰਪਰਾਵਾਂ ਤੋਂ ਉੱਚਾ ਚੁੱਕ ਲੈਂਦਾ ਹੈ, ਅਜਿਹੇ ਲੋਕਾਂ ਨੂੰ ਹੀ ਇਤਿਹਾਸ ਆਪਣੀ ਬੁੱਕਲ ਵਿੱਚ ਥਾਂ ਦਿੰਦਾ ਹੈ। ਭਗਤ ਰਵਿਦਾਸ ਜੀ ਦਾ ਜੀਵਨ ਧਾਰਮਿਕ ਪੱਖ ਤੋਂ ਇੰਨੀ ਉੱਚੀ ਬੁਲੰਦੀ ਨੂੰ ਛੂਹ ਗਿਆ ਕਿ ਰੱਬ ਨੂੰ ਵੀ ਪ੍ਰੇਮ ਬੰਧਨ ਵਿੱਚ ਬੰਨ੍ਹ ਲਿਆ। ਸਾਚੀ ਪ੍ਰੀਤ ਨੇ ਸਾਰੇ ਭੇਦ ਭਾਵ ਮਿਟਾ ਦਿੱਤੇ, ਉਹਨਾਂ ਦੀ ਰਸਨਾ ਤੋਂ ਉਚਾਰੇ ਚਾਲ੍ਹੀ ਸ਼ਬਦ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਵਿੱਚ ਸ਼ਾਮਿਲ ਹੋ ਕੇ "ਬਾਣੀ ਗੁਰੂ, ਗੁਰੂ ਹੈ ਬਾਣੀ॥" ਦਾ ਦਰਜਾ ਪ੍ਰਾਪਤ ਕਰ ਗਏ ਹਨ।

ਇਤਿਹਾਸ ਪੱਖੋਂ ਭਾਵੇਂ ਬਹੁਤੀ ਸਮੱਗਰੀ ਉਪਲਬਧ ਨਹੀਂ, ਪਰ ਫਿਰ ਵੀ ਕੁਝ ਕੁ ਇਤਿਹਾਸਕ ਅੱਖਰਾਂ ਵਿੱਚੋਂ ਅਤੇ ਉਹਨਾਂ ਦੇ ਆਪਣੇ ਉਚਾਰੇ ਅੰਮ੍ਰਿਤਮਈ ਬੋਲਾਂ ਵਿੱਚੋਂ ਜੋ ਕੁਝ ਪ੍ਰਾਪਤ ਹੁੰਦਾ ਹੈ, ਉਸ ਅਨੁਸਾਰ ਆਪ ਜੀ ਦਾ ਪ੍ਰਕਾਸ਼ ਅਸਥਾਨ ਬਨਾਰਸ ਦਾ ਇਲਾਕਾ ਹੈ। ਕਾਰੋਬਾਰ ਚਮੜੇ ਦਾ ਹੋਣ ਕਰਕੇ ਜਾਤੀ ਚਮਾਰ ਸੀ। ਅਕਸਰ ਰੱਬੀ ਰੂਹਾਂ ਵਾਂਗ ਇਹਨਾਂ ਨੇ ਵੀ ਗਰੀਬੀ ਦੇ ਪੰਘੂੜੇ ਵਿੱਚ ਹੀ ਰੱਬੀ ਮੌਜ ਨੂੰ ਮਾਣਿਆ। ਸਮੇਂ ਦੇ ਅਖੌਤੀ ਧਰਮੀਆਂ ਨੇ ਧਰਮ ਨੂੰ ਆਪਣੀ ਹੀ ਵਿਰਾਸਤ ਸਮਝਣ ਕਰਕੇ ਬਹੁਤ ਹੀ ਵਿਰੋਧਤਾ ਕੀਤੀ। ਜਾਤੀ ਹੰਕਾਰੀ ਵੀ ਆਪ ਜੀ ਦੀ ਹੋਂਦ ਨੂੰ ਖਤਮ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਉਂਦੇ ਰਹੇ, ਪਰ ਜਿਨ੍ਹਾਂ ਦੀਆਂ ਪ੍ਰੀਤਾਂ ਹੀ "ਨੀਚਹ ਊਚ ਕਰੈ ਮੇਰਾ ਗੋਬਿੰਦੁ..॥" ਨਾਲ ਪੈ ਗਈਆਂ ਹੋਣ, ਫਿਰ ਉਨ੍ਹਾਂ ਦੀ ਪ੍ਰਤਿਭਾ ਨੂੰ ਮਿਟਾਉਣ ਵਾਲੇ ਤਾਂ ਮਿੱਟ ਜਾਂਦੇ ਹਨ, ਪਰ ਉਹ ਸਦਾ ਲਈ ਅਮਿੱਟ ਹੋ ਜਾਂਦੇ ਹਨ।

ਮਾਤਾ ਪਿਤਾ ਨੇ ਆਪਣੇ ਫ਼ਰਜ਼ਾਂ ਦੀ ਪੂਰਤੀ ਕਰਦਿਆਂ ਆਪ ਜੀ ਦੀ ਸ਼ਾਦੀ ਕਰ ਦਿੱਤੀ। ਇਸ ਜ਼ਿੰਮੇਵਾਰੀ ਦਾ ਭਾਰ ਬਾਖੂਬੀ ਉਠਾਉਂਦਿਆਂ ਹੋਇਆਂ ਵੀ ਆਪਣੇ ਸੁਨਹਿਰੀ ਸਿਧਾਂਤਾਂ ਵਿੱਚ ਕੋਈ ਤਬਦੀਲੀ ਨਾ ਕੀਤੀ। ਮਾਇਆ ਦੀ ਦੁਨੀਆਂ ਨੇ ਕਈ ਕੌਤਕ ਦਰਸਾਏ, ਪਰ ਆਖਿਰ ਦਾਸੀ ਬਣ ਕੇ ਹੀ ਰਹਿਣਾ ਪਿਆ ਭਾਵ ਮਾਇਆ ਵੀ ਕੁਝ ਨਾ ਕਰ ਸਕੀ।

ਜਿੱਥੇ ਹੰਕਾਰੀ, ਕੱਟੜ ਲੋਕ ਆਪ ਜੀ ਦੀ ਵਿਰੋਧਤਾ ਵਿੱਚ ਹੀ ਲੱਗੇ ਰਹੇ ਅਤੇ ਨੇੜੇ ਰਹਿ ਕੇ ਵੀ ਖਾਲੀ ਰਹਿ ਗਏ, ਉੱਥੇ ਦੂਜੇ ਪਾਸੇ ਦੂਰੋਂ ਦੂਰੋਂ ਰਾਜੇ ਰਾਣੀਆਂ ਵੀ ਆਪ ਜੀ ਦੇ ਦਰ ਤੋਂ ਸੱਚੀ ਸਿੱਖਿਆ ਪ੍ਰਾਪਤ ਕਰਕੇ ਆਪ ਜੀ ਦੇ ਸੇਵਕ ਬਣ ਕੇ ਜੀਵਨ ਦੀਆਂ ਸਿਖਰਾਂ ਨੂੰ ਛੂਹ ਗਏ। ਇਨ੍ਹਾਂ ਵਿੱਚੋਂ ਰਾਣਾ ਸਾਂਗਾ ਦੀ ਪਤਨੀ, ਜੋ ਚਿਤੌੜ ਦੇ ਇਲਾਕੇ ਦਾ ਮੁਖੀਆ ਸੀ, ਕੁਝ ਪੰਡਿਤਾਂ ਨਾਲ ਤੀਰਥ ਯਾਤਰਾ ਕਰਦੀ ਹੋਈ ਜਦੋਂ ਨਿਰਾਸਤਾ ਵਿੱਚ ਹੀ ਭਟਕ ਰਹੀ ਸੀ ਤਾਂ ਉਸ ਦੀ ਤਸੱਲੀ ਰਵਿਦਾਸ ਜੀ ਮਹਾਰਾਜ ਕੋਲ ਆ ਕੇ ਹੀ ਹੋਈ, ਗੁਰੂ ਧਾਰਨ ਕਰਕੇ ਜਦੋਂ ਉਹ ਵਾਪਸ ਮੁੜੀ ਤਾਂ ਜਿਹੜੇ ਉੱਚ ਜਾਤੀਏ ਲੋਕ ਤੀਰਥਾਂ ਦੀ ਯਾਤਰਾ ਦੇ ਨਾਂ 'ਤੇ ਮਨੁੱਖਤਾ ਨੂੰ ਲੁੱਟ ਰਹੇ ਸਨ, ਉਹ ਕਿਵੇਂ ਬਰਦਾਸ਼ਤ ਕਰਦੇ। ਉਨ੍ਹਾਂ ਦੀ ਸ਼ਿਕਾਇਤ 'ਤੇ ਜਦੋਂ ਦੋਨਾਂ ਧਿਰਾਂ ਨੂੰ ਬੁਲਾ ਕੇ ਸੱਚ ਦਾ ਨਿਤਾਰਾ ਕੀਤਾ ਤਾਂ ਰਾਣੀ ਦੇ ਗੁਰੂ ਦਾ ਦਰਸਾਇਆ ਸੱਚ; ਕੂੜ ਦੇ ਪਾਜ ਖੋਲ੍ਹਦਾ ਹੋਇਆ ਜਿੱਤ ਪ੍ਰਾਪਤ ਕਰ ਗਿਆ: "ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ; ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥" (ਭਗਤ ਰਵਿਦਾਸ/੧੨੯੩)

16 ਰਾਗਾਂ ਵਿੱਚ ਆਏ ਚਾਲ੍ਹੀ ਸ਼ਬਦਾਂ ਵਿੱਚੋਂ ਇਨ੍ਹਾਂ ਦੀ ਜਿਹੜੀ ਸ਼ਖ਼ਸੀਅਤ ਉਭਰ ਕੇ ਸਾਹਮਣੇ ਆਉਂਦੀਹੈ, ਉਸ ਅਨੁਸਾਰ ਆਪ ਜੀ ਇਕ ਨਿਰਗੁਣ (ਅਦ੍ਰਿਸ਼ ਸ਼ਕਤੀ ਦੀ) ਭਗਤੀ ਭਾਵ ਦੇ ਰਾਹ ਨੂੰ ਅਪਣਾ ਕੇ ਸੱਚੀ ਪ੍ਰੀਤ ਦਾ ਸਦਕਾ ਹਰੇਕ ਫਰਕ ਮਿਟਾ ਕੇ ਪਰਮੇਸ਼ਰ ਰੂਪ ਹੋ ਗਏ ਹਨ। ਅਨੇਕਾਂ ਭੁੱਲੇ-ਭਟਕਿਆਂ ਨੂੰ ਸਗੋਂ ਵਕਤੀ ਰਮਜ਼ਾਂ ਨਾਲ ਸਮਝਾਉਂਦੇ ਰਹੇ ਕਿ ਗੰਗਾ ਆਦਿਕ ਦੇ ਇਸ਼ਨਾਨ, ਠਾਕੁਰਾਂ ਦੀ ਪੂਜਾ ਦਾ ਪਾਖੰਡ, ਝੂਠੀਆਂ ਆਰਤੀਆਂ ਦੇ ਢਕੌਂਸਲੇ ਇਹ ਸਭ ਕੁਝ ਰੱਬ ਤੋਂ ਦੂਰ ਤਾਂ ਕਰ ਸਕਦਾ ਹੈ, ਪਰ ਨੇੜਤਾ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।

ਸੰਸਾਰਿਕ ਵਿੱਦਿਆ ਪ੍ਰਾਪਤੀ ਦਾ ਸੰਕੇਤ ਭਾਵੇਂ ਕਿਧਰੋਂ ਵੀ ਪ੍ਰਾਪਤ ਨਹੀਂ ਹੁੰਦਾ, ਪਰ ਫਿਰ ਵੀ ਆਪ ਜੀ ਵੱਲੋਂ ਉਚਾਰੇ ਅੰਮ੍ਰਿਤ ਬਚਨਾਂ ਵਿੱਚ ਪੰਡਿਤਾਈ ਵਾਲੀਆਂ ਗੁੰਝਲਾਂ ਦੀ ਥਾਂ ਸਾਦਗੀ ਭਰਪੂਰ ਹੈ, ਪਰ ਹਰ ਬਚਨ ਪਾਰਬ੍ਰਹਮ ਦੇ ਰਹੱਸ ਦਾ ਭੇਦ ਖੋਲ੍ਹ ਕੇ ਆਤਮਾ ਨੂੰ ਪਰਮਾਤਮਾ ਦੇ ਮਿਲਾਪ ਲਈ ਚਾਅ ਪੈਦਾ ਕਰਦਾ ਹੈ।ਕਬੀਰ ਸਾਹਿਬ ਜੀ ਦੇ ਸਲੋਕ ਬਾਣੀ ਵਿੱਚ ਅੰਕਿਤ ਹਨ। ਕਬੀਰ ਸਾਹਿਬ ਜੀ ਦੀ ਬਾਣੀ ਵਿੱਚ ਇਕ ਅਦਭੁੱਤ ਗੱਲ ਹੈ ਕਿ ਕਬੀਰ ਸਾਹਿਬ ਨੇ 212 ਅਤੇ 213 ਨੰਬਰ ਸਲੋਕਾਂ ਵਿੱਚ ਭਗਤ ਨਾਮਦੇਵ ਜੀ ਅਤੇ ਤ੍ਰਿਲੋਚਨ ਜੀ ਦੀ ਵਾਰਤਾ ਦਾ ਜ਼ਿਕਰ ਕੀਤਾ ਹੈ, ਜਦ ਕਿ ਭਗਤ ਨਾਮਦੇਵ ਜੀ ਅਤੇ ਤ੍ਰਿਲੋਚਨ ਜੀ ਦੀ ਆਪਣੀ ਬਾਣੀ ਵੀ ਸ਼ਾਮਿਲ ਹੈ, ਪਰ "ਨਾਮਾ ਮਾਇਆ ਮੋਹਿਆ..॥" ਵਾਲੇ ਤੇ "ਹਾਥ ਪਾਉ ਕਰਿ ਕਾਮੁ ਸਭੁ..॥" ਵਾਲੇ ਦੋ ਸਲੋਕ ਭਗਤ ਕਬੀਰ ਸਾਹਿਬ ਜੀ ਦੀ ਰਚਨਾ ਹਨ, ਪਰ ਇਸ ਵਿੱਚ ਵਾਰਤਾ ਨਾਮਦੇਵ ਜੀ ਅਤੇ ਤ੍ਰਿਲੋਚਨ ਜੀ ਦੀ ਹੈ। ਇਸੇ ਤਰ੍ਹਾਂ 242 ਨੰਬਰ ਸਲੋਕ ਭਾਵ ਸਮਾਪਤੀ ਦੇ ਇਕ ਸਲੋਕ ਤੋਂ ਪਹਿਲਾਂ, ਜੋ ਸਲੋਕ ਦਰਜ ਹੈ, ਉਹ ਹੈ:

"ਹਰਿ ਸੋ ਹੀਰਾ ਛਾਡਿ ਕੈ; ਕਰਹਿ ਆਨ ਕੀ ਆਸ ॥ ਤੇ ਨਰ ਦੋਜਕ ਜਾਹਿਗੇ; ਸਤਿ ਭਾਖੈ ਰਵਿਦਾਸ ॥" (ਭਗਤ ਕਬੀਰ/1377)

ਇਹ ਸਲੋਕ ਰਵਿਦਾਸ ਜੀ ਮਹਾਰਾਜ ਦਾ ਨਹੀਂ ਬਲਕਿ ਯਾਦ ਰੱਖਣਯੋਗ ਗੱਲ ਹੈ ਕਿ ਇਹ ਸਲੋਕ ਭਗਤ ਕਬੀਰ ਸਾਹਿਬ ਜੀ ਦਾ ਹੈ ਪਰ ਵੀਚਾਰ ਰਵਿਦਾਸ ਮਹਾਰਾਜ ਜੀ ਦਾ ਪ੍ਰਗਟ ਕਰ ਰਹੇ ਹਨ।ਵਿਦਵਾਨਾਂ ਦੀ ਬਹੁਮਤਿ ਅਨੁਸਾਰ ਭਗਤ ਰਵਿਦਾਸ ਜੀ ਦਾ ਜਨਮ 1376 ਈ: ਦਾ ਹੈ ਅਤੇ 1491 ਈ: ਵਿੱਚ ਜੋਤੀ ਜੋਤਿ ਸਮਾਉਣ ਕਰਕੇ ਸਰੀਰਕ ਜੀਵਨ ਯਾਤਰਾ ਦਾ ਕੁਲ ਸਮਾਂ ਲਗਪਗ 115 ਸਾਲ ਦੇ ਨੇੜੇ ਜਾ ਪਹੁੰਚਦਾ ਹੈ। ਇਹ ਸਰੀਰਕ ਜਾਮੇ ਦੀ ਗੱਲ ਹੈ, ਪਰ 1604 ਈ: ਨੂੰ ਆਪ ਜੀ ਦੇ ਇਨ੍ਹਾਂ 40 ਸ਼ਬਦਾਂ ਨੂੰ ਗੁਰੂ ਅਰਜਨ ਸਾਹਿਬ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਕਰਕੇ ਸਦੀਵ ਕਾਲ ਲਈ ਅਮਰ ਕਰ ਦਿੱਤਾ। ਹੁਣ ਇਨ੍ਹਾਂ ਬਚਨਾਂ ਦਾ ਪ੍ਰਕਾਸ਼ ਦਿਵਸ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਦਿਵਸ ਤਾਂ ਮਨਾਇਆ ਜਾਂਦਾ ਹੈ, ਪਰ ਕਦੇ ਅੰਤਿਮ ਦਿਨ ਨਹੀਂ ਮਨਾਇਆ ਜਾਂਦਾ ਤੇ ਨਾ ਹੀ ਮਨਾਇਆ ਜਾਏਗਾ।

# ਭਗਤ ਰਵਿਦਾਸ ਦਾ ਬੇਗਮਪੁਰਾ ਨਗਰੀ ਦਾ ਸੰਕਲਪ

**ਬਹਾਦਰ ਸਿੰਘ ਗੋਸਲ**

ਭਗਤ ਰਵਿਦਾਸ ਜੀ ਮੱਧਕਾਲੀ ਭਾਰਤ ਦੇ ਮਹਾਨ ਸੰਤ ਅਤੇ ਕਵੀ ਸਨ, ਜਿਨ੍ਹਾਂ ਦਾ ਸਿੱਖ ਧਰਮ ਵਿੱਚ ਬਹੁਤ ਸਤਿਕਾਰ ਹੈ। ਉਨ੍ਹਾਂ ਨੂੰ ਪੰਜਵੇਂ ਗੁਰੂ ਅਰਜਨ ਦੇਵ ਜੀ ਵੱਲੋਂ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਕੀਤੇ ਗਏ 15 ਭਗਤਾਂ 'ਚੋਂ ਇੱਕ ਹੋਣ ਦਾ ਮਾਣ ਪ੍ਰਾਪਤ ਹੈ। ਉਨ੍ਹਾਂ ਦਾ ਜਨਮ ਸੀਰ ਗੋਵਰਧਨਪੁਰ ਨੇੜੇ ਬਨਾਰਸ ਵਿੱਚ ਸਤੋਖ ਦਾਸ ਅਤੇ ਮਾਤਾ ਕਲਸੀ ਦੇਵੀ ਦੇ ਘਰ ਹੋਇਆ ਸੀ। ਉਨ੍ਹਾਂ ਦੇ ਵੱਡੇ-ਵਡੇਰੇ ਅਜਿਹੇ ਪਰਿਵਾਰ ਨਾਲ ਸਬੰਧਿਤ ਸਨ, ਜਿਸ ਨੂੰ ਸਮੇਂ ਦੇ ਲਿਹਾਜ ਨਾਲ ਨੀਵੀਂ ਜਾਤ ਸਮਝਿਆ ਜਾਂਦਾ ਸੀ।

ਉਸ ਸਮੇਂ ਦੀ ਜਾਤੀ ਵੰਡ ਕਾਰਨ ਇਸ ਨੀਵੀਂ ਜਾਤ ਨੂੰ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਦੁੱਖ ਝੱਲਣੇ ਪੈ ਰਹੇ ਸਨ। ਤਾਂ ਸੁਭਾਵਕ ਸੀ ਕਿ ਭਗਤ ਰਵਿਦਾਸ ਜੀ ਨੇ ਵੀ, ਇਸ ਜਾਤੀ ਦੇ ਦੂਜੇ ਭਗਤਾਂ ਜਾਂ ਬਾਣੀਕਾਰਾਂ ਦੀ ਤਰ੍ਹਾਂ ਸਮਾਜ ਦਾ ਉਹ ਦੁਖਾਂਤ ਆਪਣੇ ਜੀਵਨ ਵਿੱਚ ਹੰਢਾਇਆ ਸੀ। ਫਿਰ ਵੀ ਭਗਤ ਰਵਿਦਾਸ ਜੀ ਨੇ ਜੋ ਬਾਣੀ ਰਚੀ ਹੈ, ਉਸ ਵਿੱਚ ਸਮਕਾਲੀ ਸਮਾਜ ਦੇ ਸ਼ਾਸਕ ਦੀ ਜ਼ਾਲਮਾਨਾ ਰੁਚੀ ਅਤੇ ਪੁਜਾਰੀ ਵਰਗ ਦੇ ਹੰਕਾਰੀ ਵਤੀਰੇ ਨੂੰ ਮਨਜ਼ੂਰ ਨਾ ਕਰਦਿਆਂ ਕਿਸੇ ਤਰ੍ਹਾਂ ਦੀ ਭੜਕਾਹਟ ਨਜ਼ਰ ਨਹੀਂ ਆਉਂਦੀ ਪਰ ਉਹ ਸ਼ਾਸਕ ਦੇ ਜ਼ੁਲਮ ਦੇ ਤਰੀਕੇ ਅਤੇ ਪੁਜਾਰੀਆਂ ਦੇ ਕਰਮ-ਕਾਂਡਾਂ ਨੂੰ ਨਕਾਰਦੇ ਹਨ। ਉਨ੍ਹਾਂ ਨੂੰ ਇਸ ਗੱਲ ਦਾ ਭਲੀ-ਭਾਂਤ ਅਹਿਸਾਸ ਸੀ ਕਿ ਉਨ੍ਹਾਂ ਨੂੰ ਆਪ ਅਤੇ ਉਨ੍ਹਾਂ ਦੇ ਭਾਈਚਾਰੇ ਨੂੰ ਅਤਿ ਗਰੀਬ ਅਤੇ ਨਿਤਾਣੇ ਹੋਣ ਕਾਰਨ ਹਰ ਕੋਈ ਹਾਸਾ-ਠੱਠਾ ਕਰਦਾ ਹੈ ਤਾਂ ਹੀ ਉਹ ਆਪਣੀ ਬਾਣੀ ਵਿੱਚ ਲਿਖਦੇ ਹਨ:

ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ॥

ਡਾ. ਜਸਬੀਰ ਸਿੰਘ ਸਾਬਰ ਆਪਣੀ ਪੁਸਤਕ 'ਸਿੱਖ ਧਰਮ ਅਧਿਐਨ' ਵਿੱਚ ਲਿਖਦੇ ਹਨ ਕਿ ਹਿੰਸਾਤਮਕ ਕਾਰਵਾਈਆਂ ਨਾਲ ਰਾਜ ਪਲਟਾ ਲਿਆਉਣਾ, ਕੌੜੇ, ਤੇਜ ਤਰਾਰ ਬੋਲਾਂ ਰਾਹੀਂ ਮਾਨਵ-ਚੇਤਨਾ ਵਿੱਚ ਡਰ ਦੀ ਭਾਵਨਾ ਪੈਦਾ ਕਰਕੇ ਸਮਾਜਿਕ ਕ੍ਰਾਂਤੀ ਲਿਆਉਣਾ, ਜਬਰੀ ਧਾਰਮਿਕ ਰਸਮਾਂ ਦਾ ਪ੍ਰਚਲਨ ਕਰਨਾ ਅਤੇ ਆਰਥਿਕ ਪੱਧਰ 'ਤੇ ਲੁੱਟ-ਖਸੁੱਟ ਕਰਨਾ ਭਗਤ ਰਵਿਦਾਸ ਜੀ ਦਾ ਜੀਵਨ-ਦਰਸ਼ਨ ਦਾ ਉਦੇਸ਼ ਨਹੀਂ ਸੀ। ਉਨ੍ਹਾਂ ਦਾ ਮੰਨਣਾ ਸੀ ਕਿ ਜਗਤ-ਪ੍ਰੇਮ ਪਿਆਰ ਨਾਲ ਹੀ ਮਨੁੱਖ ਦੇ ਉਦੇਸ਼ਾਂ ਦੀ ਪ੍ਰਾਪਤੀ ਹੋ ਸਕਦੀ ਹੈ। ਵੱਡੇ ਰਾਜਿਆਂ ਅਤੇ ਪੁਜਾਰੀਆਂ ਦੇ ਦਿਲ ਜਿੱਤਣ ਅਤੇ ਉਨ੍ਹਾਂ ਦੇ ਦਿਮਾਗ ਬਦਲਣ ਦਾ ਕੰਮ ਅਧਿਆਤਮਿਕ ਅਤੇ ਨੈਤਿਕ ਸ਼ਕਤੀ ਨਾਲ ਹੀ ਕੀਤਾ ਜਾ ਸਕਦਾ ਹੈ।

ਇਹ ਗੱਲ ਵੀ ਸੱਚ ਸੀ ਕਿ ਜਾਤ-ਪਾਤ, ਊਚ-ਨੀਚ ਦਾ ਕੋਹੜ ਸਿਰਫ ਭਾਰਤੀ ਲੋਕਾਂ ਨੂੰ ਹੀ ਚਿੰਬੜਿਆ ਹੋਇਆ ਸੀ ਅਤੇ ਹਿੰਦੁਸਤਾਨੀ ਲੋਕਾਂ ਨੂੰ ਛੱਡ ਸੰਸਾਰ ਦੇ ਹੋਰ ਮੁਲਕਾਂ ਵਿੱਚ ਭਾਵੇਂ ਰੰਗ-ਭੇਦ ਭਾਵ ਤਾਂ ਭਾਵੇਂ ਹੈ ਪਰ ਜਾਤੀਵਾਦ ਪ੍ਰਥਾ ਕਿਤੇ ਵੀ ਨਹੀਂ ਸੀ। ਬਾਹਰਲੇ ਮੁਲਕਾਂ ਵਿੱਚ ਤਾਂ ਛੋਟੀ ਜਾਤਾਂ ਦੇ ਜਾਂ ਕਹਿ ਲਵੋ ਸਮਾਜ ਵਿੱਚ ਛੋਟਾ ਕੰਮ ਕਰਨ ਵਾਲਿਆਂ ਦੀ ਪਛਾਣ ਸਿਰਫ ਉਨ੍ਹਾਂ ਦੇ ਕੰਮਾਂ ਨਾਲ ਹੀ ਹੁੰਦੀ ਸੀ ਅਤੇ ਆਮ ਕਰਕੇ ਲੋਕਾਂ ਦੀ ਪਛਾਣ ਦਾ ਆਧਾਰ ਉਸ ਦਾ ਆਰਥਿਕ ਪੱਧਰ ਅਤੇ ਰਹਿਣ-ਸਹਿਣ ਹੀ ਸੀ। ਅਸਲ ਵਿੱਚ ਭਗਤ ਰਵਿਦਾਸ ਜੀ ਮਾਨਵ ਪਿਆਰ ਦੇ ਭੁੱਖੇ ਸਨ ਅਤੇ ਮਨੁੱਖਤਾ ਦਾ ਪਿਆਰ ਹੀ ਉਨ੍ਹਾਂ ਦੇ ਰੋਮ-ਰੋਮ ਵਿੱਚ ਰਚਿਆ ਹੋਇਆ ਸੀ। ਉਨ੍ਹਾਂ ਨੇ ਪਿਆਰ ਦੇ ਇਸ ਅਥਾਹ ਸਮੁੰਦਰ 'ਚੋਂ ਮਾਨਵ-ਜਾਤੀ ਨੂੰ ਰੱਜ ਕੇ ਪਿਆਰ ਵੰਡਿਆ। ਦੂਜਾ ਉਹ ਆਮ ਲੋਕਾਂ ਦੀ ਲੁੱਟ ਦੇ ਵਿਰੁੱਧ ਸਨ ਅਤੇ ਚਾਹੁੰਦੇ ਸਨ ਕਿ ਹਰ ਕੋਈ ਰੋਜ਼ੀ-ਰੋਟੀ ਕਮਾਵੇ। ਇਹ ਗੱਲ ਵੀ ਕਮਾਲ ਦੀ ਹੀ ਸੀ ਕਿ ਭਗਤ ਰਵਿਦਾਸ ਜੀ ਨੂੰ ਰਾਜੇ, ਰਾਣੀਆਂ ਅਤੇ ਧਨਾਢਾਂ ਵਲੋਂ ਬੇ-ਸ਼ੁਮਾਰ ਧਨ-ਦੌਲਤ ਦੇਣ ਦੀ ਪੇਸ਼ਕਸ਼ ਹੁੰਦੀ ਸੀ ਪਰ ਉਹ ਸਦਾ ਕੁਝ ਲੈਣ ਲਈ ਮਨ੍ਹਾਂ ਕਰ ਦਿੰਦੇ ਸਨ ਕਿਉਂਕਿ ਉਨ੍ਹਾਂ ਦਾ ਵਿਚਾਰ ਸੀ ਕਿ ਖੁਦ ਆਪਣੀ ਰੋਟੀ-ਰੋਜ਼ੀ ਆਪਣੇ ਪਰਿਵਾਰਕ ਕਿੱਤੇ ਨੂੰ ਜਾਰੀ ਰੱਖ ਕੇ ਕਮਾਉਣਾ ਹੀ ਚੰਗਾ ਹੈ, ਜਿਸ ਨਾਲ ਕਿਰਤ ਦੀ ਰਵਾਇਤ ਸੁਦ੍ਰਿੜ ਹੁੰਦੀ ਹੈ। ਉਨ੍ਹਾਂ ਦਾ ਮੰਨਣਾ ਸੀ ਕਿ ਰਾਜੇ ਅਤੇ ਧਨਾਢ ਲੋਕ ਤਾਂ ਕੋਠੀਆਂ, ਡੇਰਿਆਂ ਜਾਂ ਮਹਿਲਾਂ ਦੀ ਉਸਾਰੀ ਵਿਚ ਲੱਗੇ ਰਹਿੰਦੇ ਹਨ ਅਤੇ ਆਪਣਾ ਹੰਕਾਰ ਘੱਟ ਕਰਕੇ ਕਦੇ ਵੀ ਗਰੀਬ ਸਮਾਜ ਦੀ ਸੇਵਾ ਵੱਲ ਨਹੀਂ ਲੱਗਦੇ। ਪਰ ਭਗਤ ਜੀ ਨੇ ਇੱਕ ਨਵੀਂ ਜੁਗਤ ਦੱਸੀ ਕਿ ਰਾਜ ਸੱਤਾ ਨੂੰ ਅਧਿਆਤਮਿਕਤਾ ਦੇ ਅਧੀਨ ਲਿਆਂਦਾ ਜਾਵੇ ਕਿਉਂਕਿ ਧਰਮ-ਜੁਗਤ ਰਾਜ ਸੱਤਾ ਹੀ ਆਮ ਲੋਕਾਂ ਦਾ ਸ਼ੋਸ਼ਣ ਬੰਦ ਕਰਕੇ ਉਸ ਦਾ ਕਲਿਆਣ ਕਰ ਸਕਦੀ ਹੈ।

ਮਨੁੱਖਤਾ ਲਈ ਪਿਆਰ, ਅਧਿਆਤਮਿਕਤਾ ਪ੍ਰਮੁੱਖ ਅਤੇ ਮਨੁੱਖਾਂ ਦੇ ਦੁੱਖਾਂ ਤੋਂ ਛੁਟਕਾਰੇ ਲਈ ਉਨ੍ਹਾਂ ਨੇ 'ਬੇਗਮਪੁਰਾ ਨਗਰੀ' ਦਾ ਸੰਕਲਪ ਬਣਾਇਆ ਪਰ ਉਹ ਇਸ ਸੰਕਲਪ ਦੇ ਹਾਮੀ ਹੋਣ ਦੇ ਨਾਲ ਕਿਸੇ ਤਰ੍ਹਾਂ ਦੀ ਵਿਸ਼ੇਸ਼ ਉਤੇਜਨਾ ਜਾਂ ਭੜਕਾਹਟ ਦਾ ਸੰਦੇਸ਼ ਨਹੀਂ ਦਿੰਦੇ। ਉਹ ਤਾਂ ਸੰਤੁਲਤ ਮਨ ਨਾਲ ਆਪਣੇ ਪਿਆਰ ਭਰੀ ਜੁਗਤ ਨੂੰ ਨਿਰੰਤਰ ਜਾਰੀ ਰੱਖਦੇ ਹਨ। ਦਰਅਸਲ ਉਨ੍ਹਾਂ ਦੇ ਇਸ ਸੰਕਲਪ ਦਾ ਵਿਚਾਰ ਪੇਸ਼ ਕਰਨ ਦਾ ਮੁੱਖ ਕਾਰਨ ਵੀ ਇਹ ਹੀ ਸੀ ਕਿ ਮੱਧਕਾਲੀ ਭਾਰਤ ਵਿੱਚ ਸਿੱਖ ਗੁਰੂ-ਕਾਲ ਤੋਂ ਪਹਿਲਾਂ ਜਿੰਨੇ ਵੀ ਭਗਤਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੀ ਗਈ ਹੈ, ਉਨ੍ਹਾਂ ਬਾਣੀਕਾਰਾਂ ਅਤੇ ਭਗਤਾਂ ਨੇ ਅਖੌਤੀ ਨੀਵੀ ਜਾਤ ਕਾਰਨ ਆਪਣੇ ਸਮੇਂ ਦਾ ਨਰਕਮਈ ਜੀਵਨ ਭੋਗਿਆ ਸੀ। ਉਨ੍ਹਾਂ ਨੂੰ ਇਨ੍ਹਾਂ ਦੁੱਖਾਂ ਦਾ ਨਿੱਜੀ ਤੌਰ 'ਤੇ ਪਤਾ ਹੈ ਅਤੇ ਸਮਾਜ ਦੀ ਦੁਰਦਸ਼ਾ ਉਨ੍ਹਾਂ ਨੇ ਆਪਣੇ ਅੱਖੀਂ ਦੇਖੀ ਹੋਈ ਸੀ।

ਇਹ ਵੀ ਸੱਚ ਹੈ ਕਿ ਕਿਸੇ ਵੀ ਦਲਿਤ ਬਾਣੀਕਾਰ ਦੀ ਰਚਨਾ ਵਿੱਚ ਹਿੰਸਕ, ਪਲਾਇਨਵਾਦੀ ਜਾਂ ਬਦਲਾ ਲਊ ਸੋਚ ਦਾ ਪ੍ਰਗਟਾਵਾ ਨਹੀਂ ਕੀਤਾ ਗਿਆ। ਇਨ੍ਹਾਂ ਸਾਰੇ ਬਾਣੀਕਾਰਾਂ ਨੇ ਅਰੋਗ ਸੋਚ ਦੀ ਹੀ ਵਡਿਆਈ ਕੀਤੀ ਹੈ। ਸ਼ਾਇਦ ਉਨ੍ਹਾਂ ਦੇ ਇਸੇ ਗੁਣ ਕਰਕੇ ਗੁਰੂ ਅਰਜਨ ਦੇਵ ਨੇ ਉਨ੍ਹਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸਥਾਨ ਦਿੱਤਾ ਹੈ। ਬੇਗਮਪੁਰਾ ਨਗਰੀ ਦਾ ਸੰਕਲਪ ਬਿਲਕੁਲ ਨਵਾਂ, ਅਜਬ ਅਤੇ ਕਰੁਣਾਮਈ ਭਾਵਨਾ ਨਾਲ ਰੰਗਿਆ ਹੋਇਆ ਹੈ। ਭਗਤ ਰਵਿਦਾਸ ਦੇ ਸਮੇਂ ਟੈਕਸਾਂ ਕਾਰਨ ਲੋਕਾਂ ਵਿਚ ਖੌਫ਼ ਅਤੇ ਹਰ ਪਾਸੇ ਆਪੋ-ਧਾਪੀ ਸੀ। ਰਾਜਿਆਂ ਦੇ ਮਹਿਲਾਂ ਵਿੱਚ ਜਾਣ ਦੀ ਮਨਾਹੀ ਸੀ ਤੇ ਆਮ ਲੋਕਾਂ ਨੂੰ ਇਨਸਾਫ ਨਹੀਂ ਸੀ ਮਿਲਦਾ। ਇਸੇ ਲਈ ਭਗਤ ਰਵਿਦਾਸ ਜੀ ਨੇ ਬੇਗਮਪੁਰੇ ਦੇ ਸਕੰਲਪ ਦੀ ਉਸਾਰੀ ਕਰਨ ਤੋਂ ਪਹਿਲਾਂ ਉਨ੍ਹਾਂ ਸਾਰੇ ਤੱਥਾਂ ਅਤੇ ਅਲਾਮਤਾਂ ਨੂੰ ਚੰਗੀ ਤਰ੍ਹਾਂ ਘੋਖ ਕੇ ਨਿਸ਼ਾਨਦੇਈ ਕਰ ਲਈ ਸੀ। ਉਨ੍ਹਾਂ ਨੇ ਇਸੇ ਕਰਕੇ ਬੇਗਮਪੁਰੇ ਨਗਰੀ ਦਾ ਬਹੁਤ ਹੀ ਸੁੰਦਰ ਚਿੱਤਰਣ ਕੀਤਾ ਹੈ। ਇਸ ਬਚਿੱਤਰ ਨਗਰੀ ਵਿਚ ਵਸਨੀਕਾਂ ਨੂੰ ਕਿਸੇ ਪ੍ਰਕਾਰ ਦਾ ਦੁੱਖ, ਦਰਦ, ਡਰ, ਗਮ, ਪ੍ਰੇਸ਼ਾਨੀ ਨਹੀਂ ਹੋ ਸਕਦੀ। ਰਾਜਨੀਤਿਕ ਪ੍ਰਬੰਧ ਵਿਚ ਕਿਸੇ ਤਰ੍ਹਾਂ ਦੇ ਟੈਕਸ, ਖੌਫ਼, ਤਰਸ, ਖਤਾ ਦੀ ਕੋਈ ਥਾਂ ਨਹੀਂ ਹੈ। ਇਹ ਤਾਂ ਅਜਿਹੀ ਨਗਰੀ ਹੈ, ਜਿੱਥੇ ਖੁਸ਼ੀਆਂ ਦਾ ਵਾਸਾ ਹੋਵੇਗਾ ਅਤੇ ਸਦਾ ਹੀ ਅਕਾਲ ਪੁਰਖ ਦੀ ਰਹਿਮਤ ਦੀ ਵਰਖਾ ਨਿਰੰਤਰ ਹੋਣ ਨਾਲ ਹਰ ਪ੍ਰਕਾਰ ਦਾ ਖੈਰ-ਸੁੱਖ ਹੋਵੇਗਾ। ਇਸ ਨਗਰੀ ਦੇ ਵਸਨੀਕ ਹਰ ਤਰ੍ਹਾਂ ਦੀ ਗੁਲਾਮੀ ਤੋਂ ਮੁਕਤ ਹੋਣਗੇ ਅਤੇ ਸਭ ਨੂੰ ਮਹਿਲਾਂ ਵਿੱਚ ਜਾਣ ਦੀ ਆਜ਼ਾਦੀ ਹੋਵੇਗੀ। ਸਮਾਜ ਵਿੱਚ ਸੁੱਖ-ਸ਼ਾਂਤੀ ਅਤੇ ਸਾਰਾ ਹੀ ਮਾਨਵ-ਸਮਾਜ ਗ਼ਮ-ਰਹਿਤ ਹੋਵੇਗਾ। ਪਿਆਰ ਅਤੇ ਪ੍ਰੇਮ ਦੀ ਗੰਗਾ ਵਹਿੰਦੀ ਨਜ਼ਰ ਆਵੇਗੀ, ਜਾਤੀ-ਪ੍ਰਥਾ ਤੋਂ ਦੂਰ ਸਮਾਜ ਬਰਾਬਰਤਾ ਦਾ ਸੁੱਖ ਭੋਗੇਗਾ। ਉਨ੍ਹਾਂ ਨੇ ਬਹੁਤ ਹੀ ਸੁੰਦਰ ਸ਼ਬਦਾਂ ਵਿਚ ਦੱਸਿਆ ਹੈ:

ਬੇਗਮ ਪੁਰਾ ਸਹਰ ਕੋ ਨਾਉ॥
ਦੂਖੁ ਅੰਦੋਹੁ ਨਹੀ ਤਿਹਿ ਠਾਉ॥

ਭਗਤ ਜੀ ਨੇ ਜਿੱਥੇ ਇਸ ਸੰਕਲਪ ਨੂੰ ਕਿਰਤ ਕਰਨ, ਬਰਾਬਰਤਾ, ਪ੍ਰੇਮ ਭਾਈਚਾਰਾ, ਦੁੱਖ ਰਹਿਤ ਮਨੁੱਖੀ ਸਮਾਜ, ਆਜ਼ਾਦੀ ਅਤੇ ਅਧਿਆਤਮਿਕਤਾ ਨਾਲ ਜੋੜਿਆ, ਉੱਥੇ ਹੀ ਮਨੁੱਖਤਾ ਨੂੰ ਇੱਕ ਨਵੀਂ ਸੇਧ ਦੇ ਕੇ ਰਾਜਿਆਂ, ਧਨਾਢਾਂ, ਜ਼ਿਮੀਦਾਰਾਂ ਅਤੇ ਅਮੀਰ ਲੋਕਾਂ ਨੂੰ ਵੀ ਮਨੁੱਖਤਾ ਦੇ ਭਲੇ ਲਈ ਵੰਗਾਰਿਆ।

ਪਾਠਕਾਂ ਲਈ ਵਿਸ਼ੇਸ਼ ਸੂਚਨਾ

ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵੱਲੋਂ ਪਾਠਕਾਂ ਦੀ ਜਾਣਕਾਰੀ ਵਿੱਚ ਵਾਧਾ ਕਰਨ ਲਈ ਨਵੀਂ ਵੈਬਸਾਈਟ

www.amritsartimes.live

ਸ਼ੁਰੂ ਕੀਤੀ ਗਈ ਹੈ। ਜਿਸ ਵਿੱਚ ਦੇਸ਼ ਵਿਦੇਸ਼ ਵਿੱਚ ਹਰ ਦਿਨ ਵਾਪਰਦੀਆਂ ਘਟਨਾਵਾਂ ਦਾ ਵੇਰਵਾ, ਪੰਥਕ ਖ਼ਬਰਾਂ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਮਾਹਿਰ ਵਿਦਵਾਨਾਂ ਦੇ ਲੇਖ, ਵਿਸ਼ੇਸ਼ ਟਿੱਪਣੀਆਂ, ਕਵਰ ਸਟੋਰੀਆਂ, ਕਹਾਣੀਆਂ ਅਤੇ ਹੋਰ ਬਹੁਤ ਕੁਝ ਜਾਣਕਾਰੀ ਭਰਪੂਰ ਦੇਣ ਦਾ ਯਤਨ ਕੀਤਾ ਗਿਆ ਹੈ। ਇਕ ਵਾਰ ਜ਼ਰੂਰ ਵਿਜ਼ਟ ਕਰੋ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
LIKE & SHARE
www.amritsartimes.live
Please like and share



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ

ਗੁਰੂ ਹਰਿ ਰਾਇ ਸਾਹਿਬ ਜੀ ਦੇ ਆਦਰਸ਼ਕ ਗੁਰ ਵਿਅਕਤੀ ਦੇ ਗੁਣ ਦੇਖਦੇ ਹੋਏ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਪੋਤਰੇ ਨੂੰ ਸਿੱਖਾਂ ਦੇ ਸਤਵੀਂ ਪਾਤਿਸ਼ਾਹੀ ਦੀ ਗੁਰਗੱਦੀ ਸੌਂਪੀ। ਉਨ੍ਹਾਂ ਦੀ ਉਮਰ 14 ਸਾਲ ਸੀ। ਗੁਰੂ ਹਰਿ ਰਾਇ ਸਾਹਿਬ ਜੀ ਦੇ ਮਨ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਬੜਾ ਪ੍ਰਭਾਵ ਸੀ। ਉਨ੍ਹਾਂ ਦੀ ਨਿਗਰਾਨੀ ਹੇਠ ਆਪ ਜੀ ਨੂੰ ਅਧਿਆਤਮਕ, ਸੰਸਾਰਕ, ਵਿਹਾਰਕ, ਗੁਰਬਾਣੀ ਵਿਚਾਰ ਬੀਰ ਰਸ ਦੇ ਪ੍ਰਭਾਵਾਂ ਦੇ ਨਾਲ ਨਾਲ ਸ਼ਸਤਰ ਵਿਦਿਆ ਦੇ ਗਿਆਨ ਵਿੱਚ ਪ੍ਰਪੱਕ ਹੋਣ ਦਾ ਪ੍ਰਬੰਧ ਪ੍ਰਾਪਤ ਸੀ। ਛੋਟੀ ਉਮਰ ਵਿੱਚ ਹੀ ਆਪ ਸੰਤ ਸੁਭਾਅ ਅਤੇ ਕੋਮਲ ਹਿਰਦੇ ਦੇ ਮਾਲਕ ਸਨ। ਆਪ ਬਲਵਾਨ, ਵੀਰਤਾ ਅਤੇ ਸੇਵਾ ਦੇ ਪੁੰਜ ਸਨ। ਉਨ੍ਹਾਂ ਨੇ ਨਿਰਭਉ ਨਿਰਵੈਰ ਵਾਲਾ ਜੀਵਨ ਬਤੀਤ ਕੀਤਾ। ਉਨ੍ਹਾਂ ਨੂੰ ਇਹ ਸਿੱਖਿਆ ਮਿਲੀ ਹੋਈ ਸੀ ਕਿ ਸੰਸਾਰ ਵਿੱਚ ਵਿਚਰਦੇ ਸਮੇਂ ਸੰਜਮ ਵਿੱਚ ਰਹਿਣਾ ਹੈ। ਤਾਕਤ ਦੀ ਵਰਤੋ ਬੜੇ ਸੋਚ ਸਮਝ ਕੇ ਕਰਨੀ ਹੈ ਕਿ ਕੁਝ ਨਾਜਾਇਜ਼ ਨਾ ਹੋਵੇ। ਇਸੇ ਭਾਣੇ ਵਿੱਚ ਆਪ ਨੇ ਤਾਣ ਹੁੰਦਿਆਂ ਨਿਤਾਣੇ ਹੋ ਵਿਖਾਇਆ।

ਆਪ ਜੀ ਦਾ ਆਗਮਨ 16 ਜਨਵਰੀ 1630 ਈ. ਨੂੰ ਸ਼ੀਸ਼ ਮਹੱਲ ਕੀਰਤਪੁਰ ਹੁਣ ਜ਼ਿਲ੍ਹਾ ਰੋਪੜ ਪੰਜਾਬ ਵਿਖੇ ਬਾਬਾ ਗੁਰਦਿੱਤਾ ਜੀ ਤੇ ਮਾਤਾ ਨਿਹਾਲ ਕੌਰ ਜੀ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਦਾ ਵਿਆਹ 1640 ਈ. ਵਿੱਚ ਮਾਤਾ ਕ੍ਰਿਸ਼ਨਾ (ਸੁਲੱਖਣੀ) ਦੇ ਨਾਲ ਹੋਇਆ। ਆਪ ਜੀ ਦੇ ਦੋ ਪੁੱਤਰ ਰਾਮ ਰਾਇ ਅਤੇ ਹਰਿ ਕ੍ਰਿਸ਼ਨ (ਗੁਰੂ ) ਜੀ ਸਨ।

ਆਪ ਜੀ ਦੀ ਗੁਰਿਆਈ ਦਾ ਸਮਾਂ ਮਾਰਚ 1644 ਤੋਂ 20 ਅਕਤੂਬਰ 1666 ਈ. ਦਾ ਹੈ। ਉਹਨਾਂ ਨੇ ਗੁਰੂ ਨਾਨਕ ਦੇਵ ਜੀ ਦੀ ਸੋਚ, ਹੁਨਰ ਅਤੇ ਉਪਦੇਸ਼ ਨੂੰ ਅਗਾਂਹ ਤੋਰਿਆ। ਉਸ ਆਸ਼ੇ ਵਿੱਚ ਆਪ ਜੀ ਨੇ ਜ਼ਿੰਮੇਵਾਰੀਆਂ ਨਿਭਾਈਆਂ, ਆਪ ਨੇ ਸੰਗਤਾਂ ਵਿੱਚ ਚੜ੍ਹਦੀਕਲਾ ਦਾ ਜਜ਼ਬਾ ਭਰਿਆ ਕਿ ਅਧਿਆਤਮਕ ਉਚਾਈਆਂ ਦੇ ਨਾਲ ਨਾਲ ਧਰਮ ਵਿੱਚ ਵਿਸ਼ਵਾਸ ਨੂੰ ਨਹੀਂ ਤਿਆਗਣਾ। ਸਗੋਂ ਧਰਮ ਦੀ ਰੱਖਿਆ ਕਰਨੀ ਹੈ। ਜਿਸ ਲਈ ਜੀਵਨ ਘੋਲ ਘੁਮਾਉਣ ਲਈ ਹਮੇਸ਼ਾ ਤਿਆਰ ਰਹਿਣਾ ਹੈ। ਸਿੱਖ ਨਾ ਤਾਂ ਕਿਸੇ ਤੋਂ ਡਰਦਾ ਹੈ ਅਤੇ ਨਾ ਹੀ ਕਿਸੇ ਨੂੰ ਡਰਾਉਂਦਾ ਹੈ। ਨਿਰਭਊ ਨਿਰਵੈਰ ਹੈ। ਗੁਰੂ ਸਾਹਿਬ ਜੀ ਨੇ ਸੰਜਮ ਵਿੱਚ ਰਹਿਣ ਦਾ ਉਪਦੇਸ਼ ਦਿੱਤਾ ਕਿ ਥੋੜਾ ਖਾਣਾ, ਥੋੜਾ ਸੋਣਾ ਅਤੇ ਸਰੀਰ ਨੂੰ ਤੰਦਰੁਸਤ ਰੱਖਣਾ ਅਤੇ ਸਹਿਜ ਵਿੱਚ ਰਹਿਣਾ ਹੈ। ਲੋੜਵੰਦਾਂ ਦੀ ਖਿੜੇ ਮੱਥੇ ਸੇਵਾ ਕਰਨੀ ਹੈ। ਗੁਰੂ ਕੇ ਲੰਗਰਾਂ ਦੀ ਸੇਵਾ ਪ੍ਰਥਾ ਨੂੰ ਸਿੱਖਾਂ ਦੇ ਘਰਾਂ ਤਕ ਚਲਾਉਣ ਦੀ ਮਰਯਾਦਾ ਬਣਾ ਦਿੱਤੀ। ਉਹੀ ਲੰਗਰ ਸਫ਼ਲ ਮੰਨਿਆ ਜਾਵੇ ਜੋ ਹਰ ਸਮੇਂ ਹਰ ਪ੍ਰਾਣੀ ਮਾਤਰ ਲਈ ਵਰਤਾਇਆ ਜਾਵੇ। ਘਰ ਘਰ ਧਰਮਸਾਲ ਨਾਲ ਘਰ ਘਰ ਗੁਰੂ ਕੇ ਲੰਗਰਾਂ ਦੀ ਪ੍ਰਥਾ ਨੂੰ ਜੋੜ ਦਿੱਤਾ। ਸਿੱਖ ਦੇ ਘਰੋਂ ਕੋਈ ਭੁੱਖਾ ਨਾ ਜਾਵੇ। ਲੰਗਰਾਂ ਨੂੰ ਸਿੱਖੀ ਦੀ ਰਹਿਣੀ ਬਹਿਣੀ ਦਾ ਅਟੁੱਟ ਪ੍ਰਪੱਕ ਅੰਗ ਦੱਸਿਆ ਹੈ। ਇਸੇ ਉਪਦੇਸ਼ ਅਧੀਨ ਸਿੱਖ ਸੰਗਤਾਂ ਨੇ ਹਮੇਸ਼ਾ ਕੁਦਰਤੀ ਆਫ਼ਤਾਂ, ਮਹਾਂਮਾਰੀਆਂ ਵਿੱਚ ਬਿਮਾਰਾਂ , ਲਾਚਾਰਾਂ, ਲੋੜਵੰਦਾਂ ਦੀ ਤਨ,ਮਨ ਅਤੇ ਧਨ ਨਾਲ ਸੇਵਾ ਕਰਨ ਦੀ ਸੰਸਾਰ ਵਿੱਚ ਮਿਸਾਲ ਕਾਇਮ ਕੀਤੀ ਹੈ। ਆਪ ਜੀ ਨੂੰ ਗੁਰਿਆਈ ਬਖ਼ਸ਼ਣ ਵੇਲੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪ ਜੀ ਨੂੰ ਹਦਾਇਤ ਕੀਤੀ ਕਿ ਸਵੈ ਰੱਖਿਆ ਲਈ ਲੋੜ ਅਨੁਸਾਰ ਫ਼ੌਜ ਜ਼ਰੂਰ ਰੱਖਣੀ ਹੈ। ਤਦ ਹੀ ਤਾਂ 2200 ਘੋੜ ਸਵਾਰਾਂ ਦੀ ਫ਼ੌਜ ਹਮੇਸ਼ਾ ਤਿਆਰ ਰਹਿੰਦੀ ਸੀ। ਜੋ ਖ਼ਾਲਸੇ ਦੇ ਜੁਝਾਰੂ ਜਲੋਅ ਦਾ ਪ੍ਰਤੀਕ ਸੀ। ਇਸ ਤਰਾਂ ਗੁਰਾਂ ਨੇ ਮੀਰੀ ਪੀਰੀ ਦੀ ਮਰਯਾਦਾ ਨੂੰ ਕਾਇਮ ਰੱਖਿਆ। ਇਸੇ ਨੀਤੀ ਹੇਠ ਜਾਨ ਬਚਾਉਣ ਲਈ ਭੱਜੇ ਜਾਂਦੇ ਦਾਰਾ ਸ਼ਿਕੋਹ ਦੀ ਬੇਨਤੀ ’ਤੇ ਦਰਿਆ ਦੀਆਂ ਸਾਰੀਆਂ ਬੇੜੀਆਂ ਕਬਜ਼ੇ ਵਿੱਚ ਲੈ ਕੇ ਔਰੰਗਜ਼ੇਬ ਦੀ ਫ਼ੌਜ ਨੂੰ ਰੋਕੀ ਰੱਖਿਆ ਤਾਂ ਜੋ ਦਾਰਾ ਸ਼ਕੋਅ ਸੁਰੱਖਿਅਤ ਬੱਚ ਨਿਕਲਣ ਵਿੱਚ ਸਫਲ ਹੋ ਸਕੇ। ਜਿੱਥੇ ਆਪ ਸੰਗਤਾਂ ਨੂੰ ਨਾਮ ਦਾਨ ਦੇ ਕੇ ਸਫਲ ਜੀਵਨ ਦੇ ਰਾਹ ਪਾਉਂਦੇ ਸਨ, ਉੱਥੇ ਰੋਗੀਆਂ ਦੇ ਰੋਗ ਦੂਰ ਕਰਨ ਵਿੱਚ ਵੀ ਸਹਾਇਤਾ ਕਰਦੇ ਸਨ। ਇਸ ਲਈ ਸੰਗਤਾਂ ਨੂੰ ਹਦਾਇਤ ਕੀਤੀ ਸੀ ਕਿ ਲੰਗਰਾਂ ਵਿੱਚ ਜੋ ਵੀ ਰਸਦ ਵਸਤ ਅਤੇ ਸਮਾਨ ਆਵੇ ਬੜਾ ਸੰਭਾਲ ਕੇ ਰਖਣਾ ਹੈ ਤਾਂ ਜੋ ਕਿਸੇ ਸਮੇਂ ਜੇ ਲੋੜ ਪਵੇ ਤਾਂ ਕੋਈ ਚੀਜ਼ ਕੰਮ ਆ ਸਕੇ। ਇਸ ਤਰ੍ਹਾਂ ਆਪ ਜੀ ਕੋਲ ਕੀਮਤੀ ਵਸਤਾਂ ਦਾ ਵੱਡਾ ਭੰਡਾਰ ਹੋ ਗਿਆ। ਇਨ੍ਹਾਂ ਦੁਰਲੱਭ ਵਸਤਾਂ ਨੇ ਇੱਕ ਚੰਗੇ ਦਵਾਖ਼ਾਨੇ ਦਾ ਰੂਪ ਧਾਰ ਲਿਆ ਸੀ। ਲੋੜਵੰਦ ਰੋਗੀਆਂ ਨੂੰ ਵਸਤਾਂ ਮੁਫ਼ਤ ਦਵਾਈ ਦੇ ਰੂਪ ਵਿੱਚ ਵੰਡੀਆਂ ਜਾਂਦੀਆਂ ਸਨ ਤਾਂ ਜੋ ਉਹ ਨਿਰੋਗ ਰਹਿ ਸਕਣ। ਜਦ ਮੁਗਲ ਬਾਦਸ਼ਾਹ ਸ਼ਾਹ ਜਹਾਨ ਦਾ ਪੁੱਤਰ ਦਾਰਾ ਸ਼ਿਕੋਹ ਸਖ਼ਤ ਬਿਮਾਰ ਹੋ ਗਿਆ ਤਾਂ ਗੁਰੂ ਸਾਹਿਬ ਜੀ ਦੇ ਦਵਾਖ਼ਾਨੇ ਦੀਆਂ ਔਸ਼ਧੀਆਂ ਵਸਤਾਂ ਨਾਲ ਤੰਦਰੁਸਤ ਹੋ ਗਿਆ ਸੀ। ਉਸ ਨੇ ਬੜੀ ਸ਼ਰਧਾ ਭਾਵਨਾ ਨਾਲ ਕੀਰਤਪੁਰ ਸਾਹਿਬ ਜਾ ਕੇ ਗੁਰੂ ਜੀ ਦਾ ਸ਼ੁਕਰਾਨਾ ਕੀਤਾ। ਉਹ ਗੁਰੂ ਜੀ ਦੇ ਉਪਦੇਸ਼ ਸੁਣ ਕੇ ਅਤੇ ਪ੍ਰਬੰਧ ਵੇਖ ਕੇ ਬੜਾ ਪ੍ਰਭਾਵਿਤ ਹੋਇਆ।

*ਇਸ ਤਰ੍ਹਾਂ ਆਪ ਜੀ ਕੋਲ ਕੀਮਤੀ ਵਸਤਾਂ ਦਾ ਵੱਡਾ ਭੰਡਾਰ ਹੋ ਗਿਆ। ਇਨ੍ਹਾਂ ਦੁਰਲੱਭ ਵਸਤਾਂ ਨੇ ਇੱਕ ਚੰਗੇ ਦਵਾਖ਼ਾਨੇ ਦਾ ਰੂਪ ਧਾਰ ਲਿਆ ਸੀ। ਲੋੜਵੰਦ ਰੋਗੀਆਂ ਨੂੰ ਵਸਤਾਂ ਮੁਫ਼ਤ ਦਵਾਈ ਦੇ ਰੂਪ ਵਿੱਚ ਵੰਡੀਆਂ ਜਾਂਦੀਆਂ ਸਨ ਤਾਂ ਜੋ ਉਹ ਨਿਰੋਗ ਰਹਿ ਸਕਣ। ਜਦ ਮੁਗ਼ਲ ਬਾਦਸ਼ਾਹ ਸ਼ਾਹ ਜਹਾਨ ਦਾ ਪੁੱਤਰ ਦਾਰਾ ਸ਼ਿਕੋਹ ਸਖ਼ਤ ਬਿਮਾਰ ਹੋ ਗਿਆ ਤਾਂ ਗੁਰੂ ਸਾਹਿਬ ਜੀ ਦੇ ਦਵਾਖ਼ਾਨੇ ਦੀਆਂ ਔਸ਼ਧੀਆਂ ਨਾਲ ਤੰਦਰੁਸਤ ਹੋ ਗਿਆ ਸੀ। ਉਸ ਨੇ ਬੜੀ ਸ਼ਰਧਾ ਭਾਵਨਾ ਨਾਲ ਕੀਰਤਪੁਰ ਸਾਹਿਬ ਜਾ ਕੇ ਗੁਰੂ ਜੀ ਦਾ ਸ਼ੁਕਰਾਨਾ ਕੀਤਾ।*

ਗੁਰੂ ਸਾਹਿਬ ਜੀ ਦਾ ਦਾਰਾ ਸ਼ਿਕੋਹ ਨਾਲ ਮੇਲ ਮਿਲਾਪ ਵਧਦਾ ਵੇਖ ਕੇ, ਬਾਦਸ਼ਾਹ ਔਰੰਗਜ਼ੇਬ ਨੇ ਈਰਖਾ ਵੱਸ ਹੋ ਕੇ ਬ ਹਾਨੇ ਨਾਲ ਗੁਰੂ ਸਾਹਿਬ ਜੀ ਨੂੰ ਤਲਬ ਕਰਨਾ ਚਾਹਿਆ । ਗੁਰੂ ਸਾਹਿਬ ਜੀ ਨੇ ਆਪਣੇ ਵੱਡੇ ਸਾਹਿਬਜ਼ਾਦਾ ਰਾਮ ਰਾਇ ਜੀ ਨੂੰ ਭੇਜ ਦਿੱਤਾ। ਬਾਦਸ਼ਾਹ ਔਰੰਗਜ਼ੇਬ ਇੱਕ ਕੱਟੜ ਸ਼ਰੱਈ ਮੁਸਲਮਾਨ ਸੀ। ਉਹ ਲੋਕਾਂ ਦਾ ਜਬਰੀ ਧਰਮ ਪ੍ਰੀਵਰਤਣ ਕਰਵਾਉਣ ਦਾ ਆਦੀ ਸੀ। ਉਸਨੇ ਚਾਹਿਆ ਕਿ ਰਾਮ ਰਾਇ ਜੀ ਦਾ ਦਿਲ ਜਿੱਤ ਕੇ ਇਸ ਨੂੰ ਇਸਲਾਮ ਵਿੱਚ ਲਿਆਂਦਾ ਜਾਵੇ। ਧਰਮ ਗ੍ਰੰਥ ਦੀ ਟਿੱਪਣੀ ਦੇ ਬਹਾਨੇ ਬਾਦਸ਼ਾਹ ਨੇ ਕਿਹਾ ਕਿ ਤੁਹਾਡੇ ਧਰਮ ਗ੍ਰੰਥ ਵਿੱਚ ਦਰਜ ਹੈ ਕਿ ਮ:1 ॥ ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ॥ ਘੜਿ ਭਾਂਡੇ ਇਟਾ ਕੀਤਾ ਜਲਦੀ ਕਰੇ ਪੁਕਾਰ॥ ਅੰਗ 466॥ ਇਹ ਇਸਲਾਮ ਧਰਮ ਦੀ ਸਿੱਧੀ ਨਿਰਾਦਰੀ ਨਹੀਂ ? ਬਾਦਸ਼ਾਹ ਨਾਲ ਬਣਦਾ ਜਾਂਦਾ ਰਸੂਖ ਜਾਣ ਕੇ ਰਾਮ ਰਾਇ ਜੀ ਨੇ ਝੱਟ ਕਹਿ ਦਿੱਤਾ ਕਿ ਹਜ਼ੂਰ ਇੱਥੇ ਮਿਟੀ ਮੁਸਲਮਾਨ ਕੀ ਨਹੀਂ ਬਲਕਿ ਮਿਟੀ ਬੇਈਮਾਨ ਕੀ ਹੈ। ਬਾਦਸ਼ਾਹ ਨੇ ਉਸ ਦੀ ਚਤੁਰਤਾ ਤੋਂ ਖੁਸ਼ ਹੋ ਕੇ ਦੂਨ ਦਾ ਇਲਾਕਾ ਜਗੀਰ ਵਿੱਚ ਦੇ ਦਿੱਤਾ।

ਜਦੋਂ ਗੁਰੂ ਹਰਿ ਰਾਏ ਸਾਹਿਬ ਜੀ ਨੂੰ ਰਾਮ ਰਾਇ ਜੀ ਦੀ ਚਤੁਰਾਈ ਅਤੇ ਕਮਜ਼ੋਰੀ ਦਾ ਪਤਾ ਲਗਾ ਤਾਂ ਉਨ੍ਹਾਂ ਦਾ ਮਨ ਉਚਾਟ ਹੋਇਆ। ਗੁਰੂ ਸਾਹਿਬ ਜੀ ਅਸੂਲਾਂ ਦੇ ਬੜੇ ਪੱਕੇ ਸਨ। ਉਨ੍ਹਾਂ ਨੇ ਬੜੀ ਦ੍ਰਿੜ੍ਹਤਾ ਨਾਲ ਫੈਸਲਾ ਕਰ ਲਿਆ ਕਿ ਰਾਮ ਰਾਇ ਗੁਰਗੱਦੀ ਦੇ ਲਾਇਕ ਨਹੀਂ ਹੈ। ਜਿੱਥੇ ਜਿੱਥੇ ਵੀ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਉਪਦੇਸ਼ ਮੰਨਣ ਵਾਲੇ ਵਸੇ ਸਨ, ਉਥੇ ਪ੍ਰਚਾਰਕ ਦੌਰੇ ਕੀਤੇ। ਉਨ੍ਹਾਂ ਨੇ ਸੰਗਤਾਂ ਨੂੰ ਗੁਰ ਉਦੇਸ਼ ਦ੍ਰਿੜ੍ਹ ਕਰਵਾਇਆ ਆਪ ਜੀ ਨੇ ਬਹੁਤ ਸਾਰੇ ਪ੍ਰਚਾਰਕ ਕੇਂਦਰ ਖੋਲੇ। ਉੱਥੇ ਆਪ ਜੀ ਨੇ ਸੁਚੱਜੇ ਪ੍ਰਚਾਰਕ ਥਾਪੇ। ਜਿਵੇਂ ਸੁਥੇਰ ਸ਼ਾਹੀ, ਭਗਤ ਭਗਵਾਨੀਏ, ਸੰਗਤ ਸਾਹਿਬੀਏ, ਇਹਨਾਂ ਕੇਂਦਰਾਂ ਨੂੰ ਚਲਾਉਣ ਲਈ ਭਾਈ ਬਹਿਲੋ, ਭਾਈ ਭੂੰਦੜ, ਭਾਈ ਪੰਜਾਬ, ਭਾਈ ਭਗਤੂ ਨਿਯੁਕਤ ਕੀਤੇ। 20 ਅਕਤੂਬਰ 1666 ਈ. ਨੂੰ ਆਪ ਜੀ ਨੇ ਛੋਟੇ ਸਾਹਿਬਜ਼ਾਦਾ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਗੁਰਗੱਦੀ ’ਤੇ ਬਿਠਾ ਕੇ ਜੋਤੀ ਜੋਤਿ ਸਮਾ ਗਏ।



ਲਾਡੀ ਜਗਤਾਰ
9463603091



# ਹੁਣ ਆਈ ਰੁੱਤ ਬਸੰਤ ਦੀ...

ਪੰਜਾਬ ਦੀ ਧਰਤੀ ਲਗਭਗ ਛੇ ਰੁੱਤਾਂ ਦੇਖਦੀ ਹੈ। ਇਹਨਾਂ ਵਿੱਚੋਂ ਇੱਕ ਬਸੰਤ ਰੁੱਤ ਹੈ। ਇਸ ਨੂੰ ਰੁੱਤਾਂ ਦਾ ਰਾਜਾ ਜਾ ਰੁੱਤਾਂ ਦੀ ਮਹਾਰਾਣੀ ਕਿਹਾ ਜਾਂਦਾ ਹੈ। ਸੰਸਕ੍ਰਿਤ ਵਿੱਚ ਇਸ ਸ਼ਬਦ ਦਾ ਮਤਲਬ ਖਿੜੀ ਹੋਈ ਬਹਾਰ ਤੋਂ ਲੈਂਦੇ ਹਨ। ਬਸੰਤ ਰੁੱਤ ਵਿੱਚ ਇੱਕ ਬਸੰਤ ਪੰਚਮੀ ਦਾ ਦਿਨ ਮਨਾਇਆ ਜਾਂਦਾ ਹੈ। ਇਹ ਦਿਨ ਆਮ ਤੌਰ ਤੇ ਫ਼ਰਵਰੀ ਵਿੱਚ ਆਉਂਦਾ ਹੈ। ਬਸੰਤ ਪੰਚਮੀ ਦਾ ਅਰਥ ਸਮਝੀਏ ਤਾਂ ਇਹ ਚੜ੍ਹਦੇ ਪੱਖ ਦਾ ਪੰਜਵਾਂ ਦਿਨ। ਪਤਝੜ ਤੋਂ ਬਾਅਦ ਬਸੰਤ ਆਉਂਦੀ ਹੈ, ਭਾਵੇਂ ਇਹ ਰੁੱਤ ਇੱਕ ਮਾਘ ਨੂੰ ਸ਼ੁਰੂ ਹੋਈ ਮੰਨੀ ਜਾਂਦੀ ਹੈ। ਪਰ ਇਸ ਦਾ ਪੂਰਾ ਪ੍ਰਭਾਵ ਫ਼ੱਗਣ ਵਿੱਚ ਦਿਖਾਈ ਦਿੰਦਾ ਹੈ। ਇਹ ਚੇਤ ਵਿਸਾਖ ਤੱਕ ਰਹਿੰਦਾ ਹੈ। ਬਸੰਤ ਰੁੱਤ ਸਰਦੀ ਤੋਂ ਬਾਅਦ ਇਹ ਪ੍ਰਕਿਰਤੀ ਦਾ ਨਵੇਂ ਜਨਮ ਜਿਹਾ ਸਮਾਂ ਹੁੰਦਾ ਹੈ। ਇਸ ਰੁੱਤ ਵਿੱਚ ਕੁਦਰਤ ਦੀ ਕਾਦਰ ਬਹੁਤ ਸੋਹਣੇ ਰੂਪ ਵਿੱਚ ਨਿਖਰਦੀ ਹੋਈ ਦਿਖਾਈ ਦਿੰਦੀ ਹੈ।

ਗੁਰਮੁਖ ਸਿੰਘ ਮੁਸਾਫ਼ਰ ਦੇ ਸ਼ਬਦਾਂ ਵਿੱਚ;
ਰੁੱਤ ਬਸੰਤ ਨਵਾਂ ਰਸ ਪਾਇਆ,
ਹਰ ਬੂਟੇ ਹਰ ਡਾਲੀ ।
ਹਰ ਸ਼ੈ ਦੇ ਵਿੱਚ ਜੋਬਨ ਖੇੜਾ,
ਹਰ ਸ਼ੈ ਦੇ ਵਿਚ ਲਾਲੀ ।
ਕਲੀਆਂ ਹਸੀਆਂ, ਗੁੰਚੇ ਮਹਿਕੇ,
ਮੌਲੇ ਜੰਗਲ ਬੇਲੇ;
ਪਰ ਸੁੱਕੇ ਉਹ ਰਹੇ ਅਭਾਗੇ,
ਜੜ੍ਹ ਨ ਜਿਨ੍ਹਾਂ ਸੰਭਾਲੀ ।

ਇਹ ਹਰ ਇਕ ਜੀਵ ਜਨੌਰ, ਮਨੁੱਖ ਦੀ ਮਨਪਸੰਦ ਰੁੱਤ ਹੁੰਦੀ ਹੈ। ਫ਼ੁੱਲਾਂ ’ਤੇ ਬਹਾਰ ਆ ਜਾਂਦੀ ਹੈ, ਕਣਕਾਂ ਨਿੱਸਰਨੀਆਂ ਸ਼ੁਰੂ ਹੋ ਜਾਂਦੀਆਂ ਹਨ ਸਰ੍ਹੋਆਂ ਪੀਲੀਆਂ ਹੋ ਜਾਂਦੀਆਂ ਹਨ। ਤਿਤਲੀਆਂ, ਭੌਰੇ ਫ਼ੁੱਲਾਂ ’ਤੇ ਮੰਡਰਾਉਣਾ ਲੱਗ ਜਾਂਦੇ ਹਨ। ਬਾ.ਗ ਬ.ਗੀਚਿਆਂ ਵਿੱਚ ਫ਼ੁੱਲ ਹੀ ਫ਼ੁੱਲ ਦਿਸਦੇ ਹਨ। ਅਸਮਾਨ ਪੰਛੀਆਂ ਲਈ ਉਡਾਰੀਆਂ ਲਾਉਣ ਨੂੰ ਖੁੱਲ੍ਹ ਕੇ ਸਾ.ਫ ਹੋ ਜਾਂਦਾ ਹੈ। ਇਸ ਨੂੰ ਮਨਾਉਣ ਲਈ ਬਸੰਤ ਪੰਚਮੀ ਮਨਾਈ ਜਾਂਦੀ ਹੈ।

ਹਿੰਦੂ ਧਰਮ ਅਨੁਸਾਰ

ਵੇਦਾਂ ਵਿੱਚ ਇਸ ਨੂੰ ਸਰਸਵਤੀ ਦੇਵੀ ਨਾਲ ਜੋੜਿਆ ਜਾਂਦਾ ਹੈ। ਜੋ ਕਿ ਗਿਆਨ ਦੀ ਦੇਵੀ ਮੰਨੀ ਜਾਂਦੀ ਹੈ। ਉਸ ਦੀ ਪੂਜਾ ਕੀਤੀ ਜਾਂਦੀ ਹੈ। ਇਸ ਨੂੰ ਲਕਸ਼ਮੀ ਤੇ ਵਿਸ਼ਨੂੰ ਭਗਵਾਨ ਨਾਲ ਵੀ ਜੋੜਿਆ ਜਾਂਦਾ ਹੈ। ਲੋਕ ਉਹਨਾਂ ਦੀ ਪੂਜਾ ਕਰਦੇ ਹਨ। ਲੋਕ ਇਸ ਦਿਨ ਸਪੈਸ਼ਲ ਰੰਗ ਦੇ ਕੱਪੜੇ ਪਾਉਂਦੇ ਹਨ। ਪੁਰਾਣੇ ਸਮਿਆਂ ਵਿੱਚ ਇਸ ਦਾ ਸੰਬੰਧ ਕਿਤੇ ਰਤੀ ਤੇ ਕਾਮਦੇਵ ਦੀ ਪੂਜਾ ਨਾਲ ਜੋੜਿਆ ਜਾਂਦਾ ਸੀ। ਇਸ ਪੂਜਾ ਕਰਕੇ ਗ੍ਰਹਿਸਥ ਜੀਵਨ ਵਿੱਚ ਸੁੱਖ ਪ੍ਰਾਪਤੀ ਕੀਤੀ ਜਾਂਦੀ ਸੀ। ਭਗਵਾਨ ਸ੍ਰੀ ਕ੍ਰਿਸ਼ਨ ਤੇ ਮਹਾਂਰਿਸ਼ੀ ਬਾਲਮੀਕ ਨੇ ਵੀ ਇਸ ਦਾ ਵਧੀਆ ਤੇ ਮਨਮੋਹਣੇ ਢੰਗ ਨਾਲ ਬਿਆਨ ਕੀਤਾ ਹੈ। ਅਸਮਾਨ ਵਿੱਚ ਠੰਡ ਤੋਂ ਬਾਅਦ ਪੰਛੀਆਂ ਦੀ ਲੰਮੀਆਂ ਉਡਾਰੀਆਂ, ਫ਼ੁੱਲ, ਤਿਤਲੀਆਂ ਇੱਕ ਤਰ੍ਹਾਂ ਨਾਲ ਵਾਤਾਵਰਨ ਨੂੰ ਮਹਿਕਣ ਲਾ ਦਿੰਦੇ ਹਨ।



ਸਿੱਖ ਧਰਮ ਫ਼ਲਸਫ਼ੇ ਵਿੱਚ ਵੀ ਇਸ ਨੂੰ ਵਡਿਆਇਆ ਗਿਆ ਹੈ । ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੀਵਨ ਨਾਲ ਸੰਬੰਧਿਤ ਗੁਰਦੁਆਰਾ ਸ੍ਰੀ ਛੇਹਰਟਾ ਸਾਹਿਬ ਵਿਖੇ ਬਸੰਤ ਪੰਚਮੀ ਬਹੁਤ ਧੂਮਧਾਮ ਨਾਲ ਮਨਾਈ ਜਾਂਦੀ ਹੈ। ਗੁਰਬਾਣੀ ਵਿੱਚ ਵੀ ਇਸ ਰੁੱਤ ਦਾ ਜ਼ਿਕਰ ਹੈ। ਇੱਕ ਬਸੰਤ ਰਾਗ ਵੀ ਹੈ। ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਇਸ ਰੁੱਤ ਵਿੱਚ ਬਸੰਤ ਰਾਗ ਵਿੱਚ ਗੁਰਬਾਣੀ ਦੇ ਸ਼ਬਦ ਗਾਇਨ ਕੀਤੇ ਜਾਂਦੇ ਹਨ। ਸਿੱਖ ਗੁਰੂਆਂ ਨੇ ਆਤਮਾ ਪਰਮਾਤਮਾ ਦੀ ਗੱਲ ਕਰਦਿਆਂ ਆਤਮਾ ਦੀ ਪਰਮਾਤਮਾ ਨਾਲ ਮੇਲ ਦੀ ਗੱਲ ਕੀਤੀ ਹੈ। ਇਸ ਰੁੱਤ ਵਿੱਚ ਪਰਮਾਤਮਾ ਮਿਹਰਵਾਨ ਹੁੰਦਾ ਹੈ। ਜਿਸ ਮਨੁੱਖ ਉੱਤੇ ਪਰਮਾਤਮਾ ਦੀ ਕ੍ਰਿਪਾ ਹੋ ਜਾਵੇ, ਉਹ ਤਰ ਜਾਂਦੇ ਹਨ। ਉਹਨਾਂ ਨੂੰ ਗੁਰੂ ਸਾਹਿਬਾਨ ਆਪਣੇ ਲੜ ਲਾ ਲੈਂਦੇ ਹਨ।

ਤਿਸੁ ਬਸੰਤੁ ਜਿਸ ਪ੍ਰਭੁ ਕ੍ਰਿਪਾਲੁ॥
ਤਿਸੁ ਬਸੰਤੁ ਜਿਸ ਗੁਰੂ ਦਿਆਲੁ॥

ਲੋਕ ਸਵੇਰ ਉੱਠਕੇ ਜਾ ਧਾਰਮਿਕ ਸਥਾਨਾਂ ’ਤੇ ਜਾਂਦੇ ਹਨ । ਮੱਥਾ ਟੇਕਦੇ ਹਨ ਤੇ ਇਸ ਦਿਨ ਨੂੰ ਮਨਾਉਂਦੇ ਹਨ। ਸਿੱਖ ਇਤਿਹਾਸ ਵਿੱਚ ਸ਼ਾਮ ਸਿੰਘ ਅਟਾਰੀ ਵਾਲਾ ਵੀ ਇਸੇ ਮਹੀਨੇ ਸ਼ਹੀਦੀ ਪ੍ਰਾਪਤ ਕਰਦੇ ਹਨ। ਪਟਿਆਲਾ ਵਿਖੇ ਦੂਖ ਨਿਵਾਰਨ ਗੁਰਦੁਆਰਾ ਸਾਹਿਬ ਵਿਖੇ ਇਹ ਤਿਉਹਾਰ ਬਹੁਤ ਸ਼ਰਧਾ ਭਾਵਨਾ ਤੇ ਖੁਸ਼ੀ ਨਾਲ ਮਨਾਇਆ ਜਾਂਦਾ ਹੈ। ਇਹ ਤਿਉਹਾਰ ਸੱਭਿਆਚਾਰ ਤੇ ਧਾਰਮਿਕ, ਆਰਥਿਕ ਕਈ ਤਰ੍ਹਾਂ ਦੇ ਦ੍ਰਿਸ਼ ਪੇਸ਼ ਕਰਦਾ ਹੈ। ਗੁਰਬਾਣੀ ਵਿੱਚ ਵੀ ਇਸ ਰੁੱਤ ਦੀ ਸ੍ਰੀ ਗੁਰੂ ਅਮਰਦਾਸ ਜੀ ਨੇ ਸਲੁਹਤਾ ਕੀਤੀ ਹੈ।

ਬਨਸਪਤਿ ਮਉਲੀ ਚੜਿਆ ਬਸੰਤੁ॥
ਇਹੁ ਮਨੁ ਮਉਲਿਆ ਸਤਿਗੁਰੂ ਸੰਗਿ॥
ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਗੁਰਬਾਣੀ ਸ਼ਬਦ ॥
ਬਸੰਤੁ ਚੜਿਆ ਫ਼ੂਲੀ ਬਨਰਾਇ॥
ਏਹਿ ਜੀਅ ਜੰਤ ਫ਼ੂਲਹਿ ਹਰਿ ਚਿਤੁ ਲਾਇ॥
ਇਸੇ ਤਰ੍ਹਾਂ ਇੱਕ ਹੋਰ ਸ਼ਬਦ ਜੋਂ ਗੁਰਬਾਣੀ ਵਿੱਚ ਦਰਜ਼ ਹੈ
ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤ ॥
ਪਰਫ਼ੜੁ ਚਿਤ ਸਮਾਲਿ ਸੋਇ ਸਦਾ ਸਦਾ ਗੋਬਿੰਦ॥

ਇਸ ਤਰ੍ਹਾਂ ਸਿੱਖ ਧਰਮ ਵਿੱਚ ਇਹ ਤਿਉਹਾਰ ਧਾਰਮਿਕ ਤੇ ਸੱਭਿਆਚਾਰਕ ਤੇ ਆਰਥਿਕ ਲਗਭਗ ਸਾਰੇ ਹੀ ਵਿਸ਼ਿਆਂ ਨੂੰ ਛੂੰਹਦਾ ਹੈ।

ਇਸ ਰੁੱਤ ਦਾ ਸੰਬੰਧ ਸਰਦੀ ਦੇ ਘਟਣ ਨਾਲ ਵੀ ਜੋੜਿਆ ਜਾਂਦਾ ਹੈ। ਇਸ ਰੁੱਤ ਦੇ ਆਉਣ ਨਾਲ ਸਰਦੀ ਘਟਣੀ ਸ਼ੁਰੂ ਹੋ ਜਾ ਜਾਂਦੀ ਹੈ। ਸ਼ਾਇਦ ਇਸ ਕਰਕੇ ਕਿਹਾ ਜਾਂਦਾ ਹੈ ;

ਆਈ ਬਸੰਤ
ਪਾਲ਼ਾ ਉਡੰਤ।

ਇਤਿਹਾਸਕ ਪੱਖ ਤੋਂ ਵੀ ਕਈ ਘਟਨਾਵਾਂ ਇਸ ਨਾਲ ਜੋੜੀਆਂ ਜਾਂਦੀਆਂ ਹਨ। ਬਸੰਤ ਪੰਚਮੀ ਦੇ ਦਿਨ ਅੰਗਰੇਜ਼ ਦੀ ਜ਼ਾਲਮ ਸਰਕਾਰ ਨੇ ਉਣੰਜਾ ਨਾਮਧਾਰੀ ਸਿੱਖਾਂ ਨੂੰ ਤੋਪਾਂ ਨਾਲ ਉਡਾ ਦਿੱਤਾ ਸੀ । ਬਸੰਤ ਪੰਚਮੀ ਵਾਲੇ ਦਿਨ ਵੀਰ ਹਕੀਕਤ ਰਾਏ ਨੂੰ 17 ਸਾਲ ਦੀ ਉਮਰ ਵਿੱਚ ਮੁਗਲ ਹਾਕਮਾਂ ਨੇ ਸ਼ਹੀਦ ਕਰ ਦਿੱਤਾ ਸੀ। ਉਹਨਾਂ ਦੀ ਯਾਦ ਲਾਹੌਰ ਵਿਖੇ ਬਣੀ ਹੈ। ਅਜ਼ਾਦੀ ਤੋਂ ਪਹਿਲਾਂ ਉਥੇ ਬਹੁਤ ਵੱਡਾ ਮੇਲਾ ਲੱਗਦਾ ਸੀ। ਲਾਹੌਰ ਵਿਖੇ ਵੀ ਬਹੁਤ ਪਤੰਗ ਚੜ੍ਹਾਏ ਜਾਂਦੇ ਹਨ।

# ਜੋਸ਼ ਦਾ ਪ੍ਰਤੀਕ ਹੈ ਪੰਜਾਬੀ ਸੱਭਿਆਚਾਰ



**ਦਵਿੰਦਰ ਕੌਰ ਖੁਸ਼ ਧਾਲੀਵਾਲ**

ਪੰਜਾਬੀ ਸੱਭਿਆਚਾਰ ਭਾਸ਼ਾ, ਸੰਗੀਤ, ਨਾਚ, ਧਾਰਮਿਕ ਵਿਭਿੰਨਤਾ ਅਤੇ ਤਿਉਹਾਰਾਂ ਦੇ ਜਸ਼ਨਾਂ ਦਾ ਜੀਵੰਤ ਸੁਮੇਲ ਹੈ। ਇਹ ਲਚਕੀਲੇਪਨ, ਨਿੱਘ ਤੇ ਜੀਵਨ ਲਈ ਜੋਸ਼ ਨੂੰ ਦਰਸਾਉਂਦਾ ਹੈ। ਪੰਜਾਬ, ਭਾਰਤੀ ਉਪ-ਮਹਾਂਦੀਪ ਦੇ ਉੱਤਰ-ਪੱਛਮੀ ਹਿੱਸੇ ਵਿੱਚ ਸਥਿਤ, ਇਤਿਹਾਸ, ਵਿਭਿੰਨਤਾ ਅਤੇ ਜੀਵੰਤ ਸੱਭਿਆਚਾਰ ਨਾਲ ਭਰਪੂਰ ਇੱਕ ਖੇਤਰ ਹੈ। ਇੱਕ ਲੰਮੇ ਅਤੀਤ ਦੇ ਨਾਲ, ਪੰਜਾਬ ਦਾ ਸੱਭਿਆਚਾਰ ਇੱਕ ਰੰਗੀਨ ਟੇਪਸਟਰੀ ਹੈ ਜੋ ਪੁਰਾਤਨ ਸੱਭਿਅਤਾਵਾਂ, ਹਮਲਿਆਂ ਅਤੇ ਇਸ ਦੇ ਲੋਕਾਂ ਦੇ ਲਚਕੀਲੇਪਣ ਦੇ ਪ੍ਰਭਾਵਾਂ ਨਾਲ ਬੁਣਿਆ ਗਿਆ ਹੈ।

**ਬਿਆਸ, ਚਨਾਬ, ਜਿਹਲਮ, ਰਾਵੀ ਅਤੇ ਸਤਲੁਜ ਦੀ ਧਰਤੀ**

ਪੰਜਾਬ ਦਾ ਨਾਂ ਫ਼ਾਰਸੀ ਸ਼ਬਦਾਂ ਪੰਜ ਤੋਂ ਲਿਆ ਗਿਆ ਹੈ ਜਿਸਦਾ ਅਰਥ ਹੈ ਪੰਜ ਤੇ ਆਬ ਦਾ ਅਰਥ ਹੈ ਪਾਣੀ, ਜੋ ਇਸ ਖੇਤਰ ਵਿੱਚੋਂ ਵੱਗਦੇ ਪੰਜ ਦਰਿਆਵਾਂ-ਬਿਆਸ, ਚਨਾਬ, ਜਿਹਲਮ, ਰਾਵੀ ਅਤੇ ਸਤਲੁਜ ਦਾ ਹਵਾਲਾ ਦਿੰਦੇ ਹਨ। ਇਨ੍ਹਾਂ ਦਰਿਆਵਾਂ ਨੇ ਪੰਜਾਬ ਦੇ ਸੱਭਿਆਚਾਰਕ, ਖੇਤੀਬਾੜੀ ਤੇ ਸਮਾਜਿਕ ਤਾਣੇ-ਬਾਣੇ ਨੂੰ ਢਾਲਣ ਵਿਚ ਅਹਿਮ ਭੂਮਿਕਾ ਨਿਭਾਈ ਹੈ।

ਪੰਜਾਬੀਅਤ ਦੀ ਅੱਡਰੀ ਪਛਾਣ

ਪੰਜਾਬੀ ਸੱਭਿਆਚਾਰ ਪੰਜ ਦਰਿਆਵਾਂ ਦੀ ਧਰਤੀ ਪੰਜਾਬ ਦੇ ਲੋਕਾਂ ਦੀ ਪਛਾਣ ਦਾ ਪ੍ਰਤੀਕ ਹੈ, ਉਨ੍ਹਾਂ ਦੇ ਜੋਸ਼ ਦਾ ਪ੍ਰਤੀਕ ਹੈ। ਇਹ ਬਸਤੀਆਂ ਵਿਚੋਂ ਪੈਦਾ ਹੋਇਆ ਜੋ ਪ੍ਰਾਚੀਨ ਸਮੇਂ ਵਿੱਚ ਨੇੜਲੇ ਪੂਰਬ ਲਈ ਮਹੱਤਵਪੂਰਨ ਮਾਰਗ ਵਜੋਂ ਕੰਮ ਕਰਦਾ ਸੀ। ਸਿੰਧੂ ਘਾਟੀ ਦੀ ਸੱਭਿਅਤਾ, 3000 ਈਸਵੀ ਪੂਰਵ ਦੀ ਹੈ। ਖੇਤੀ ਪੰਜਾਬ ਦੀ ਮੁੱਖ ਆਰਥਿਕ ਵਿਸ਼ੇਸ਼ਤਾ ਰਹੀ ਹੈ ਤੇ ਇਸ ਨੇ ਪੰਜਾਬੀ ਸੱਭਿਆਚਾਰ ਦੀ ਨੀਂਹ ਬਣਾਈ ਹੈ, ਜਿਸ ਦੀ ਸਮਾਜਿਕ ਸਥਿਤੀ ਜ਼ਮੀਨ ਦੀ ਮਾਲਕੀ ਰਾਹੀਂ ਨਿਰਧਾਰਤ ਕੀਤੀ ਜਾਂਦੀ ਹੈ।

ਬੜਾ ਮਹੱਤਵਪੂਰਨ ਖੇਤੀਬਾੜੀ ਖਿੱਤਾ

ਪੰਜਾਬ ਇੱਕ ਮਹੱਤਵਪੂਰਨ ਖੇਤੀਬਾੜੀ ਖੇਤਰ ਵਜੋਂ ਉਭਰਿਆ, ਖ਼ਾਸ ਤੌਰ ’ਤੇ 1960 ਦੇ ਦਹਾਕੇ ਦੇ ਮੱਧ ਤੋਂ 1970 ਦੇ ਦਹਾਕੇ ਦੇ ਮੱਧ ਤੱਕ ਹਰੀ ਕ੍ਰਾਂਤੀ ਤੋਂ ਬਾਅਦ, ਅਤੇ ਇਸ ਨੂੰ ਭਾਰਤ ਅਤੇ ਪਾਕਿਸਤਾਨ ਦੋਵਾਂ ਦੀ ਰੋਟੀ ਦੀ ਟੋਕਰੀ ਵਜੋਂ ਦਰਸਾਇਆ ਗਿਆ ਹੈ। ਖੇਤੀਬਾੜੀ ਅਤੇ ਵਪਾਰ ਲਈ ਜਾਣੇ ਜਾਣ ਤੋਂ ਇਲਾਵਾ, ਪੰਜਾਬ ਇੱਕ ਅਜਿਹਾ ਖੇਤਰ ਵੀ ਹੈ ਜਿਸ ਨੇ ਸਦੀਆਂ ਤੋਂ ਕਈ ਵਿਦੇਸ਼ੀ ਹਮਲਿਆਂ ਦਾ ਅਨੁਭਵ ਕੀਤਾ ਹੈ ਅਤੇ ਨਤੀਜੇ ਵਜੋਂ ਯੁੱਧ ਦਾ ਇੱਕ ਲੰਮਾ ਇਤਿਹਾਸ ਹੈ, ਕਿਉਂਕਿ ਪੰਜਾਬ ਉੱਤਰ-ਪੱਛਮੀ ਸਰਹੱਦ ਰਾਹੀਂ ਹਮਲਿਆਂ ਦੇ ਮੁੱਖ ਮਾਰਗ ’ਤੇ ਸਥਿਤ ਹੈ। ਭਾਰਤੀ ਉਪ-ਮਹਾਂਦੀਪ, ਜਿਸ ਨੇ ਇੱਕ ਜੀਵਨ ਸ਼ੈਲੀ ਨੂੰ ਅਪਣਾਉਣ ਲਈ ਉਤਸ਼ਾਹਿਤ ਕੀਤਾ ਜਿਸ ਵਿਚ ਜ਼ਮੀਨ ਦੀ ਰੱਖਿਆ ਲਈ ਯੁੱਧ ਵਿੱਚ ਸ਼ਾਮਿਲ ਹੋਣਾ ਸ਼ਾਮਿਲ ਸੀ। ਯੋਧਾ ਸੱਭਿਆਚਾਰ ਆਮ ਤੌਰ ’ਤੇ ਭਾਈਚਾਰੇ ਦੇ ਸਨਮਾਨ (ਇੱਜ਼ਤ) ਦੇ ਮੁੱਲ ਨੂੰ ਉੱਚਾ ਚੁੱਕਦਾ ਹੈ, ਜਿਸਦਾ ਪੰਜਾਬੀਆਂ ਦੁਆਰਾ ਬਹੁਤ ਸਤਿਕਾਰ ਕੀਤਾ ਜਾਂਦਾ ਹੈ।

**ਪੰਜਾਬੀ ਭਾਸ਼ਾ**

ਪੰਜਾਬੀ ਇੰਡੋ-ਯੂਰਪੀਅਨ ਭਾਸ਼ਾ ਪਰਿਵਾਰ ਨਾਲ ਸਬੰਧਿਤ ਹੈ ਤੇ ਹੋਰ ਬਹੁਤ ਸਾਰੀਆਂ ਇੰਡੋ-ਆਰੀਅਨ ਭਾਸ਼ਾਵਾਂ ਵਾਂਗ ਸੰਸਕ੍ਰਿਤ ਤੋਂ ਲਿਆ ਗਿਆ ਹੈ। ਇਹ ਖਿੱਤੇ ਦੀਆਂ ਹੋਰ ਭਾਸ਼ਾਵਾਂ ਜਿਵੇਂ ਕਿ ਹਿੰਦੀ ਅਤੇ ਉਰਦੂ ਨਾਲ ਸਮਾਨਤਾਵਾਂ ਸਾਂਝੀਆਂ ਕਰਦਾ ਹੈ ਪਰ ਇਸ ਦੇ ਵੱਖੋ-ਵੱਖਰੇ ਧੁਨੀ ਵਿਗਿਆਨ, ਸ਼ਬਦਾਵਲੀ ਅਤੇ ਲਿਪੀ ਹੈ। ਪੰਜਾਬੀ ਭਾਸ਼ਾ ਸਦੀਆਂ ਪੁਰਾਣੀ ਆਪਣੀ ਅਮੀਰ ਸਾਹਿਤਕ ਪਰੰਪਰਾ ਲਈ ਜਾਣੀ ਜਾਂਦੀ ਹੈ। ਇਸ ਦੀ ਲੋਕ ਸਾਹਿਤ, ਕਵਿਤਾ ਤੇ ਧਾਰਮਿਕ ਗ੍ਰੰਥਾਂ ਦੇ ਭੰਡਾਰ ਨਾਲ ਇੱਕ ਮਜ਼ਬੂਤ ਮੌਖ਼ਿਕ ਅਤੇ ਲਿਖਤੀ ਪਰੰਪਰਾ ਹੈ। ਬਾਬਾ ਫ਼ਰੀਦ, ਬੁੱਲ੍ਹੇ ਸ਼ਾਹ, ਵਾਰਿਸ ਸ਼ਾਹ ਅਤੇ ਅੰਮ੍ਰਿਤਾ ਪ੍ਰੀਤਮ ਵਰਗੇ ਪ੍ਰਸਿੱਧ ਪੰਜਾਬੀ ਕਵੀਆਂ ਦੀਆਂ ਰਚਨਾਵਾਂ ਨੇ ਪੰਜਾਬੀ ਸਾਹਿਤ ਉਤੇ ਅਮਿੱਟ ਛਾਪ ਛੱਡੀ ਹੈ।

**ਪੰਜਾਬੀ ਲਿਪੀ**

ਪੰਜਾਬੀ ਲਿਪੀ ਸਮੇਂ ਦੇ ਨਾਲ ਵਿਕਸਿਤ ਹੋਈ ਹੈ। ਇਤਿਹਾਸਕ ਤੌਰ ’ਤੇ ਪੰਜਾਬੀ ਗੁਰਮੁਖੀ ਲਿਪੀ ਦੀ ਵਰਤੋਂ ਕਰਕੇ ਲਿਖੀ ਗਈ ਸੀ, ਜੋ ਕਿ 16ਵੀਂ ਸਦੀ ਵਿੱਚ ਸਿੱਖ ਗੁਰੂਆਂ ਦੁਆਰਾ ਵਿਕਸਤ ਕੀਤੀ ਗਈ ਸੀ। ਗੁਰਮੁਖੀ ਖੱਬੇ ਤੋਂ ਸੱਜੇ ਲਿਖੀ ਜਾਂਦੀ ਹੈ ਅਤੇ ਵਿਅੰਜਨ ਅਤੇ ਸਵਰਾਂ ਨੂੰ ਦਰਸਾਉਣ ਵਾਲੇ 35 ਵੱਖ-ਵੱਖ ਅੱਖਰਾਂ ਦੀ ਬਣੀ ਹੋਈ ਹੈ। ਇਹ ਅੱਜ ਵੀ ਵਿਆਪਕ ਤੌਰ ’ਤੇ ਵਰਤਿਆ ਜਾਂਦਾ ਹੈ, ਖ਼ਾਸ ਕਰਕੇ ਭਾਰਤ ਵਿਚ ਜਿੱਥੇ ਬਹੁਗਿਣਤੀ ਪੰਜਾਬੀ ਬੋਲਦੇ ਹਨ।

**ਪੰਜਾਬੀ ਬੋਲੀ**

ਪੰਜਾਬੀ ਬੋਲੀ ਇੱਕ ਵੱਡੀ ਗਿਣਤੀ ਵਿੱਚ ਬੋਲੀ ਜਾਣ ਵਾਲੀ ਇੱਕ ਖੇਤਰੀ ਭਾਸ਼ਾ ਹੋਣ ਦੇ ਨਾਤੇ, ਵੱਖ-ਵੱਖ ਉਪ-ਭਾਸ਼ਾਵਾਂ ਅਤੇ ਵੰਨਗੀਆਂ ਹਨ। ਪ੍ਰਮੁੱਖ ਉਪ-ਭਾਸ਼ਾਵਾਂ ਵਿੱਚ ਮਾਝੀ (ਲਾਹੌਰ ਅਤੇ ਅੰਮ੍ਰਿਤਸਰ ਸਮੇਤ ਮੱਧ ਪੰਜਾਬ ਵਿੱਚ ਬੋਲੀ ਜਾਂਦੀ ਹੈ),ਦੁਆਬੀ (ਬਿਆਸ ਅਤੇ ਸਤਲੁਜ ਦਰਿਆਵਾਂ ਦੇ ਵਿਚਕਾਰ ਦੁਆਬਾ ਖੇਤਰ ਵਿੱਚ ਬੋਲੀ ਜਾਂਦੀ ਹੈ), ਮਲਵਈ (ਪੰਜਾਬ ਦੇ ਮਾਲਵਾ ਖੇਤਰ ਵਿੱਚ ਬੋਲੀ ਜਾਂਦੀ ਹੈ) ਅਤੇ ਪੋਠੋਹਾਰੀ (ਪੋਠੋਹਾਰ ਵਿੱਚ ਬੋਲੀ ਜਾਂਦੀ ਹੈ) ਸ਼ਾਮਿਲ ਹਨ। ਹਰੇਕ ਉਪ-ਭਾਸ਼ਾ ਦਾ ਆਪਣਾ ਵਿਲੱਖਣ ਉਚਾਰਨ, ਸ਼ਬਦਾਵਲੀ ਅਤੇ ਭਾਸ਼ਾਈ ਸੂਖਮਤਾ ਹੁੰਦੀ ਹੈ। ਹਾਲ ਹੀ ਦੇ ਸਾਲਾਂ ਵਿੱਚ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਸੁਚੇਤ ਯਤਨ ਕੀਤੇ ਗਏ ਹਨ। ਸਿੱਖਿਆ, ਮੀਡੀਆ ਅਤੇ ਸੱਭਿਆਚਾਰਕ ਪਹਿਲਕਦਮੀਆਂ ਰਾਹੀਂ ਪੰਜਾਬੀ ਨੂੰ ਸੰਭਾਲਣ ਅਤੇ ਸੁਰਜੀਤ ਕਰਨ ਦੇ ਯਤਨ ਕੀਤੇ ਗਏ ਹਨ। ਪੰਜਾਬ ਵਿੱਚ ਸਕੂਲਾਂ ਅਤੇ ਯੂਨੀਵਰਸਿਟੀਆਂ ਵਿੱਚ ਪੰਜਾਬੀ ਪੜ੍ਹਾਈ ਜਾਂਦੀ ਹੈ ਅਤੇ ਇੱਥੇ ਪੰਜਾਬੀ ਭਾਸ਼ਾ ਦੇ ਅਖ਼ਬਾਰ, ਰਸਾਲੇ ਅਤੇ ਟੈਲੀਵਿਜ਼ਨ ਚੈਨਲ ਹਨ ਜੋ ਪੰਜਾਬੀ ਭਾਸ਼ਾ ਬੋਲਣ ਵਾਲੇ ਦਰਸ਼ਕਾਂ ਨੂੰ ਪੂਰਾ ਕਰਦੇ ਹਨ।

**ਲੋਕ ਨਾਚ**

ਪੰਜਾਬ ਆਪਣੇ ਜੀਵੰਤ ਲੋਕ ਨਾਚਾਂ ਲਈ ਮਸ਼ਹੂਰ ਹੈ। ਭੰਗੜਾ, ਇੱਕ ਉੱਚ-ਊਰਜਾ ਵਾਲਾ ਨਾਚ ਰੂਪ ਜੋ ਜ਼ੋਰਦਾਰ ਹਰਕਤਾਂ ਅਤੇ ਤਾਲਬੱਧ ਫੁਟਵਰਕ ਦੁਆਰਾ ਦਰਸਾਇਆ ਗਿਆ ਹੈ,ਨੇ ਅੰਤਰਰਾਸ਼ਟਰੀ ਮਾਨਤਾ ਪ੍ਰਾਪਤ ਕੀਤੀ ਹੈ। ਪੰਜਾਬੀਆਂ ਇੱਕ ਹੋਰ ਪ੍ਰਸਿੱਧ ਨਾਚ ਗਿੱਧਾ ਹੈ, ਜੋ ਔਰਤਾਂ ਦੁਆਰਾ ਪੇਸ਼ ਕੀਤਾ ਜਾਂਦਾ ਹੈ, ਜੋ ਉਤਸ਼ਾਹ ਅਤੇ ਸੁੰਦਰਤਾ ਨੂੰ ਦਰਸਾਉਂਦਾ ਹੈ।

**ਭੰਗੜਾ**

ਭੰਗੜਾ ਸਭ ਤੋਂ ਮਸ਼ਹੂਰ ਅਤੇ ਵਿਆਪਕ ਤੌਰ ’ਤੇ ਮਾਨਤਾ ਪ੍ਰਾਪਤ ਪੰਜਾਬੀ ਸੱਭਿਆਚਾਰ ਨਾਚ ਰੂਪ ਹੈ। ਇਹ ਇੱਕ ਵਾਢੀ ਦੇ ਨਾਚ ਵਜੋਂ ਉਤਪੰਨ ਹੋਇਆ ਹੈ ਅਤੇ ਇੱਕ ਪ੍ਰਸਿੱਧ ਸੱਭਿਆਚਾਰਕ ਨਾਚ ਵਿੱਚ ਵਿਕਸਤ ਹੋਇਆ ਹੈ। ਭੰਗੜੇ ਦੀ ਵਿਸ਼ੇਸ਼ਤਾ ਜ਼ੋਰਦਾਰ ਹਰਕਤਾਂ, ਊਰਜਾਵਾਨ ਛਾਲ, ਅਤੇ ਸਮਕਾਲੀ ਫੁੱਟਵਰਕ ਦੁਆਰਾ ਕੀਤੀ ਜਾਂਦੀ ਹੈ। ਇਹ ਆਮ ਤੌਰ ’ਤੇ ਢੋਲ ਦੀਆਂ ਬੀਟਾਂ ’ਤੇ ਪੇਸ਼ ਕੀਤਾ ਜਾਂਦਾ ਹੈ, ਇੱਕ ਰਵਾਇਤੀ ਪੰਜਾਬੀ ਢੋਲ। ਮਰਦ ਆਮ ਤੌਰ ’ਤੇ ਰੰਗੀਨ ਦਸਤਾਰਾਂ, ਅਤੇ ਕੁੜ੍ਹਤਾ-ਪਜਾਮਾ (ਰਵਾਇਤੀ ਪਹਿਰਾਵਾ) ਪਹਿਨਦੇ ਹਨ ਅਤੇ ਆਪਣੀ ਤਾਕਤ ਅਤੇ ਜੀਵਨ ਸ਼ਕਤੀ ਨੂੰ ਦਰਸਾਉਂਦੇ ਹੋਏ ਸ਼ਕਤੀਸ਼ਾਲੀ ਚਾਲ ਚਲਾਉਂਦੇ ਹਨ। ਇਸ ਤਰ੍ਹਾਂ ਇਹ ਲੋਕ ਨਾਚ ਪੰਜਾਬੀ ਸੱਭਿਆਚਾਰ ਦੀ ਪਛਾਣ ਕਰਵਾਉਂਦਾ ਹੈ। ਇਹ ਲੋਕ-ਨਾਚ ਜਿਥੇ ਪੰਜਾਬੀਆਂ ਵਿਚ ਇੱਕ ਨਵਾਂ ਜੋਸ਼ ਤੇ ਊਰਜਾ ਭਰ ਦਿੰਦਾ ਹੈ ਉਥੇ ਇਹ ਪੰਜਾਬੀ ਲੋਕਾਂ ਦੀਂ ਵਸ਼ਵ ਭਰ਼ ਵਚ ਵੱਖਰੀ ਪਛਾਣ ਦਾ ਵੀ ਪ੍ਰਤੀਕ ਬਣ ਕੇ ਵੀ ਉਭਰਦਾ ਹੈ।

**ਗਿੱਧਾ**

ਗਿੱਧਾ ਪੰਜਾਬੀ ਸੱਭਿਆਚਾਰ ਰਵਾਇਤੀ ਨਾਚ ਹੈ ਜੋ ਵਿਸ਼ੇਸ਼ ਤੌਰ ’ਤੇ ਔਰਤਾਂ ਦੁਆਰਾ ਪੇਸ਼ ਕੀਤਾ ਜਾਂਦਾ ਹੈ। ਇਹ ਆਪਣੀਆਂ ਸ਼ਾਨਦਾਰ ਅਤੇ ਸ਼ਾਨਦਾਰ ਹਰਕਤਾਂ ਲਈ ਜਾਣਿਆ ਜਾਂਦਾ ਹੈ। ਗਿੱਧਾ ਅਕਸਰ ਲੋਹੜੀ ਅਤੇ ਤੀਜ ਵਰਗੇ ਤਿਉਹਾਰਾਂ ਦੌਰਾਨ ਕੀਤਾ ਜਾਂਦਾ ਹੈ। ਨੱਚਣ ਵਾਲੇ ਇੱਕ ਚੱਕਰ ਬਣਾਉਂਦੇਹਨ ਅਤੇ ਇਸ਼ਾਰਿਆਂ ਅਤੇ ਚਿਹਰੇ ਦੇ ਹਾਵ-ਭਾਵਾਂ ਦੁਆਰਾ ਭਾਵਨਾਵਾਂ ਨੂੰ ਪ੍ਰਗਟ ਕਰਦੇ ਹੋਏ ਜੀਵੰਤ ਅਤੇ ਤਾਲਬੱਧ ਤਾੜੀਆਂ ਵਿਚ ਸ਼ਾਮਿਲ ਹੁੰਦੇ ਹਨ। ਨਾਚ ਲੋਕ ਗੀਤਾਂ ਦੇ ਨਾਲ ਹੁੰਦਾ ਹੈ ਅਤੇ ਔਰਤਾਂ ਰੰਗੀਨ ਰਵਾਇਤੀ ਪਹਿਰਾਵਾ ਪਹਿਨਦੀਆਂ ਹਨ, ਜਿਸ ਵਿਚ ਜੀਵੰਤ ਸਲਵਾਰ ਕਮੀਜ਼ ਅਤੇ ਦੁਪੱਟੇ ਸ਼ਾਮਿਲ ਹਨ। ਸਾਉਣ ਦੇ ਮਹੀਨੇ ਵਿੱਚ ਪਹਿਲਾਂ ਕੁੜੀਆਂ ਬੜੇ ਚਾਵਾਂ ਅਤੇ ਉਤਸ਼ਾਹ ਨਾਲ ਗਿੱਧਾ ਪਾਉਂਦੀਆਂ ਸਨ ਅਤੇ ਘਰਾਂ ਵਿੱਚ ਪੂੜੇ ਤਿਆਰ ਕੀਤੇ ਜਾਂਦੇ ਅਤੇ ਖੀਰਾਂ ਖਾਧੀਆਂ ਜਾਂਦੀਆਂ ਸਨ।

**ਸੰਮੀ**

ਸੰਮੀ ਇੱਕ ਰਵਾਇਤੀ ਪੰਜਾਬੀ ਨਾਚ ਹੈ ਜੋ ਔਰਤਾਂ ਦੁਆਰਾ ਵਿਆਹਾਂ ਅਤੇ ਹੋਰ ਜਸ਼ਨ ਸਮਾਗਮਾਂ ਦੌਰਾਨ ਕੀਤਾ ਜਾਂਦਾ ਹੈ। ਇਸ ਦਾ ਨਾਂ ਇਸੇ ਨਾਂ ਦੇ ਲੋਕ ਗੀਤ ਦੇ ਨਾਂ ’ਤੇ ਰੱਖਿਆ ਗਿਆ ਹੈ। ਸੰਮੀ ਇੱਕ ਸੋਲੋ ਡਾਂਸ ਹੈ ਜਿਸ ਵਿੱਚ ਡਾਂਸਰ ਆਪਣੀਆਂ ਖ਼ੂਬਸੂਰਤ ਹਰਕਤਾਂ ਅਤੇ ਭਾਵਪੂਰਤ ਇਸ਼ਾਰਿਆਂ ਰਾਹੀਂ ਕਹਾਣੀ ਸੁਣਾਉਂਦੀ ਹੈ। ਡਾਂਸ ਸ਼ੈਲੀ ਵਿੱਚ ਨਾਜ਼ੁਕ ਹੱਥਾਂ ਦੀਆਂ ਹਰਕਤਾਂ, ਪੈਰਾਂ ਦਾ ਕੰਮ ਅਤੇ ਕਤਾਈ ਸ਼ਾਮਿਲ ਹੈ। ਕਲਾਕਾਰ ਰੰਗੀਨ ਪਰੰਪਰਾਗਤ ਪਹਿਰਾਵਾ ਪਹਿਨਦੇ ਹਨ, ਜਿਸ ਵਿੱਚ ਇੱਕ ਲੰਬੀ ਕਮੀਜ਼ ਜਿਸ ਨੂੰ ਕਮੀਜ਼ ਕਿਹਾ ਜਾਂਦਾ ਹੈ ਤੇ ਘੱਗਰਾ ਗੁੰਝਲਦਾਰ ਕਢਾਈ ਦੇ ਨਾਲ ਸ਼ਾਮਿਲ ਹੈ। ਇਹ ਪੰਜਾਬੀ ਸੱਭਿਆਚਾਰ ਦੀ ਪਛਾਣ ਹੈ।



# ਵਸਣੇ ਨੂੰ ਪਾਈਆਂ ਬੈਠਕਾਂ ਨੀ ਤੇਰੇ ਕੱਤਣੇ ਨੂੰ ਵਿਹੜਾ

**ਜੋਗਿੰਦਰ ਕੌਰ ਅਗਨੀਹੋਤਰੀ**

ਜਿਉਂ ਜਿਉਂ ਮਨੁੱਖ ਨੇ ਵਿਕਾਸ ਕੀਤਾ, ਤਿਉਂ-ਤਿਉਂ ਆਪਣੀਆਂ ਖੋਜਾਂ ਸਦਕਾ, ਉਸਨੇ ਆਪਣੇ ਰਹਿਣ ਸਹਿਣ ਲਈ ਵੱਖ-ਵੱਖ ਤਰ੍ਹਾਂ ਦੀਆਂ ਉਸਾਰੀਆਂ ਕੀਤੀਆਂ। ਕੁੱਲੀਆਂ ਅਤੇ ਛੱਪਰਾਂ ਤੋਂ ਬਾਅਦ ਮਨੁੱਖ ਨੇ ਆਪਣੀ ਹੈਸੀਅਤ ਮੁਤਾਬਿਕ ਕੱਚੇ ਘਰ ਬਣਾਉਣੇ ਸ਼ੁਰੂ ਕਰ ਦਿੱਤੇ। ਪਹਿਲਾਂ ਪਹਿਲ ਉਸ ਨੇ ਕੱਚੀਆਂ ਸੁਭਾਤਾਂ ਪਾਈਆਂ ਅਤੇ ਨਾਲ ਹੀ ਉਸਦੇ ਅੱਗੇ ਕੱਚੇ ਬਰਾਂਡਿਆਂ ਦੀ ਉਸਾਰੀ ਕੀਤੀ। ਰੋਟੀ ਟੁੱਕ ਪਕਾਉਣ ਲਈ, ਚੁੱਲ੍ਹੇ ਨੂੰ ਢੱਕਣ ਲਈ ,ਜੋ ਛੱਪਰ ਪਾਇਆ ਉਸ ਨੂੰ ਝਲਾਨੀ ਦਾ ਨਾਂ ਦਿੱਤਾ। ਝਲਾਨੀ ਸ਼ਬਦ ਚੁਲ੍ਹਿਆਨੀ ਦਾ ਵਿਗੜਿਆ ਹੋਇਆ ਰੂਪ ਹੈ।

ਇਸ ਖੁੱਲ੍ਹੀ ਛੱਤ ਹੇਠ ਡੰਡੇ ਗੱਡ ਕੇ ਭਾਂਡੇ ਸਾਂਭਣ ਵਾਸਤੇ ਅਤੇ ਖਾਣ ਪੀਣ ਦੀਆਂ ਚੀਜ਼ਾਂ ਰੱਖਣ ਵਾਸਤੇ ਕਾਰਨਸ ਬਣਾਏ ਜਾਂਦੇ ਸਨ ਜਿੰਨ੍ਹਾਂ ਨੂੰ ਪੇਂਡੂ ਭਾਸ਼ਾ ਵਿਚ ਟਾਂਡ ਕਿਹਾ ਜਾਂਦਾ ਸੀ। ਸਾਡੇ ਸੱਭਿਆਚਾਰ ਵਿੱਚ ਮਹਿਮਾਨ ਨਿਵਾਜ਼ੀ ਇੱਕ ਮਹੱਤਵਪੂਰਨ ਰਿਵਾਜ ਹੈ, ਜਿਸ ਨੂੰ ਸਾਰੇ ਹੀ ਬੜੇ ਖੁਸ਼ੀ ਨਾਲ ਨਿਭਾਉਂਦੇ ਹਨ। ਘਰ ਵਿੱਚ ਰਿਸ਼ਤੇਦਾਰਾਂ ਤੋਂ ਇਲਾਵਾ ਜਦੋਂ ਕੋਈ ਰਾਹਗੀਰ ਨੂੰ ਰਾਤ ਕੱਟਣ ਦਾ ਮੌਕਾ ਮਿਲਦਾ ਤਾਂ ਉਸ ਦੀ ਵੀ ਪਰਿਵਾਰ ਵੱਲੋਂ ,ਆਪਣੀ ਹੈਸੀਅਤ ਮੁਤਾਬਿਕ ਖ਼ਾਤਰਦਾਰੀ ਕੀਤੀ ਜਾਂਦੀ। ਘਰਾਂ ਵਿੱਚ ਦੁੱਧ ਘਿਓ ਦੀ ਕੋਈ ਤੋਟ ਨਾ ਹੋਣ ਕਾਰਨ, ਘਰ ਆਏ ਹੋਏ ਪ੍ਰਾਹੁਣੇ ਨੂੰ ਦੁੱਧ ਤਾਂ ਪੀਣ ਲਈ ਦਿੱਤਾ ਹੀ ਜਾਂਦਾ ਤੇ ਕਈ ਵਾਰ ਮਿੱਠੀਆਂ ਸੇਵੀਆਂ (ਦੁੱਧ ਵਾਲੀਆਂ) ਵੀ ਖਾਣ ਲਈ ਬਣਾਈਆਂ ਜਾਂਦੀਆਂ ਕਿਉਂਕਿ ਉਸ ਸਮੇਂ ਬਾਜ਼ਾਰ ਦੇ ਚਟਪਟੇ ਖਾਣੇ ਲਿਆਉਣ ਦਾ ਰਿਵਾਜ ਨਹੀਂ ਸੀ। ਅਜਿਹੇ ਹਾਲਾਤ ਵੀ ਬਣ ਜਾਂਦੇ ਹਨ ਜਦੋਂ ਮਨੁੱਖ ਨੂੰ ਆਪਣਾ ਘਰ ਬਾਰ ਛੱਡ ਕੇ ਬਾਹਰ ਦੀ ਨੌਕਰੀ ਵੀ ਕਰਨੀ ਪੈਂਦੀ ਹੈ।

ਦੇਸ਼ ਦੀ ਸੀਮਾ ’ਤੇ ਸੇਵਾ ਕਰਨ ਵਾਲੇ ਫ਼ੌਜੀ ਨੂੰ ਪਤਾ ਨਹੀਂ ਕਿੱਥੇ ਕਿੱਥੇ ਜਾ ਕੇ ਆਪਣੀ ਸੇਵਾ ਨਿਭਾਉਣੀ ਪੈਂਦੀ ਹੈ। ਕਈ ਵਾਰ ਲੰਮਾ ਸਮਾਂ ਵੀ ਬਾਹਰ ਰਹਿਣਾ ਪੈਂਦਾ ਹੈ। ਜਦੋਂ ਵੀ ਕੋਈ ਫ਼ੌਜੀ ਛੁੱਟੀ ਆਉਂਦਾ ਹੈ ਤਾਂ ਉਸਦੀ ਘਰਵਾਲੀ ਦੇ ਅੰਦਰ ਉਮੰਗਾਂ ਹੁਲਾਰੇ ਲੈਂਦੀਆਂ ਹਨ ।ਆਪਣੀ ਪਤਨੀ ਦੇ ਸਾਰੇ ਚਾਅ ਪੂਰੇ ਕਰਨ ਲਈ ਉਹ ਚੰਗਾ ਮਕਾਨ ਬਣਾਉਂਦਾ ਹੈ ਪ੍ਰੰਤੂ ਉਸ ਦੀ ਪਤਨੀ ਨੂੰ ਆਪਣੀ ਪਤੀ ਤੋਂ ਬਿਨਾਂ, ਇਹ ਸਭ ਸੁੱਖ ਓਪਰੇ ਲੱਗਦੇ ਹਨ। ਜਿਸ ਦਾ ਲੋਕ ਗੀਤਾਂ ਵਿੱਚ ਇੰਝ ਜ਼ਿਕਰ ਕੀਤਾ ਜਾਂਦਾ ਹੈ।

ਕਾਂਹੇ ਨੂੰ ਪਾਈਆਂ ਬੈਠਕਾਂ,
ਕਾਂਹੇ ਰੱਖਿਆ ਵੇ, ਵਿਹੜਾ?
ਵੇ ਨੌਕਰਾ, ਕਾਂਹੇ ਰੱਖਿਆ ਵੇ ਵਿਹੜਾ?

ਫ਼ੌਜੀ ਨੇ ਆਪਣੇ ਘਰ ਦੀ ਸ਼ਾਨ ਬਣਾਉਣ ਲਈ ਬੈਠਕ ਵੀ ਪਾਈ ਪ੍ਰੰਤੂ ਉਸ ਦੀ ਪਤਨੀ ਉਸ ਨੂੰ ਛੁੱਟੀ ਕੱਟ ਕੇ ਜਾਣ ਤੋਂ ਪਹਿਲਾਂ ਨਿਹੋਰਾ ਦਿੰਦੀ ਹੈ ਤਾਂ ਉਹ ਉਸਦੀ ਤਸੱਲੀ ਕਰਵਾਉਣ ਲਈ ਉਸਨੂੰ ਦਿਲਾਸਾ ਦਿੰਦਾ ਇੰਝ ਕਹਿੰਦਾ ਹੈ-

ਵਸਣੇ ਨੂੰ ਪਾਈਆਂ ਬੈਠਕਾਂ
ਨੀ ਤੇਰੇ ਕੱਤਣੇ ਨੂੰ ਵਿਹੜਾ।

ਫ਼ੌਜੀ ਦੇ ਇੰਨਾ ਕਹਿਣ ’ਤੇ ਫੌਜਣ ਦੇ ਦਿਲ ਦਾ ਬੈਰਾਗ ਰੋਹ ਵਿੱਚ ਬਦਲ ਜਾਂਦਾ ਹੈ। ਉਸ ਨੂੰ ਕੁਝ ਵੀ ਚੰਗਾ ਨਹੀਂ ਲੱਗਦਾ ਤਾਂ ਉਸਨੂੰ ਕਹਿੰਦੀ ਹੈ ਕਿ ਉਸ ਨੂੰ ਉਸਦੇ ਬਿਨਾਂ ਕਿਸੇ ਸੁੱਖ-ਸੁਵਿਧਾ ਦੀ ਲੋੜ ਨਹੀਂ ਉਸਨੂੰ ਤਾਂ ਸਿਰਫ ਫ਼ੌਜੀ ਦੀ ਹੀ ਲੋੜ ਹੈ-

ਤੂੰ ਤੁਰ ਚੱਲਿਆ ਨੌਕਰੀ
ਇੱਥੇ ਵਸੂਗਾ ਵੇ ਕਿਹੜਾ?
ਵੇ ਨੌਕਰਾ, ਏਥੇ ਵਸੂਗਾ ਵੇ ਕਿਹੜਾ?

ਫ਼ੌਜੀ ਨੂੰ ਚਾਵਾਂ ਨਾਲ ਪਾਈ ਹੋਈ ਬੈਠਕ ਵੀ ਨਿਰਾਸ਼ ਕਰਦੀ ਹੈ ਤੇ ਉਹ ਪਤਨੀ ਨੂੰ ਸਮਝਾਉਂਦਾ ਹੈ ਕਿ ਇੱਥੇ ਉਸਦਾ ਬਾਲਕ ਹੈ ਭਾਵ ਪੁੱਤਰ ਹੈ ਅਤੇ ਉਸਦਾ ਛੋਟਾ ਭਰਾ ਹੈ । ਉਹ ,ਉਸ ਕੋਲ ਰਹਿਣਗੇ ਪ੍ਰੰਤੂ ਫੌਜਣ ਨੂੰ ਉਸ ਦੇ ਵਿਚਾਰ ਚੰਗੇ ਨਹੀਂ ਲੱਗਦੇ।

ਫ਼ੌਜੀ ਆਪਣੇ ਮਨ ਦੇ ਭਾਵਾਂ ਨੂੰ ਇਸ ਤਰ੍ਹਾਂ ਪ੍ਰਗਟਾਉਂਦਾ ਹੈ-

ਬਚੜਾ ਮੇਰਾ ਤੇਰੇ ਕੋਲ ਹੈ,
ਨਾਲੇ ਵੀਰ ਨੀ ਮੇਰਾ।

ਪਰ ਫੌਜਣ ਤੇ ਉਸਦੇ ਇਨ੍ਹਾਂ ਸ਼ਬਦਾਂ ਦਾ ਕੋਈ ਅਸਰ ਨਹੀਂ ਹੁੰਦਾ ਸਗੋਂ ਉਹ ਹੋਰ ਵੀ ਗੁੱਸੇ ਵਿਚ ਕਹਿੰਦੀ ਹੈ-

ਵੀਰਨ ਤੇਰਾ ਸ਼ਰੀਕ ਹੈ ਮੇਰਾ,
ਨੌਕਰਾਂ ਵੇ, ਉਹ ਕੀ ਲੱਗਦਾ ਏ ਮੇਰਾ?

ਫ਼ੌਜੀ ਵਿਚਾਰਾ ਕਿੱਧਰ ਜਾਵੇ। ਚਾਵਾਂ ਨਾਲ ਪਾਈ ਬੈਠਕ, ਉਸਨੂੰ ਆਪਣੇ ਸਾਹਮਣੇ ਢਹਿੰਦੀ ਹੋਈ ਪ੍ਰਤੀਤ ਹੁੰਦੀ ਹੈ। ਉਸ ਦੇ ਮਨ ਦੀ ਖ਼ੁਸ਼ੀ, ਨਿਰਾਸ਼ਾ ਵਿੱਚ ਬਦਲ ਜਾਂਦੀ ਹੈ, ਜਦੋਂ ਉਸ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਉਸਦੀ ਪਤਨੀ ਉਸਦੇ ਜਾਣ ਤੋਂ ਬਾਅਦ ਆਪਣੇ ਪੇਕੇ ਚਲੀ ਜਾਵੇਗੀ ਤਾਂ ਉਸ ਨੂੰ ਪੇਕੇ ਜਾਣ ਤੋਂ ਰੋਕਣ ਲਈ ਕਹਿੰਦਾ ਹੈ ਕਿ ਮੇਰਾ ਬੱਚਾ ਤੇਰੇ ਪੇਕੇ ਜਾ ਕੇ ਰੁਲ ਜਾਵੇਗਾ-

ਜੇ ਤੂੰ ਤੁਰ ਗਈ ਪੇਕੜੇ,
ਬਾਲਕ ਰੁਲ ਜੂਗਾ ਨੀਂ ਮੇਰਾ।
ਨੀ ਗੋਰੀਏ, ਬਾਲਕ ਰੁਲ ਜੂ ਨੀ ਮੇਰਾ ।

ਭਾਵੇਂ ਇਸ ਗੱਲ ਦਾ ਅਹਿਸਾਸ ਫੌਜਣ ਨੂੰ ਹੋ ਜਾਂਦਾ ਹੈ ਪਰ ਫਿਰ ਵੀ ਉਹ ਆਪਣੀ ਹਉਮੈ ਕਾਰਨ ਇਸ ਗੱਲ ਨੂੰ ਮੰਨਣ ਤੋਂ ਇਨਕਾਰ ਕਰਦੀ ਹੈ ਅਤੇ ਕਹਿੰਦੀ ਹੈ-

ਭਤੀਜੇ ਨੂੰ ਚੱਕ ਲੂੰ ਗੋਦੜੀ,
ਉਂਗਲੀ ਲਾ ਲੂੰਗੀ ਵੇ ਤੇਰਾ ।
ਵੇ ਨੌਕਰਾ, ਉਂਗਲੀ ਲਾ ਲੂੰਗੀ ਵੇ ਤੇਰਾ।

ਸੋ ਇਸ ਤਰ੍ਹਾਂ ਦੇ ਲੋਕ ਗੀਤਾਂ ਵਿੱਚ ਸਮਾਜ ਦੇ ਹਾਲਤ ਨੂੰ ਯਥਾਰਥ ਵਿੱਚ ਪੇਸ਼ ਕੀਤਾ ਜਾਂਦਾ ਹੈ ਤੇ ਇਹ ਵੀ ਦੱਸਿਆ ਜਾਂਦਾ ਹੈ ਕਿ ਪਦਾਰਥ ਨਾਲ ਮੋਹ ਭਾਵੇਂ ਜ਼ਰੂਰੀ ਹੈ ਪਰ ਪਦਾਰਥ ਤੋਂ ਉੱਪਰ ਉੱਠ ਕੇ ਅੰਦਰੂਨੀ ਮੁਹੱਬਤ ਵੀ ਬਹੁਤ ਮਾਅਨੇ ਰੱਖਦੀ ਹੈ।




# ਮਾਨਸਿਕ ਸਿਹਤ ਵੱਲ ਵੀ ਦਿਓ ਲੋੜੀਂਦਾ ਧਿਆਨ




ਆਪਣੀ ਰੋਜ਼ਾਨਾ ਦੀ ਜ਼ਿੰਦਗੀ 'ਚ ਅਸੀਂ ਕਈ ਤਰ੍ਹਾਂ ਦੇ ਕੰਮ ਕਰਦੇ ਹਾਂ। ਹਾਲਾਂਕਿ, ਆਪਣੇ ਡੇਲੀ ਰੂਟੀਨ ਨੂੰ ਕਰਦੇ-ਕਰਦੇ ਨਾ ਸਿਰਫ਼ ਸਾਡਾ ਸਰੀਰ, ਸਗੋਂ ਸਾਡਾ ਦਿਮਾਗ ਵੀ ਥੱਕਣ ਲੱਗਦਾ ਹੈ। ਇਸ ਦਿਮਾਗੀ ਥਕਾਵਟ ਦੇ ਸੰਕੇਤ ਸਾਨੂੰ ਅਕਸਰ ਦੇਖਣ ਨੂੰ ਮਿਲਦੇ ਰਹਿੰਦੇ ਹਨ। ਕਿਸੇ ਕੰਮ ਲਈ ਕਮਰੇ 'ਚ ਗਏ ਅਤੇ ਉੱਥੇ ਪਹੁੰਚਦੇ ਹੀ ਭੁੱਲ ਗਏ ਕਿ ਕਿਉਂ ਆਏ ਸੀ? ਜਾਂ ਫਿਰ ਕਿਸੇ ਦਾ ਜਾਣਿਆ-ਪਛਾਣਿਆ ਨਾਂਅ ਜ਼ੁਬਾਨ 'ਤੇ ਹੋ ਕੇ ਵੀ ਯਾਦ ਨਹੀਂ ਆ ਰਿਹਾ?

ਇਹ ਕੁਝ ਅਜਿਹੀਆਂ ਚੀਜ਼ਾਂ ਹਨ, ਜੋ ਲਗਪਗ ਸਾਰਿਆਂ ਨਾਲ ਹੁੰਦੀਆਂ ਹਨ ਤੇ ਅਕਸਰ ਅਸੀਂ ਇਸਨੂੰ ਥਕਾਵਟ, ਨੀਂਦ ਦੀ ਕਮੀ ਜਾਂ ਕੰਮ ਦਾ ਤਣਾਅ ਸਮਝ ਕੇ ਟਾਲ ਦਿੰਦੇ ਹਾਂ। ਪਰ ਜੇਕਰ ਅਜਿਹਾ ਵਾਰ-ਵਾਰ ਹੋ ਰਿਹਾ ਹੈ ਤਾਂ ਇਹ ਤੁਹਾਡੇ ਦਿਮਾਗ ਵੱਲੋਂ ਇਕ ਚਿਤਾਵਨੀ ਹੋ ਸਕਦੀ ਹੈ। ਸਰੀਰ ਦਾ ਧਿਆਨ ਰੱਖਦੇ-ਰੱਖਦੇ ਅਸੀਂ ਅਕਸਰ ਆਪਣੀ ਮਾਨਸਿਕ ਸਿਹਤ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਾਂ। ਅਜਿਹੇ ਵਿੱਚ ਅੱਜ ਇਸ ਲੇਖ ਵਿੱਚ ਅਸੀਂ ਤੁਹਾਨੂੰ ਦੱਸਾਂਗੇ ਆਪਣੇ ਦਿਮਾਗ ਨੂੰ ਸਿਹਤਮੰਦ ਬਣਾਉਣ ਦੇ ਕੁਝ ਆਸਾਨ ਉਪਾਵਾਂ ਬਾਰੇ-

**1. ਇੱਕੋ ਸਮੇਂ ਦੋ ਕੰਮ ਕਰਨਾ**

ਆਪਣੇ ਦਿਮਾਗ ਨੂੰ ਐਕਟਿਵ ਰੱਖਣ ਲਈ ਤੁਸੀਂ 'ਡਿਊਲ ਟਾਸਕਿੰਗ' ਅਪਣਾ ਸਕਦੇ ਹੋ। ਇਸ ਵਿਚ ਤੁਹਾਨੂੰ ਦਿਮਾਗ ਨੂੰ ਚੁਣੌਤੀ ਦੇਣ ਲਈ ਇੱਕੋ ਸਮੇਂ ਦੋ ਵੱਖ-ਵੱਖ ਤਰ੍ਹਾਂ ਦੇ ਕੰਮ ਕਰਨੇ ਪੈਣਗੇ। ਉਦਾਹਰਨ ਲਈ, ਸੈਰ ਕਰਦੇ ਸਮੇਂ ਪੁੱਠੀ ਗਿਣਤੀ ਕਰਨਾ ਜਾਂ ਗਾਣੇ ਸੁਣਦੇ ਹੋਏ ਘਰ ਦੇ ਕੰਮ ਕਰਨਾ। ਇਸ ਨਾਲ ਦਿਮਾਗ ਦੀਆਂ ਨਸਾਂ ਵਿਚਕਾਰ ਤਾਲਮੇਲ ਬਿਹਤਰ ਹੁੰਦਾ ਹੈ ਤੇ ਮਲਟੀਟਾਸਕਿੰਗ ਆਸਾਨ ਹੋ ਜਾਂਦੀ ਹੈ।

**2. ਵਿਜ਼ੂਅਲ ਮਮੋਰੀ ਟੈਸਟ**

ਯਾਦਦਾਸ਼ਤ ਤੇਜ਼ ਕਰਨ ਲਈ ਵਿਜ਼ੂਅਲ ਮੈਮੋਰੀ ਟੈਸਟ ਵੀ ਫਾਇਦੇਮੰਦ ਸਾਬਿਤ ਹੋਵੇਗਾ। ਇਸ ਦੇ ਲਈ ਕਿਸੇ ਤਸਵੀਰ, ਕਮਰੇ ਜਾਂ ਅਖ਼ਬਾਰ ਦੇ ਪੰਨੇ ਨੂੰ 30 ਸੈਕਿੰਡ ਤਕ ਗੌਰ ਨਾਲ ਦੇਖੋ। ਹੁਣ ਅੱਖਾਂ ਬੰਦ ਕਰੋ ਅਤੇ ਇਹ ਯਾਦ ਕਰਨ ਦੀ ਕੋਸ਼ਿਸ਼ ਕਰੋ ਕਿ ਤੁਸੀਂ ਕਿਹੜੀ ਚੀਜ਼ ਕਿੱਥੇ ਦੇਖੀ ਸੀ ਤੇ ਉਸਦਾ ਰੰਗ ਕੀ ਸੀ। ਅਜਿਹਾ ਕਰਨ ਨਾਲ ਬਰੀਕ ਚੀਜ਼ਾਂ 'ਤੇ ਫੋਕਸ ਕਰਨ ਦੀ ਸਮਰੱਥਾ ਬਿਹਤਰ ਹੁੰਦੀ ਹੈ।

**3. ਜਾਣਕਾਰੀ ਨੂੰ ਟੁਕੜਿਆਂ ਵਿੱਚ ਵੰਡਣਾ**

ਕਿਸੇ ਵੀ ਵੱਡੀ ਡਿਟੇਲ ਜਾਂ ਕਿਸੇ ਨੰਬਰ ਨੂੰ ਯਾਦ ਕਰਨ ਲਈ ਰੱਟਾ ਮਾਰਨ ਦੀ ਆਦਤ ਨਾ ਪਾਓ। ਇਸ ਦੀ ਬਜਾਏ ਉਸਨੂੰ ਛੋਟੇ-ਛੋਟੇ ਹਿੱਸਿਆਂ 'ਚ ਵੰਡ ਲਓ। ਉਦਾਹਰਨ ਲਈ, 10 ਅੰਕਾਂ ਦੇ ਮੋਬਾਈਲ ਨੰਬਰ ਨੂੰ 3-3 ਦੇ ਟੁਕੜਿਆਂ 'ਚ ਵੰਡ ਕੇ ਯਾਦ ਕਰੋ। ਇਸ ਤਕਨੀਕ ਨਾਲ ਤੁਹਾਡੀ 'ਵਰਕਿੰਗ ਮੈਮੋਰੀ' ਤੇਜ਼ ਹੁੰਦੀ ਹੈ। ਇਹ ਟ੍ਰਿਕ ਵਿਦਿਆਰਥੀਆਂ ਅਤੇ ਨੌਕਰੀਪੇਸ਼ਾ ਲੋਕਾਂ ਲਈ ਜ਼ਿਆਦਾ ਫਾਇਦੇਮੰਦ ਹੈ।

**4. ਮਾਈਂਡਫੁਲਨੈੱਸ ਤੇ ਸਾਹਾਂ 'ਤੇ ਧਿਆਨ**

ਮਨ ਨੂੰ ਰਿਲੈਕਸ ਕਰਨ ਅਤੇ ਦਿਮਾਗ ਨੂੰ ਤੇਜ਼ ਬਣਾਉਣ ਦਾ ਇਹ ਇਕ ਪ੍ਰਭਾਵਸ਼ਾਲੀ ਤਰੀਕਾ ਹੈ। ਇਸ ਦੇ ਲਈ ਤੁਹਾਨੂੰ ਦਿਨ ਵੇਲੇ ਕਿਸੇ ਵੀ ਸਮੇਂ ਬਸ 10 ਮਿੰਟ ਲਈ ਸ਼ਾਂਤੀ ਨਾਲ ਬੈਠਣਾ ਹੁੰਦਾ ਹੈ। ਫਿਰ ਆਪਣਾ ਪੂਰਾ ਧਿਆਨ ਸਾਹਾਂ 'ਤੇ ਲਗਾਓ। ਦਿਮਾਗ ਨੂੰ ਇੱਧਰ-ਉੱਧਰ ਭਟਕਣ ਤੋਂ ਰੋਕਣ ਲਈ ਸਿਰਫ਼ ਸਾਹਾਂ 'ਤੇ ਹੀ ਕੇਂਦਰਿਤ ਰਹੋ। ਇਸ ਅਭਿਆਸ ਨਾਲ ਦਿਮਾਗ ਦਾ 'ਪ੍ਰੀਫ੍ਰੰਟਲ ਕੋਰਟੈਕਸ' ਐਕਟਿਵ ਹੁੰਦਾ ਹੈ, ਜਿਸ ਨਾਲ ਫੈਸਲੇ ਲੈਣ ਦੀ ਸਮਰੱਥਾ ਅਤੇ ਫੋਕਸ ਵਧਦਾ ਹੈ।

**5. ਕੁਝ ਨਵਾਂ ਸਿੱਖਦੇ ਰਹੋ**

ਦਿਮਾਗ ਨੂੰ ਐਕਟਿਵ ਅਤੇ ਸਿਹਤਮੰਦ ਬਣਾਈ ਰੱਖਣ ਦਾ ਸਭ ਤੋਂ ਵਧੀਆ ਤਰੀਕਾ ਹੈ, ਕੁਝ ਨਾ ਕੁਝ ਨਵਾਂ ਸਿੱਖਦੇ ਰਹਿਣਾ। ਇਸ ਦੇ ਲਈ ਕੋਈ ਨਵੀਂ ਭਾਸ਼ਾ ਸਿੱਖੋ, ਕੋਈ ਸੰਗੀਤਕ ਸਾਜ਼ ਵਜਾਉਣਾ ਸ਼ੁਰੂ ਕਰੋ ਜਾਂ ਫਿਰ ਰੋਜ਼ਾਨਾ ਦਫ਼ਤਰ ਜਾਣ ਲਈ ਕੋਈ ਨਵਾਂ ਰਸਤਾ ਚੁਣੋ। ਜਦੋਂ ਤੁਸੀਂ ਕੁਝ ਨਵਾਂ ਕਰਦੇ ਹੋ, ਤਾਂ ਦਿਮਾਗ ਵਿੱਚ ਨਵੇਂ ਨਿਊਰਲ ਕਨੈਕਸ਼ਨ ਬਣਦੇ ਹਨ, ਜੋ ਉਮਰ ਦੇ ਨਾਲ ਹੋਣ ਵਾਲੀਆਂ ਮਾਨਸਿਕ ਸਮੱਸਿਆਵਾਂ ਨੂੰ ਰੋਕਦੇ ਹਨ।

# ਸਿਹਤਮੰਦ ਰਹਿਣ ਲਈ ਨੀਂਦ, ਸੈਰ, ਕਸਰਤ ਅਤੇ ਸਹੀ ਖਾਣ-ਪੀਣ ਜ਼ਰੂਰੀ

ਭਾਰਤ ਵਿੱਚ ਔਸਤ ਉਮਰ ਹੁਣ 70 ਸਾਲ ਤੋਂ ਪਾਰ ਹੋ ਗਈ ਹੈ, ਪਰ ਕੀ ਅਸੀਂ ਵਾਕਈ 'ਸਿਹਤਮੰਦ' ਜੀ ਰਹੇ ਹਾਂ? ਅੰਕੜੇ ਦੱਸਦੇ ਹਨ ਕਿ ਇੱਕ ਔਸਤ ਭਾਰਤੀ ਆਪਣੀ ਜ਼ਿੰਦਗੀ ਦੇ ਆਖਰੀ 10 ਸਾਲ ਲੰਬੀਆਂ ਬਿਮਾਰੀਆਂ (ਜਿਵੇਂ ਕਿ ਸ਼ੂਗਰ ਅਤੇ ਹਾਈ ਬੀਪੀ) ਨਾਲ ਲੜਦਿਆਂ ਬਿਤਾਉਂਦਾ ਹੈ। ਹਾਲ ਹੀ ਵਿੱਚ 'ਦ ਲਾਂਸੇਟ' ਵਿੱਚ ਪ੍ਰਕਾਸ਼ਿਤ ਇੱਕ ਅਧਿਐਨ ਨੇ ਲੰਬੀ ਉਮਰ ਅਤੇ ਬਿਮਾਰੀਆਂ ਤੋਂ ਮੁਕਤ ਜੀਵਨ ਵਿਚਕਾਰ ਇੱਕ ਬਹੁਤ ਹੀ ਆਸਾਨ ਰਸਤਾ ਦਿਖਾਇਆ ਹੈ। ਆਓ ਜਾਣਦੇ ਹਾਂ ਕਿ ਤੁਸੀਂ ਕਿਵੇਂ ਲੰਬਾ ਅਤੇ ਸਿਹਤਮੰਦ ਜੀਵਨ ਜੀ ਸਕਦੇ ਹੋ।

### ਨੀਂਦ, ਕਸਰਤ ਅਤੇ ਖਾਣ-ਪੀਣ ਹਨ ਜ਼ਰੂਰੀ ਥੰਮ੍ਹ

ਖੋਜਕਰਤਾਵਾਂ ਨੇ 59,000 ਲੋਕਾਂ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕਰਕੇ ਇਹ ਪਾਇਆ ਕਿ ਨੀਂਦ, ਸਰੀਰਕ ਗਤੀਵਿਧੀ ਅਤੇ ਖੁਰਾਕ, ਇਹ ਤਿੰਨੋਂ ਮਿਲ ਕੇ ਤੈਅ ਕਰਦੇ ਹਨ ਕਿ ਤੁਸੀਂ ਕਿੰਨੇ ਸਾਲ ਸਿਹਤਮੰਦ ਜੀਵੋਗੇ। ਚੰਗੀ ਖ਼ਬਰ ਇਹ ਹੈ ਕਿ ਤੁਹਾਨੂੰ ਕਿਸੇ ਵੱਡੇ ਬਦਲਾਅ ਦੀ ਲੋੜ ਨਹੀਂ ਹੈ, ਸਗੋਂ ਛੋਟੇ-ਛੋਟੇ ਸੁਧਾਰ ਹੀ ਵੱਡੇ ਨਤੀਜੇ ਦੇ ਸਕਦੇ ਹਨ।

### 20 ਮਿੰਟ ਦੀ ਸੈਰ



ਅਧਿਐਨ ਵਿੱਚ ਸਰੀਰਕ ਗਤੀਵਿਧੀ ਨੂੰ ਸਭ ਤੋਂ ਜ਼ਰੂਰੀ ਮੰਨਿਆ ਗਿਆ ਹੈ। ਜੋ ਲੋਕ ਦਿਨ ਵਿੱਚ ਘੱਟੋ-ਘੱਟ 20-22 ਮਿੰਟ ਤੇਜ਼ ਚੱਲਦੇ ਹਨ ਜਾਂ ਸਰਗਰਮ ਰਹਿੰਦੇ ਹਨ, ਉਨ੍ਹਾਂ ਦੀ ਉਮਰ ਅਤੇ ਸਿਹਤ ਵਿੱਚ ਤੇਜ਼ੀ ਨਾਲ ਸੁਧਾਰ ਦੇਖਿਆ ਗਿਆ। ਜੇਕਰ ਤੁਸੀਂ ਰੋਜ਼ਾਨਾ ਸਿਰਫ਼ 20 ਮਿੰਟ ਦੀ ਸੈਰ ਜਾਂ ਕਸਰਤ ਕਰਨੀ ਸ਼ੁਰੂ ਕਰ ਦਿਓਗੇ, ਤਾਂ ਤੁਹਾਨੂੰ ਦਿਲ ਅਤੇ ਮੈਟਾਬੋਲਿਕ ਸਿਹਤ ਨਾਲ ਜੁੜੇ ਕਈ ਫਾਇਦੇ ਮਿਲਣਗੇ।

### ਛੋਟੇ ਬਦਲਾਅ, ਵੱਡਾ ਫਾਇਦਾ

ਅਕਸਰ ਲੋਕ ਸਿਰਫ਼ ਡਾਈਟ ਬਦਲਦੇ ਹਨ ਜਾਂ ਜਿਮ ਜਾਂਦੇ ਹਨ, ਪਰ ਨੀਂਦ ਦੀ ਕਮੀ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ। ਸਟੱਡੀ ਅਨੁਸਾਰ, ਸਿਰਫ਼ ਇੱਕ ਆਦਤ ਨੂੰ ਠੀਕ ਕਰਨਾ ਕਾਫ਼ੀ ਨਹੀਂ ਹੈ:

**ਨੀਂਦ: ਰੋਜ਼ਾਨਾ 7 ਤੋਂ 8 ਘੰਟੇ ਦੀ ਨੀਂਦ ਹਾਰਮੋਨਸ ਨੂੰ ਕੰਟਰੋਲ ਕਰਦੀ ਹੈ।**

**ਖੁਰਾਕ:** ਖਾਣੇ ਵਿੱਚ ਫਲ, ਸਬਜ਼ੀਆਂ ਅਤੇ ਸਾਬਤ ਅਨਾਜ ਸ਼ਾਮਲ ਕਰਨਾ ਸਰੀਰ ਨੂੰ ਮੁਰੰਮਤ ਦੀ ਤਾਕਤ ਦਿੰਦਾ ਹੈ।

**ਗਤੀਵਿਧੀ:** ਰੋਜ਼ਾਨਾ ਦੀ ਸੈਰ ਗਲੂਕੋਜ਼ ਪੱਧਰ ਅਤੇ ਬੀਪੀ ਨੂੰ ਕੰਟਰੋਲ ਕਰਦੀ ਹੈ।

ਹੈਰਾਨੀ ਦੀ ਗੱਲ ਇਹ ਹੈ ਕਿ ਜੇਕਰ ਤੁਸੀਂ ਆਪਣੀ ਨੀਂਦ ਵਿੱਚ ਸਿਰਫ਼ 5 ਮਿੰਟ ਦਾ ਵਾਧਾ, ਸੈਰ ਵਿੱਚ 2 ਮਿੰਟ ਦਾ ਵਾਧਾ ਅਤੇ ਖੁਰਾਕ ਵਿੱਚ ਥੋੜ੍ਹਾ ਜਿਹਾ ਸੁਧਾਰ ਇੱਕੋ ਵੇਲੇ ਕਰਦੇ ਹੋ, ਤਾਂ ਤੁਹਾਡੀ ਅਨੁਮਾਨਿਤ ਉਮਰ ਅਤੇ ਸਿਹਤ ਵਿੱਚ ਇੱਕ ਸਾਲ ਦਾ ਵਾਧਾ ਹੋ ਸਕਦਾ ਹੈ।

### ਬਿਮਾਰੀ ਮੁਕਤ ਜੀਵਨ ਦੇ 9 ਸਾਲ

ਸਭ ਤੋਂ ਬਿਹਤਰ ਲਾਈਫਸਟਾਈਲ ਵਾਲੇ ਸਮੂਹ (7-8 ਘੰਟੇ ਦੀ ਨੀਂਦ, 40 ਮਿੰਟ ਤੋਂ ਵੱਧ ਕਸਰਤ ਅਤੇ ਚੰਗੀ ਖੁਰਾਕ) ਨੇ ਸਭ ਤੋਂ ਖਰਾਬ ਲਾਈਫਸਟਾਈਲ ਵਾਲੇ ਸਮੂਹ ਦੀ ਤੁਲਨਾ ਵਿੱਚ 9 ਸਾਲ ਜ਼ਿਆਦਾ ਲੰਬੀ ਉਮਰ ਅਤੇ 9 ਸਾਲ ਜ਼ਿਆਦਾ ਬਿਮਾਰੀ ਮੁਕਤ ਜੀਵਨ ਪਾਇਆ। ਇਸ ਨਾਲ ਦਿਲ ਦੀਆਂ ਬਿਮਾਰੀਆਂ, ਕੈਂਸਰ, ਟਾਈਪ-2 ਸ਼ੂਗਰ ਅਤੇ ਡਿਮੈਂਸ਼ੀਆ ਵਰਗੀਆਂ ਵੱਡੀਆਂ ਬਿਮਾਰੀਆਂ ਦਾ ਖ਼ਤਰਾ ਕਾਫ਼ੀ ਘੱਟ ਗਿਆ।



# ਤੰਦਰੁਸਤ ਰਹਿਣ ਲਈ ਸ਼ੁਰੂ ਕਰੋ ਸੰਤਰੇ ਦਾ ਜੂਸ ਪੀਣਾ

ਜ਼ਿਆਦਾਤਰ ਭਾਰਤੀ ਆਪਣੇ ਦਿਨ ਦੀ ਸ਼ੁਰੂਆਤ ਗਰਮਾ-ਗਰਮ ਚਾਹ ਨਾਲ ਕਰਦੇ ਹਨ। ਪਰ ਖਾਲੀ ਪੇਟ ਚਾਹ ਪੀਣਾ ਸਿਹਤ ਲਈ ਬਹੁਤ ਵਧੀਆ ਨਹੀਂ ਹੈ। ਜੇਕਰ ਤੁਸੀਂ ਇਸ ਆਦਤ ਨੂੰ ਬਦਲ ਕੇ ਸਵੇਰੇ ਇੱਕ ਗਲਾਸ ਸੰਤਰੇ ਦਾ ਜੂਸ ਪੀਣਾ ਸ਼ੁਰੂ ਕਰਦੇ ਹੋ, ਤਾਂ ਤੁਹਾਡੇ ਸਰੀਰ ਵਿੱਚ ਕਈ ਹੈਰਾਨੀਜਨਕ ਬਦਲਾਅ ਆ ਸਕਦੇ ਹਨ।

ਆਓ ਜਾਣਦੇ ਹਾਂ 30 ਦਿਨਾਂ ਤੱਕ ਰੋਜ਼ਾਨਾ ਸੰਤਰੇ ਦਾ ਜੂਸ ਪੀਣ ਦੇ ਫਾਇਦੇ:

ਵਿਟਾਮਿਨ-ਸੀ ਦਾ ਪਾਵਰ ਹਾਊਸ

ਚਾਹ ਵਿੱਚ ਕੈਫੀਨ ਹੁੰਦੀ ਹੈ, ਜਦੋਂ ਕਿ ਸੰਤਰੇ ਦਾ ਜੂਸ ਵਿਟਾਮਿਨ-ਸੀ, ਫੋਲੇਟ ਅਤੇ ਪੋਟਾਸ਼ੀਅਮ ਦਾ ਭੰਡਾਰ ਹੈ। ਇੱਕ ਮਹੀਨੇ ਤੱਕ ਇਸ ਦਾ ਸੇਵਨ ਕਰਨ ਨਾਲ ਤੁਹਾਡੀ ਇਮਿਊਨਿਟੀ (ਬਿਮਾਰੀਆਂ ਨਾਲ ਲੜਨ ਦੀ ਸ਼ਕਤੀ) ਇੰਨੀ ਮਜ਼ਬੂਤ ਹੋ ਜਾਵੇਗੀ ਕਿ ਤੁਹਾਨੂੰ ਮੌਸਮੀ ਸਰਦੀ-ਖੰਘ ਅਤੇ ਥਕਾਵਟ ਮਹਿਸੂਸ ਨਹੀਂ ਹੋਵੇਗੀ।

ਚਮੜੀ 'ਚ ਕੁਦਰਤੀ ਚਮਕ

ਚਾਹ ਸਰੀਰ ਨੂੰ ਡੀਹਾਈਡ੍ਰੇਟ ਕਰ ਸਕਦੀ ਹੈ, ਜਿਸ ਨਾਲ ਚਿਹਰਾ ਬੇਜਾਨ ਦਿਖਦਾ ਹੈ। ਦੂਜੇ ਪਾਸੇ, ਸੰਤਰੇ ਦੇ ਜੂਸ ਵਿਚਲੇ ਐਂਟੀ-ਆਕਸੀਡੈਂਟਸ ਚਮੜੀ ਨੂੰ ਹਾਈਡ੍ਰੇਟ ਕਰਦੇ ਹਨ। ਇਹ ਸਰੀਰ ਵਿੱਚ ਕੋਲੇਜਨ ਬਣਾਉਣ ਵਿੱਚ ਮਦਦ ਕਰਦਾ ਹੈ, ਜਿਸ ਨਾਲ ਝੁਰੜੀਆਂ ਘਟਦੀਆਂ ਹਨ ਅਤੇ ਚਮੜੀ ਜਵਾਨ ਤੇ ਚਮਕਦਾਰ ਦਿਖਾਈ ਦਿੰਦੀ ਹੈ।

ਪਾਚਨ ਪ੍ਰਣਾਲੀ 'ਚ ਸੁਧਾਰ

ਖਾਲੀ ਪੇਟ ਦੁੱਧ ਵਾਲੀ ਚਾਹ ਪੀਣ ਨਾਲ ਐਸਿਡਿਟੀ ਜਾਂ ਪੇਟ ਫੁੱਲਣ ਦੀ ਸਮੱਸਿਆ ਹੁੰਦੀ ਹੈ। ਸੰਤਰੇ ਵਿੱਚ ਮੌਜੂਦ ਫਾਈਬਰ ਪਾਚਨ ਕਿਰਿਆ ਨੂੰ ਦਰੁਸਤ ਕਰਦਾ ਹੈ ਅਤੇ ਕਬਜ਼ ਵਰਗੀਆਂ ਸਮੱਸਿਆਵਾਂ ਤੋਂ ਰਾਹਤ ਦਿਵਾਉਂਦਾ ਹੈ।

ਐਨਰਜੀ ਲੈਵਲ 'ਚ ਵਾਧਾ

ਚਾਹ ਨਾਲ ਮਿਲਣ ਵਾਲੀ ਐਨਰਜੀ ਜਿੰਨੀ ਤੇਜ਼ੀ ਨਾਲ ਆਉਂਦੀ ਹੈ, ਉਨੀ ਹੀ ਜਲਦੀ ਖ਼ਤਮ ਵੀ ਹੋ ਜਾਂਦੀ ਹੈ। ਸੰਤਰੇ ਦੀ ਕੁਦਰਤੀ ਸ਼ੂਗਰ ਸਰੀਰ ਨੂੰ ਹੌਲੀ-ਹੌਲੀ ਐਨਰਜੀ ਦਿੰਦੀ ਹੈ, ਜਿਸ ਨਾਲ ਤੁਸੀਂ ਦੁਪਹਿਰ ਤੱਕ ਖੁਦ ਨੂੰ ਐਕਟਿਵ ਮਹਿਸੂਸ ਕਰੋਗੇ।


ਇਨ੍ਹਾਂ ਗੱਲਾਂ ਦਾ ਰੱਖੋ ਖਾਸ ਧਿਆਨ:

ਚੀਨੀ ਨਾ ਪਾਓ: ਹਮੇਸ਼ਾ ਤਾਜ਼ਾ ਜੂਸ ਪੀਓ, ਡੱਬਾਬੰਦ ਜੂਸ ਤੋਂ ਬਚੋ ਕਿਉਂਕਿ ਉਸ ਵਿੱਚ ਚੀਨੀ ਬਹੁਤ ਜ਼ਿਆਦਾ ਹੁੰਦੀ ਹੈ।

ਦੰਦਾਂ ਦਾ ਖਿਆਲ: ਜੂਸ ਪੀਣ ਤੋਂ ਬਾਅਦ ਸਾਦੇ ਪਾਣੀ ਨਾਲ ਕੁੱਲੀ ਜ਼ਰੂਰ ਕਰੋ ਤਾਂ ਜੋ ਸਾਈਟਰਿਕ ਐਸਿਡ ਦੰਦਾਂ ਨੂੰ ਨੁਕਸਾਨ ਨਾ ਪਹੁੰਚਾਏ।

ਸ਼ੂਗਰ ਦੇ ਮਰੀਜ਼: ਜੇਕਰ ਤੁਹਾਨੂੰ ਸ਼ੂਗਰ ਹੈ, ਤਾਂ ਜੂਸ ਦੀ ਬਜਾਏ ਪੂਰਾ ਫਲ ਖਾਣਾ ਜ਼ਿਆਦਾ ਬਿਹਤਰ ਹੈ।





ਲੇਖਕ : ਯਾਸੂਨਾਰੀ ਕਵਾਬਾਤਾ

# ਧੁੱਪ ਵਾਲਾ ਹਿੱਸਾ

ਅਨੁਵਾਦ : ਡਾ. ਧਨਵੰਤ ਕੌਰ

**ਜਾਪਾਨੀ ਗਲਪਕਾਰ ਯਾਸੂਨਾਰੀ ਕਵਾਬਾਤਾ ਦੀ ਇਸ ਰਚਨਾ ’ਚ ਜ਼ਿੰਦਗੀ ਦੇ ਉਨ੍ਹਾਂ ਮੁਢਲੇ ਅਨੁਭਵਾਂ ਦੀ ਗੱਲ ਕੀਤੀ ਗਈ ਹੈ, ਜੋ ਮਨੁੱਖ ਦੀ ਜ਼ਿੰਦਗੀ ਨੂੰ ਆਕਾਰ ਦਿੰਦੇ ਹਨ। ਇਸ ਨੂੰ ਹਿੰਦੀ ਵਿੱਚ ਅਨੁਵਾਦ ਜੀਤੇਂਦਰ ਭਾਟੀਆ ਨੇ ਕੀਤਾ ਹੈ ਅਤੇ ਇਸ ਨੂੰ ਪੰਜਾਬੀ ਰੂਪ ਡਾਕਟਰ ਧਨਵੰਤ ਕੌਰ ਨੇ ਦਿੱਤਾ ਹੈ।**

ਮੈਂ ਚੌਵੀ ਸਾਲ ਦਾ ਸੀ, ਜਦੋਂ ਪੱਤਝੜ ਦੇ ਮੌਸਮ ਵਿੱਚ ਸਮੁੰਦਰ ਕਿਨਾਰੇ ਇੱਕ ਸਰਾਂ ਵਿੱਚ ਮੈਨੂੰ ਇੱਕ ਲੜਕੀ ਮਿਲੀ। ਇਹ ਮੇਰੇ ਪ੍ਰੇਮ ਦੀ ਪਹਿਲੀ ਸ਼ੁਰੂਆਤ ਸੀ।

ਲੜਕੀ ਨੇ ਅਚਾਨਕ ਸਿਰ ਚੁੱਕਿਆ ਤੇ ਆਪਣਾ ਚਿਹਰਾ ਬਾਹਾਂ ਦੀ ਕਰਿੰਗੜੀ ਵਿੱਚ ਲੁਕੋ ਲਿਆ। ਉਸ ਦੇ ਅਜਿਹਾ ਕਰਨ ਤੋਂ ਮੈਨੂੰ ਅਹਿਸਾਸ ਹੋਇਆ ਕਿ ਜ਼ਰੂਰ ਮੈਂ ਫਿਰ ਆਪਣੀ ਗੰਦੀ ਆਦਤ ਦਾ ਪ੍ਰਦਰਸ਼ਨ ਕੀਤਾ ਹੋਵੇਗਾ। ਸ਼ਰਮਿੰਦਗੀ ਨਾਲ ਮੇਰੇ ਚਿਹਰੇ ’ਤੇ ਇੱਕ ਤਕਲੀਫ਼ ਵਾਲਾ ਭਾਵ ਉੱਭਰ ਆਇਆ!

“ਮੈਂ ਤੈਨੂੰ ਘੂਰ ਕੇ ਦੇਖਦਾ ਹਾਂ, ਹੈ ਨਾ?”

“ਹਾਂ, ਪਰ... ਇਹ ਗੱਲ ਨਹੀਂ!” ਲੜਕੀ ਦਾ ਸੁਰ ਨਿਮਰ ਸੀ ਅਤੇ ਉਸ ਦੇ ਸ਼ਬਦ ਬੋਝਲ ਨਹੀਂ ਸਨ। ਮੈਨੂੰ ਰਾਹਤ ਮਹਿਸੂਸ ਹੋਈ। “ਤੈਨੂੰ ਇਸ ਨਾਲ ਪਰੇਸ਼ਾਨੀ ਹੁੰਦੀ ਹੈ, ਹੈ ਨਾ?”“ਨਹੀਂ, ਇਹੋ ਜਿਹੀ ਕੋਈ ਗੱਲ ਨਹੀਂ, ਪਰ... ਛੱਡੋ ਜਾਣ ਦਿਓ, ਕੋਈ ਗੱਲ ਨਹੀਂ!”

ਉਸ ਨੇ ਆਪਣੀਆਂ ਬਾਹਾਂ ਚਿਹਰੇ ਤੋਂ ਹਟਾ ਕੇ ਥੱਲੇ ਕਰ ਲਈਆਂ। ਪਰ ਉਸਦੇ ਭਾਵ ਦੱਸ ਰਹੇ ਸਨ ਕਿ ਉਸ ਨੂੰ ਆਪਣਾ ਚਿਹਰਾ ਮੁੜ ਦਿਖਾਉਣ ਲਈ ਕੋਸ਼ਿਸ਼ ਕਰਨੀ ਪਈ ਸੀ। ਮੈਂ ਮੁੜ ਕੇ ਸਮੁੰਦਰ ਵੱਲ ਦੇਖਣ ਲੱਗਾ।

ਮੈਨੂੰ ਪੁਰਾਣੀ ਆਦਤ ਹੈ, ਆਪਣੇ ਕੋਲ ਬੈਠੇ ਲੋਕਾਂ ਨੂੰ ਘੂਰ ਕੇ ਦੇਖਣ ਦੀ। ਆਪਣੀ ਇਸ ਆਦਤ ਨੂੰ ਠੀਕ ਕਰਨ ਦੀ ਮੈਂ ਬਹੁਤ ਕੋਸ਼ਿਸ਼ ਕੀਤੀ, ਪਰ ਆਪਣੇ ਆਪ ਨੂੰ ਆਸ ਪਾਸ ਬੈਠੇ ਲੋਕਾਂ ਦੇ ਚਿਹਰੇ ਨੂੰ ਵੇਖਣੋਂ ਰੋਕਣਾ ਮੇਰੇ ਲਈ ਤਕਲੀਫ਼ਦੇਹ ਹੈ। ਹਰ ਵਾਰ ਜਦੋਂ ਮੇਰਾ ਧਿਆਨ ਆਪਣੀ ਇਸ ਆਦਤ ਵੱਲ ਜਾਂਦਾ ਹੈ ਤਾਂ ਮੈਨੂੰ ਆਪਣੇ ਆਪ ’ਤੇ ਖਿਝ ਅਤੇ ਸ਼ਰਮਿੰਦਗੀ ਮਹਿਸੂਸ ਹੁੰਦੀ ਹੈ। ਬਚਪਨ ਵਿੱਚ ਹੀ ਆਪਣੇ ਮਾਪੇ ਅਤੇ ਘਰ ਗੁਆਉਣ ਤੋਂ ਬਾਅਦ ਮੈਂ ਦੂਜਿਆਂ ਨਾਲ ਰਹਿਣ ਲੱਗਾ ਸਾਂ ਅਤੇ ਮੈਨੂੰ ਲੱਗਦਾ ਹੈ ਕਿ ਬਹੁਤਾ ਸਮਾਂ ਉਨ੍ਹਾਂ ਲੋਕਾਂ ਦੇ ਚਿਹਰਿਆਂ ਨੂੰ ਪੜ੍ਹਨ ਵਿੱਚ ਗੁਜ਼ਾਰਨ ਕਰਕੇ ਸ਼ਾਇਦ ਮੇਰੀ ਇਹ ਆਦਤ ਪੱਕ ਗਈ ਹੈ। ਸ਼ਾਇਦ ਇਸੇ ਵਜ੍ਹਾ ਕਰਕੇ ਮੈਂ ਅਜਿਹਾ ਹਾਂ।

ਇੱਕ ਵਾਰ ਮੈਂ ਇਹ ਤੈਅ ਕਰਨ ਦੀ ਕੋਸ਼ਿਸ਼ ਕੀਤੀ ਕਿ ਮੇਰੀ ਇਹ ਆਦਤ ਦੂਜਿਆਂ ਕੋਲ ਰਹਿਣ ਕਰਕੇ ਬਣੀ ਜਾਂ ਇਹ ਉਦੋਂ ਤੋਂ ਹੀ ਹੈ ਜਦੋਂ ਮੈਂ ਆਪਣੇ ਘਰ ਵਿੱਚ ਸੀ। ਪਰ ਮੈਨੂੰ ਅਜਿਹਾ ਕੁਝ ਵੀ ਯਾਦ ਨਹੀਂ ਆਇਆ, ਜਿਸ ਨਾਲ ਇਸ ਗੱਲ ਦੀ ਪੁਸ਼ਟੀ ਹੋ ਸਕਦੀ।

ਖ਼ੈਰ, ਜਦੋਂ ਮੈਂ ਉਸ ਲੜਕੀ ਦੇ ਚਿਹਰੇ ਤੋਂ ਨਜ਼ਰਾਂ ਹਟਾਈਆਂ ਤਾਂ ਸਮੁੰਦਰ ਤੱਟ ’ਤੇ ਪੱਤਝੜ ਦੀ ਧੁੱਪ ਵਿੱਚ ਨ੍ਹਾਤੀ ਰੌਸ਼ਨੀ ਦਾ ਇੱਕ ਟੁਕੜਾ ਮੇਰੇ ਸਾਹਮਣੇ ਸੀ। ਧੁੱਪ ਵਾਲਾ ਹਿੱਸਾ ਇੱਕ ਪੁਰਾਣੀ ਯਾਦ ਨੂੰ ਤਾਜ਼ਾ ਕਰ ਗਿਆ।

ਆਪਣੇ ਮਾਤਾ ਪਿਤਾ ਦੇ ਗੁਜ਼ਰ ਜਾਣ ਤੋਂ ਬਾਅਦ ਲਗਭਗ 10 ਸਾਲ ਤੱਕ ਮੈਂ ਆਪਣੇ ਦਾਦੇ ਨਾਲ ਇਕੱਲਾ ਪਿੰਡ ਵਾਲੇ ਘਰ ਵਿੱਚ ਰਿਹਾ। ਮੇਰੇ ਦਾਦਾ ਜੀ ਨਾਬੀਨਾ ਸਨ। ਕਈ ਸਾਲਾਂ ਤੱਕ ਉਹ ਲਗਾਤਾਰ ਉਸੇ ਕਮਰੇ ਵਿੱਚ, ਉਸੇ ਥਾਂ ਰੱਖੀ ਕੋਲਿਆਂ ਦੀ ਅੰਗੀਠੀ ਸਾਹਮਣੇ ਪੂਰਬ ਵੱਲ ਮੂੰਹ ਕਰਕੇ ਬੈਠੇ ਰਹਿੰਦੇ, ਵਿੱਚ ਵਿੱਚ ਕਦੇ ਉਨ੍ਹਾਂ ਦਾ ਸਿਰ ਦੱਖਣ ਵੱਲ ਵੀ ਘੁੰਮਦਾ ਪਰ ਉੱਤਰ ਦਿਸ਼ਾ ਵੱਲ ਉਹ ਕਦੀ ਨਹੀਂ ਸੀ ਮੁੜੇ। ਆਪਣੇ ਦਾਦੇ ਦੀ ਸਿਰਫ਼ ਇੱਕ ਹੀ ਪਾਸੇ ਚਿਹਰਾ ਘੁੰਮਾਉਣ ਦੀ ਇਸ ਆਦਤ ਦਾ ਪਤਾ ਲੱਗਣ ਪਿੱਛੋਂ ਮੈਂ ਕਾਫ਼ੀ ਫ਼ਿਕਰਮੰਦ ਰਹਿਣ ਲੱਗਾ। ਕਈ ਵਾਰ ਮੈਂ ਦੇਰ ਤੱਕ ਆਪਣੇ ਦਾਦਾ ਜੀ ਦੇ ਸਾਹਮਣੇ ਬੈਠਾ ਉਨ੍ਹਾਂ ਦੇ ਚਿਹਰੇ ਨੂੰ ਇੱਕ ਟੱਕ ਦੇਖਦਾ ਰਹਿੰਦਾ। ਇਸ ਉਮੀਦ ਨਾਲ ਕਿ ਸ਼ਾਇਦ ਕਦੇ ਉਹ ਆਪਣਾ ਚਿਹਰਾ ਉੱਤਰ ਵੱਲ ਵੀ ਘੁੰਮਾਉਣ। ਪਰ ਉਹ ਹਰ ਪੰਜ ਮਿੰਟ ਬਾਅਦ ਕਿਸੇ ਚਾਬੀ ਵਾਲੇ ਖਿਡੌਣੇ ਵਾਂਗ ਆਪਣਾ ਚਿਹਰਾ ਸੱਜੇ ਪਾਸੇ ਘੁਮਾ ਕੇ ਦੱਖਣ ਦੀ ਦਿਸ਼ਾ ਵੱਲ ਦੇਖਣ ਲੱਗਦੇ ਸਨ। ਇਸ ਨਾਲ ਮੈਨੂੰ ਇੱਕ ਅਜੀਬ ਉਦਾਸੀ ਭਰਿਆ ਅਹਿਸਾਸ ਹੁੰਦਾ। ਦੱਖਣ ਦਿਸ਼ਾ ਵਿੱਚ ਧੁੱਪ ਵਾਲਾ ਹਿੱਸਾ ਸੀ। ਕੀ ਦੇਖਣ ਤੋਂ ਅਸਮਰੱਥ ਕਿਸੇ ਵਿਅਕਤੀ ਨੂੰ ਵੀ ਦੱਖਣ ਵਾਲਾ ਹਿੱਸਾ ਵੱਧ ਰੌਸ਼ਨੀ ਭਰਿਆ ਮਹਿਸੂਸ ਹੁੰਦਾ ਹੋਵੇਗਾ?

ਹੁਣ ਉਸ ਸਮੁੰਦਰ ਤੱਟ ਵੱਲ ਵੇਖਦਿਆਂ ਮੈਨੂੰ ਉਹ ਪੁਰਾਣਾ ਧੁੱਪ ਵਾਲਾ ਹਿੱਸਾ ਯਾਦ ਆਇਆ, ਜਿਸ ਨੂੰ ਮੈਂ ਲਗਭਗ ਭੁੱਲ ਚੁੱਕਾ ਸਾਂ।

ਉਨ੍ਹਾਂ ਦਿਨਾਂ ਵਿੱਚ ਆਪਣੇ ਦਾਦੇ ਦੇ ਉੱਤਰ ਦਿਸ਼ਾ ਵੱਲ ਘੁੰਮਣ ਦੀ ਉਮੀਦ ਵਿੱਚ ਮੈਂ ਉਨ੍ਹਾਂ ਦੇ ਚਿਹਰੇ ਨੂੰ ਵੇਖਦਾ ਰਹਿੰਦਾ ਸਾਂ ਕਿਉਂਕਿ ਉਹ ਨਾਬੀਨਾ ਸਨ ਤੇ ਇਸੇ ਲਈ ਅਕਸਰ ਮੈਂ ਉਨ੍ਹਾਂ ਨੂੰ ਇੱਕ ਟੱਕ ਘੂਰਦਾ ਰਹਿੰਦਾ ਸੀ। ਫਿਰ ਮੈਨੂੰ ਸਮਝ ਆਇਆ ਕਿ ਇੱਥੋਂ ਹੀ ਮੈਨੂੰ ਲੋਕਾਂ ਦੇ ਚਿਹਰਿਆਂ ਨੂੰ ਦੇਖਣ ਦੀ ਆਦਤ ਪੈ ਗਈ ਸੀ। ਯਾਨੀ ਇਹ ਆਦਤ ਉਦੋਂ ਦੀ ਮੇਰੇ ਨਾਲ ਸੀ, ਜਦੋਂ ਮੈਂ ਆਪਣੇ ਘਰ ਵਿੱਚ ਸਾਂ। ਇਸ ਦਾ ਜਨਮ ਕੋਈ ਮਾੜੇ ਇਰਾਦਿਆਂ ਕਰਕੇ ਨਹੀਂ ਸੀ ਹੋਇਆ। ਇਸ ਆਦਤ ਲਈ ਆਪਣੇ ਆਪ ’ਤੇ ਤਰਸ ਖਾਂਦਾ ਮੈਂ ਖ਼ੁਦ ਨੂੰ ਸੁਰੱਖਿਅਤ ਮਹਿਸੂਸ ਕਰ ਸਕਦਾ ਸਾਂ। ਮੇਰਾ ਮਨ ਖ਼ੁਸ਼ੀ ਨਾਲ ਉਛਲ ਪਿਆ, ਕੁਝ ਇਸ ਕਰਕੇ ਵੀ ਕਿ ਮੇਰੇ ਦਿਲ ਵਿੱਚ ਹੁਣ ਉਸ ਲੜਕੀ ਨੂੰ ਲੈ ਕੇ ਵੀ ਕੋਈ ਪਾਪ ਵਰਗੀ ਮੰਦਭਾਵਨਾ ਨਾ ਮਹਿਸੂਸ ਕਰਨ ਦੀ ਇੱਛਾ ਜਾਗ ਪਈ ਸੀ।

“ਮੈਨੂੰ ਇਸ ਦੀ ਆਦਤ ਹੋ ਗਈ ਹੈ,” ਲੜਕੀ ਫਿਰ ਬੋਲੀ, “ਪਰ ਫਿਰ ਵੀ ਮੈਂ ਜ਼ਰਾ ਸ਼ਰਮੀਲੀ ਹਾਂ।”

ਉਸ ਦੇ ਸ਼ਬਦਾਂ ਦਾ ਮਤਲਬ ਸੀ ਕਿ ਮੈਂ ਹੁਣ ਆਪਣੀਆਂ ਨਿਗਾਹਾਂ ਉਸ ਦੇ ਚਿਹਰੇ ’ਤੇ ਵਾਪਸ ਲਿਆ ਸਕਦਾ ਹਾਂ। ਉਸ ਨੂੰ ਜ਼ਰੂਰ ਲੱਗ ਰਿਹਾ ਹੋਵੇਗਾ ਕਿ ਪਹਿਲਾਂ ਮੈਂ ਜੋ ਕੀਤਾ, ਉਹ ਬਦਸਲੂਕੀ ਸੀ।

ਮੈਂ ਉਸ ਵੱਲ ਵੇਖਿਆ ਤਾਂ ਮੇਰਾ ਚਿਹਰਾ ਚਮਕ ਰਿਹਾ ਸੀ। ਉਸ ਨੇ ਸ਼ਰਮਾਅ ਕੇ ਕੁਨੱਖੀ ਜਿਹੀ ਇੱਕ ਚੰਚਲ ਨਿਗ੍ਹਾ ਮੇਰੇ ’ਤੇ ਸੁੱਟੀ।

“ਹਰ ਬੀਤੇ ਦਿਨ ਅਤੇ ਰਾਤ ਨਾਲ ਮੇਰੇ ਚਿਹਰੇ ਦਾ ਨਵਾਂਪਣ ਘਟਦਾ ਜਾਵੇਗਾ, ਇਸ ਲਈ ਮੈਨੂੰ ਜ਼ਿਆਦਾ ਫ਼ਿਕਰ ਨਹੀਂ ਹੈ,” ਬੱਚਿਆਂ ਵਾਂਗ ਉਸ ਨੇ ਕਿਹਾ।

ਮੈਂ ਮੁਸਕਰਾਇਆ। ਮੈਨੂੰ ਲੱਗਾ ਕਿ ਸਾਡੇ ਸੰਬੰਧਾਂ ਵਿੱਚ ਅਚਾਨਕ ਇੱਕ ਨਵੀਂ ਰੂਹ ਫੂਕੀ ਗਈ ਹੈ। ਮੇਰਾ ਦਿਲ ਕੀਤਾ ਕਿ ਉਸ ਲੜਕੀ ਅਤੇ ਆਪਣੇ ਦਾਦੇ ਦੀ ਯਾਦ ਨੂੰ ਨਾਲ ਲੈ ਮੈਂ ਧੁੱਪ ਵਾਲੇ ਉਸ ਹਿੱਸੇ ਵੱਲ ਨਿਕਲ ਜਾਵਾਂ।

# ਸਤੀਆ ਸੇਈ

ਦਲੀਪ ਕੌਰ ਟਿਵਾਣਾ

ਜਦੋਂ ਵੀਰ ਭਗਤ ਸਿੰਘ ਨੂੰ
ਦਿੱਤਾ ਫਾਂਸੀ ਦਾ ਹੁਕਮ ਸੁਣਾ।
ਉਹਦੀ ਹੋਵਣ ਵਾਲੀ ਨਾਰ ਨੂੰ
ਕਿਸੇ ਪਿੰਡ ਵਿੱਚ ਦੱਸਿਆ ਜਾ ।

ਗੱਡੀ ਵਿੱਚ ਅੰਨ੍ਹਾ ਮੰਗਤਾ ਗਾ ਰਿਹਾ ਸੀ। ਫਿਰ ਮੈਂ ਮੰਗਤੇ ਦੇ ਮੂੰਹ ਵੱਲ ਤੱਕਿਆ ਪਰ ਸਟੇਸ਼ਨ ਆ ਜਾਣ ਕਰ ਕੇ ਉਹ ਉਸ ਡੱਬੇ ਵਿਚੋਂ ਉਤਰ ਕੇ ਦੂਜੇ ਵਿੱਚ ਜਾ ਚੜ੍ਹਿਆ। ਮੈਨੂੰ ਮੁੜ ਮੁੜ ਖਿਆਲ ਆਉਣ ਲੱਗਾ ਕਿ ਜਦੋਂ ਕਿਸੇ ਨੇ ਪਿੰਡ ਵਿੱਚ ਜਾ ਕੇ ਦੱਸਿਆ ਹੋਣਾ ਏਂ, ਕੀ ਗੁਜ਼ਰੀ ਹੋਊ ਭਗਤ ਸਿੰਘ ਦੀ ਮੰਗੇਤਰ ਦੇ ਦਿਲ ’ਤੇ? ਮੈਂ ਡੱਬੇ ਦੀ ਬਾਰੀ ਵਿਚੋਂ ਬਾਹਰ ਤੱਕਣ ਲੱਗੀ। ਇਉਂ ਲਗਦਾ ਸੀ ਜਿਵੇਂ ਸਾਹਮਣੇ ਖੇਤ, ਖੇਤਾਂ ਵਿੱਚ ਉਗੀਆਂ ਫਸਲਾਂ ਤੇ ਦਰਖਤਾਂ ਦੀਆਂ ਕਤਾਰਾਂ ਨੱਠੀਆਂ ਜਾ ਰਹੀਆਂ ਹੋਣ। ਉਨੀ ਹੀ ਤੇਜ਼ੀ ਨਾਲ ਖਿਆਲ ਮੇਰੇ ਦਿਮਾਗ ਵਿੱਚ ਨੱਠਣ ਲੱਗੇ। ਮੇਰੀ ਕਲਪਨਾ ਦੂਰ ਦਿਸਹੱਦੇ ਤੋਂ ਵੀ ਦੂਰ ਪਿੰਡ ਦੇ ਕਿਸੇ ਕੱਚੇ ਕੋਠੇ ਵਿੱਚ ਬੈਠੀ ਚਰਖਾ ਕੱਤਦੀ ਸੁਨੱਖੀ ਇਸਤਰੀ ਨੂੰ ਲੱਭਣ ਲੱਗੀ। ਚੁੱਪ ਚਾਪ ਮੈਂ ਉਹਦੇ ਮੂੰਹ ਵੱਲ ਤੱਕਣ ਲੱਗੀ।

ਕੀ ਆਹਨੀ ਏਂ ? ਉਹ ਬੋਲੀ।

ਤੂੰ ਕਿਵੇਂ ਉਮਰ ਗੁਜ਼ਾਰੀ? ਮੈਂ ਪੁੱਛਿਆ।

ਮੈਨੂੰ ਉਹਦੀ ਇੱਜ਼ਤ ਦਾ ਪਾਸ ਸੀ। ਲੋਕਾਂ ਕਹਿਣਾ ਸੀ, ਇਹ ਭਗਤ ਸਿੰਘ ਦੀ ਮੰਗੇਤਰ ਏ। ਮੈਂ ਕਿਵੇਂ ਸਾਹਸ ਛੱਡਦੀ? ਮਿਹਨਤ ਮਜ਼ਦੂਰੀ ਕੀਤੀ, ਲੋਕਾਂ ਦੀਆਂ ਕਪਾਹਾਂ ਚੁਗੀਆਂ, ਕੱਤਣਾ ਕੱਤਿਆ, ਪੀਹਣੇ ਪੀਠੇ, ਕੋਠੇ ਲਿੱਪੇ, ਘਾਹ ਖੋਤੇ ’ਤੇ ਡੰਗ ਟਪਾਇਆ।

ਕਿਉਂ, ਤੇਰੇ ਮਾਪਿਆਂ ਨੂੰ ਤੇਰਾ ਖਿਆਲ ਨਹੀਂ ਸੀ? ਮੈਂ ਪੁੱਛਿਆ।

ਕਿਹੜਾ ਸਾਲ ਛੀ ਮਹੀਨੇ ਦੀ ਗੱਲ ਸੀ ਕਿ ਮੈਂ ਉਨ੍ਹਾਂ ’ਤੇ ਬੋਝ ਬਣੀ ਰਹਿੰਦੀ? ਇਹ ਤਾਂ ਉਮਰਾਂ ਦੇ ਮਾਮਲੇ ਸਨ। ਨਾਲੇ ਉਨ੍ਹਾਂ ਉਹਨੂੰ ਹੀ ਕੋਸਣਾ ਸੀ ਜਿਹੜਾ ਆਪਣੇ ਫਰਜ਼ਾਂ ਨੂੰ ਵਿਚੇ ਹੀ ਛੱਡ ਗਿਆ ਸੀ।

ਤੂੰ ਸਰਕਾਰ ਕੋਲੋਂ ਮਦਦ ਮੰਗ ਲੈਣੀ ਸੀ। ਮੈਂ ਉਦਾਸ ਹੋ ਕੇ ਆਖਿਆ।

ਮੈਂ ਉਹਦੀ ਮੰਗੇਤਰ ਹੋ ਕੇ ਕਿਸੇ ਅੱਗੇ ਹੱਥ ਅੱਡਦੀ, ਇਹ ਮੈਥੋਂ ਹੋ ਨਹੀਂ ਸਕਿਆ।

ਉਹਦਾ ਸਿਦਕ, ਉਹਦਾ ਸਾਹਸ, ਉਹਦਾ ਸਿਰੜ ਦੇਖ, ਮੇਰਾ ਦਿਲ ਕਰੇ; ਇਸ ਮਹਾਨ ਔਰਤ ਦੇ ਪੈਰ ਛੂਹ ਲਵਾਂ। ਉਮਰਾਂ ਦੇ ਛਿੱਲੜ ਲਾਹ ਉਹ ਭਰ ਜਵਾਨ ਕੁੜੀ ਬਣ, ਮੇਰੀ ਯਾਦ ਵਿੱਚ ਉਘੜ ਖਲੋਤੀ।

ਸੁਣਿਆ ਏ ਉਹਦੇ ਪਿੰਡ ਉਹਦੀ ਯਾਦ ਮਨਾ ਰਹੇ ਨੇ। ਤੂੰ ਜਾਏਂਗੀ? ਮੈਂ ਪੁੱਛਿਆ।

ਮੈਂ ਮੈਂ ਉਹਦੇ ਪਿੰਡ ਭਲਾ ਕਿਵੇਂ ਜਾ ਸਕਦੀ ਹਾਂ? ਉਹਨੇ ਵੱਜਦੇ ਵਾਜਿਆਂ ਨਾਲ ਸਿਹਰੇ ਬੰਨ੍ਹ ਕੇ ਮੈਨੂੰ ਲੈਣ ਆਉਣਾ ਸੀ, ਉਹ ਆਇਆ ਨਹੀਂ। ਫਿਰ ਮੈਂ ਕਿਵੇਂ ਜਾ ਸਕਦੀ ਹਾਂ?

ਇਹ ਤੇ ਬੜੀ ਪੁਰਾਣੀ ਗੱਲ ਹੋ ਗਈ ਏ। ਮੈਂ ਆਖਿਆ।

ਤੈਨੂੰ ਪੁਰਾਣੀ ਲੱਗਦੀ ਹੋਊ। ਮੈਨੂੰ ਤਾਂ ਇਉਂ ਲੱਗਦੀ ਏ, ਜਿਵੇਂ ਹਾਲੇ ਕੱਲ੍ਹ ਦੀ ਗੱਲ ਹੋਵੇ। ਜਦੋਂ ਇਕ ਦਿਨ ਦੀਵੇ ਬਲਦਿਆਂ ਨਾਲ ਉਹ ਸਾਡੇ ਪਿੰਡ ਆਇਆ ਸੀ, ਬਾਹਰ ਖੂਹ ’ਤੇ ਖਲੋ ਇਕ ਨਿਆਣੇ ਹੱਥ ਮੈਨੂੰ ਸੁਨੇਹਾ ਭੇਜ ਦਿੱਤਾ। ਮੈਂ ਝਿਜਕਦੀ ਝਿਜਕਦੀ ਸਭ ਤੋਂ ਚੋਰੀ ਉਥੇ ਆ ਗਈ। ਬੋਲਿਆ- ਤੂੰ ਫਿਕਰ ਨਾ ਕਰੀਂ, ਅਜੇ ਮੈਨੂੰ ਜ਼ਰੂਰੀ ਕੰਮ ਨੇ। ਜਦੋਂ ਵਿਆਹ ਕੀਤਾ, ਮੈਂ ਤੇਰੇ ਨਾਲ ਹੀ ਕਰਾਂਗਾ। ਮੈਂ ਛੇਤੀ ਹੀ ਆਵਾਂਗਾ। ਉਹ ਚਲਿਆ ਗਿਆ ਤੇ ਮੁੜ ਅਜੇ ਤੱਕ ਨਹੀਂ ਆਇਆ।

ਉਸ ਵੇਲੇ ਮੈਨੂੰ ਇਕ ਰੂਸੀ ਗੀਤ ਯਾਦ ਆਇਆ- ‘ਸਾਡਾ ਘਰ ਸਜਨੀਏ ਏਡੀ ਦੂਰ ਤਾਂ ਨਹੀਂ ਸੀ ਕਿ ਉਮਰ ਭਰ ਫੇਰਾ ਨਾ ਪਾਇਆ।’ ਇਨ੍ਹਾਂ ਲਫਜ਼ਾਂ ਦੀ ਤੜਫ ਉਹਦੇ ਮੂੰਹ ਤੋਂ ਲੱਭਦੀ ਸੀ ਜਿਹੜੀ ਜ਼ਿੰਦਗੀ ਭਰ ਉਹਨੂੰ ਉਡੀਕਦੀ ਰਹੀ ਜਿਸ ਨੇ ਮੁੜ ਕਦੇ ਫੇਰਾ ਨਾ ਪਾਇਆ।

ਤੂੰ ਇਨ੍ਹਾਂ ਪੀੜਾਂ ਦੀ ਸਾਰ ਕੀ ਜਾਣੇ! ਉਹ ਅੱਖਾਂ ਭਰ ਕੇ ਬੋਲੀ। ਦੋ ਹੰਝੂ ਵਹਿ ਤੁਰੇ। ਮੈਨੂੰ ਲੱਗਿਆ ਜਿਵੇਂ ਉਹ ਕਹਿ ਰਹੀ ਹੋਵੇ- ‘ਇਹ ਕਿਹੀ ਵੇ ਧਰਤ ਕੰਡਿਆਲੀ, ਇਹ ਕਿਹੇ ਵੇ ਜੀਵਨ ਦੇ ਬਰੇਤੇ’ ਮੇਰੇ ਸਾਹ ਸੁੱਕਦੇ ਜਾ ਰਹੇ ਨੇ।

ਰੱਬ ਤੈਨੂੰ ਲੰਮੀ ਉਮਰ ਬਖਸ਼ੇ। ਉਹਦੇ ਕੁਮਲਾਏ ਮੂੰਹ ਵੱਲ ਤੱਕ ਕੇ ਮੈਂ ਆਖਿਆ।

ਉਹ ਇਉਂ ਤ੍ਰਭਕੀ ਜਿਵੇਂ ਮੈਂ ਉਹਦੇ ਚਪੇੜ ਕੱਢ ਮਾਰੀ ਹੋਵੇ। ਫਿਰ ਕਰੁਣਾ ਭਰੀ ਆਵਾਜ਼ ਵਿੱਚ ਕਹਿਣ ਲੱਗੀ, ਮੇਰੀਏ ਹਮਦਰਦਣੇ, ਲੰਮੀ ਉਮਰ ਲਈ ਮੇਰੀ ਚਾਹ ਨਹੀਂ। ਉਮਰ ਦੇ ਤਾਂ ਇਹ ਦਿਨ ਵੀ ਨਹੀਂ ਮੁੱਕਦੇ ਪਏ।

ਉਹਦੀ ਉਦਾਸੀ ਮੇਰੇ ਕੋਲੋਂ ਦੇਖੀ ਨਾ ਗਈ। ਗੱਲ ਬਦਲਣ ਲਈ ਮੈਂ ਆਖਿਆ, ਤੂੰ ਮੇਰੇ ਨਾਲ ਸ਼ਹਿਰ ਚੱਲ। ਮੇਰੀ ਭੈਣ ਦਾ ਵਿਆਹ ਏ, ਦੋ ਚਾਰ ਦਿਨ ਸੁਹਣੇ ਲੰਘ ਜਾਣਗੇ।

ਨਹੀਂ ਮੈਂ ਵਿਆਹ ਨਹੀਂ ਜਾ ਸਕਦੀ। ਉਹ ਬੋਲੀ।

ਕਿਉਂ? ਮੈਂ ਪੁੱਛਿਆ।

ਖੁਸ਼ੀਆਂ ਦੇ ਮੌਕੇ ਮੇਰੇ ਕੋਲੋਂ ਝੱਲੇ ਨਹੀਂ ਜਾਂਦੇ। ਅਜਿਹੇ ਮੌਕਿਆਂ ’ਤੇ ਮੈਂ ਬੜੀ ਥੱਕ ਜਾਂਦੀ ਹਾਂ। ਮੈਥੋਂ ਆਪਣੇ ਗਮ ਹੁਣ ਘੜੀ ਪਲ ਲਈ ਵੀ ਦੂਰ ਨਹੀਂ ਕੀਤੇ ਜਾਂਦੇ। ਮੈਨੂੰ ਇਨ੍ਹਾਂ ਦੇ ਨਾਲ ਰਹਿਣ ਦੀ ਆਦਤ ਪੈ ਗਈ ਏ। ਇਕ ਗੱਲ ਦੱਸੇਂਗੀ? ਉਹਨੇ ਆਸ ਨਾਲ ਮੇਰੇ ਵੱਲ ਤੱਕਿਆ।

ਹਾਂ ਪੁੱਛ। ਮੈਂ ਆਖਿਆ।

ਕੀ ਸੱਚੀ ਮੁੱਚੀ ਕੋਈ ਅਗਲਾ ਜਨਮ ਵੀ ਹੁੰਦਾ ਹੈ?

‘ਵਿਚਾਰੀ!’ ਮੇਰੇ ਦਿਲ ਨੇ ਆਖਿਆ।

ਹਾਂ, ਜ਼ਰੂਰ ਹੁੰਦਾ ਏ। ਮੈਂ ਕਹਿ ਦਿੱਤਾ। ਇਹ ਸੁਣ ਉਸ ਦੀਆਂ ਅੱਖਾਂ ਵਿੱਚ ਚਮਕ ਆਈ ਤੇ ਉਹ ਮੁਸਕਰਾ ਪਈ।

ਕੀ ਅਜੇ ਤੀਕ ਵੀ ਉਹ ਤੈਨੂੰ ਯਾਦ ਏ? ਮੈਂ ਪੁੱਛਿਆ।

ਹਾਂ, ਹਰ ਘੜੀ ਹਰ ਪਲ ਉਹ ਮੈਨੂੰ ਯਾਦ ਰਹਿੰਦਾ ਏ। ਕਦੇ ਕਦੇ ਤਾਂ ਬੜਾ ਮਨ ਕਰਦਾ ਏ ਕਿ ਕੋਈ ਆ ਕੇ ਆਖੇ- ‘ਨਹੀਂ ਉਹ ਮਰਿਆ ਨਹੀਂ, ਉਹਨੂੰ ਫਾਂਸੀ ਨਹੀਂ ਦਿੱਤੀ ਗਈ, ਉਹ ਜਿਉਂਦਾ ਏ।’ ਕਦੀ ਕਦੀ ਸੋਚਦੀ ਹਾਂ, ਜੇ ਕਿਧਰੇ ਉਹ ਸੱਚੀ-ਮੁੱਚੀ ਮੁੜ ਆਵੇ, ਮੈਂ ਉਹਨੂੰ ਆਖਾਂ- ਕਹੁ ਵੇ ਇਨ੍ਹਾਂ ਤਕਦੀਰਾਂ ਨੂੰ, ਇਉਂ ਨਾ ਦੂਰ ਖਲੋਣ, ਮੈਂ ਵੀ ਕਿਸੇ ਦੀ ਧੀ ਵੇ, ਮੈਂ ਵੀ ਕਿਸੇ ਦੀ ਭੈਣ ਪਰ ਹੁਣ ਇਨ੍ਹਾਂ ਤਕਦੀਰਾਂ ਕੋਲ ਮੇਰੇ ਜੋਗਾ ਹੈ ਈ ਕੀ ਏ। ਉਹ ਉਦਾਸ ਹੋ ਕੇ ਬੋਲੀ।

ਹੁਣ ਤਾਂ ਭਗਤ ਸਿੰਘ ਦੇ ਸੁਪਨੇ ਪੂਰੇ ਹੋ ਰਹੇ ਨੇ। ਦੇਖ, ਦੇਸ਼ ਕਿਵੇਂ ਤਰੱਕੀ ਵੱਲ ਜਾ ਰਿਹਾ ਏ। ਤੂੰ ਵੀ ਕੋਈ ਹਿੱਸਾ ਪਾ। ਦੇਖ ਨਵਾਂ ਵਰ੍ਹਾ ਆਇਆ ਏ, ਨਵਾਂ ਕਦਮ ਚੁੱਕ। ਮੈਂ ਆਖਿਆ। ਉਹਦਾ ਮੂੰਹ ਹਿੱਸ ਗਿਆ ਤੇ ਉਹ ਚੁੱਪ ਚਾਪ ਮੇਰੇ ਵੱਲ ਤੱਕਣ ਲੱਗੀ, ਜਿਵੇਂ ਕਹਿੰਦੀ ਹੋਵੇ,

ਪਿਛਲਾ ਵਰ੍ਹਾ ਰੋ ਕੇ ਟੁਰ ਚੱਲਿਆ,
ਅਗਲਾ ਵੀ ਖੜ੍ਹਾ ਉਦਾਸ।
ਕਿਹੜੇ ਵੇ ਮੁਨੀ ਸਰਾਪਿਆ,
ਤੂੰ ਮੁੜ ਨਾ ਪੁੱਛੀ ਬਾਤ।

ਤੂੰ ਕੀ ਸੋਚ ਰਹੀ ਏ? ਮੈਂ ਪੁੱਛਿਆ। ਉਸ ਨੇ ਹਉਕਾ ਭਰਿਆ, ਜਿਵੇਂ ਕਹਿੰਦੀ ਹੋਵੇ- ‘ਰਾਤ ਦੀ ਰਾਣੀ ਮੈਨੂੰ ਪੁੱਛਦੀ, ਕਿਥੇ ਤਾਂ ਗਈਆਂ ਨੀ ਤੇਰੀਆਂ ਨੀਂਦਰਾਂ! ਦਿਹੁੰ ਵੀ ਉਲਾਂਭੇ ਦਿੰਦਾ, ਕਿਥੇ ਤਾਂ ਖੋਈਆਂ ਤੇਰੀਆਂ ਸੂਰਤਾਂ! ਮੈਂ ਮੁੜ ਮੁੜ ਤੈਥੋਂ ਪੁਛਦੀ, ਕੌਣ ਭਰੂ ਵੇ ਮੇਰੀ ਕਹਾਣੀ ਦਾ ਹੁੰਗਾਰਾ? ਕੌਣ ਬਣੂ ਵੇ ਮੇਰੇ ਦੁੱਖਾਂ ਦਾ ਸੀਰੀ?’

ਮੈਂ ਉਹਦੇ ਮੂੰਹ ਵੱਲ ਤੱਕਿਆ- ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ॥ ਇਸ ਕਥਨ ਅੱਗੇ ਮੈਂ ਸਿਰ ਝੁਕਾ ਦਿੱਤਾ। ਉਹਦੀ ਟੁੱਟੀ ਹੋਈ ਜੁੱਤੀ ’ਤੇ ਮੇਰੀ ਨਜ਼ਰ ਪੈ ਗਈ। ਮੈਂ ਧਿਆਨ ਨਾਲ ਦੇਖਿਆ, ਉਹਦੀ ਕਮੀਜ਼ ਨੂੰ ਵੀ ਟਾਕੀਆਂ ਲੱਗੀਆਂ ਹੋਈਆਂ ਸਨ। ਮੈਨੂੰ ਦੁੱਖ ਲੱਗਾ।

ਤੂੰ ਉਹਨੂੰ ਵੇਖਿਆ ਸੀ? ਉਹ ਅਜੇ ਵੀ ਉਹਦੇ ਬਾਰੇ ਹੀ ਸੋਚ ਰਹੀ ਸੀ।

ਨਹੀਂ। ਮੈਂ ਆਖਿਆ।

ਉਹ ਬੜਾ ਸੋਹਣਾ ਸੀ। ਸਾਡੇ ਪਿੰਡ ਦੀਆਂ ਸਾਰੀਆਂ ਕੁੜੀਆਂ ਦੇ ਪਰਾਹੁਣਿਆਂ ਨਾਲੋਂ ਸੋਹਣਾ। ਤੇ ਅੱਗਿਉਂ ਉਹਦਾ ਗਲਾ ਭਰ ਆਇਆ ਤੇ ਫਿਰ ਜਿਵੇਂ ਆਪਣੇ ਆਪ ਗੱਲਾਂ ਕਰਨ ਲੱਗੀ,

‘ਆਉਂਦੇ ਜਾਂਦੇ ਰਾਹੀਆਂ ਦੇ ਮੈਂ ਮੂੰਹ ਵੱਲ ਤੱਕਦੀ,
ਕੋਈ ਕਦੇ ਵੀ ਤੇਰੀ ਗੱਲ।
ਮੈਂ ਕੰਨਿਆ ਕੁਆਰੀ ਖੜ੍ਹੀ ਉਡੀਕਦੀ ਵੇ,
ਕਦੇ ਤਾਂ ਸੁਨੇਹਾ ਘੱਲ।’

ਕੀ ਸੋਚ ਰਹੀ ਏਂ ਸੋਹਣੀਏ? ਮੈਂ ਪੁੱਛਿਆ। ਉਹ ਆਪਣੇ ਹੱਥਾਂ ਦੀਆਂ ਲਕੀਰਾਂ ਵੱਲ ਧਿਆਨ ਨਾਲ ਤੱਕਣ ਲੱਗੀ, ਜਿਵੇਂ ਕਹਿ ਰਹੀ ਹੋਵੇ- ‘ਮਾਂ ਆਪਣੀ ਨੂੰ ਮੈਂ ਪੁੱਛਦੀ, ਧੀ ਦੇ ਕਿਹੇ ਲੇਖ ਲਿਖਾਏ।’

ਮੈਂ ਉਹਦੇ ਵੱਲ ਤੱਕਦੀ ਰਹੀ। ਕੋਈ ਲਾਟ ਬਲਦੀ ਸੀ ਉਹਦੀਆਂ ਨਜ਼ਰਾਂ ਵਿੱਚ। ਕੋਈ ਕਹਿਰ ਸੀ ਉਹਦੀ ਤੱਕਣੀ ਵਿੱਚ। ਮੈਨੂੰ ਲੱਗਿਆ ਜਿਵੇਂ ਉਹ ਕੋਈ ਨਾਗਣ ਬਣ ਕੇ ਫੁੰਕਾਰ ਰਹੀ ਹੋਵੇ। ਭਗਤ ਸਿੰਘ ਦੇ ਕਾਤਲਾਂ ਨੂੰ ਜਿਵੇਂ ਹੁਣੇ ਡੱਸ ਲੈਣਾ ਲੋਚਦੀ ਹੋਵੇ। ਜਿਵੇਂ ਸਭ ਕੁਝ ਭੰਨ ਤੋੜ, ਮਸਲ ਦੇਣਾ ਚਾਹੁੰਦੀ ਹੋਵੇ। ਫਿਰ ਉਹਨੇ ਪਲਕਾਂ ਝੁਕਾ ਲਈਆਂ ਜਿਵੇਂ ਕਹਿੰਦੀ ਹੋਵੇ- ‘ਮੈਂ ਭਲਾ ਕੀ ਕਰ ਸਕਦੀ ਹਾਂ?’

ਤੂੰ ਨਿਰਾਸ਼ ਨਾ ਹੋ। ਭਗਤ ਸਿੰਘ ਸਿਰਫ ਤੇਰਾ ਹੀ ਨਹੀਂ ਸੀ, ਉਹ ਸਾਡਾ ਸਾਰਿਆਂ ਦਾ ਸੀ। ਉਹਦੀ ਮੌਤ ਦਾ ਦੁੱਖ ਤੈਨੂੰ ਹੀ ਨਹੀਂ, ਸਾਰੇ ਦੇਸ਼ ਨੂੰ ਹੈ। ਅਸੀਂ ਉਹਨੂੰ ਭੁੱਲੇ ਨਹੀਂ, ਸਾਨੂੰ ਤੂੰ ਵੀ ਯਾਦ ਏਂ।

ਇਹ ਸੁਣ ਕੇ ਉਹਦੀਆਂ ਅੱਖਾਂ ਭਰ ਆਈਆਂ ਤੇ ਹੰਝੂ ਕੇਰ ਉਹ ਮੇਰੀ ਕਲਪਨਾ ਵਿਚੋਂ ਮੁੜ ਚੱਲੀ। ਮੈਨੂੰ ਲੱਗਿਆ- ‘ਧਰਤ ਅੰਬਰ ਵੀ ਸੋਚਦੇ, ਕੀ ਦੇਣ ਤਸੱਲੀ।’

ਇੰਨੇ ਨੂੰ ਇਕ ਝੂਟੇ ਨਾਲ ਗੱਡੀ ਸਟੇਸ਼ਨ ਉਤੇ ਆਣ ਖੜ੍ਹੀ ਹੋਈ। ਉਹ ਮੰਗਤਾ ਫਿਰ ਡੱਬੇ ਅੱਗੇ ਵੀ ਗਾਉਂਦਾ ਜਾ ਰਿਹਾ ਸੀ,

ਜਦੋਂ ਵੀਰ ਭਗਤ ਸਿੰਘ, ਦੱਤ ਨੂੰ,
ਦਿੱਤਾ ਫਾਂਸੀ ਦਾ ਹੁਕਮ ਸੁਣਾ।
ਉਹਦੀ ਹੋਵਣ ਵਾਲੀ ਨਾਰ ਨੂੰ,
ਕਿਸੇ ਪਿੰਡ ਵਿੱਚ ਦੱਸਿਆ ਜਾ।

# ਕਾਵਿ ਸੰਸਾਰ

## ਪਤੰਗ

ਸਤਨਾਮ ਸ਼ਾਇਰ



ਰੰਗ-ਬਰੰਗੇ ਰੰਗਾਂ ਨਾਲ,
ਅੱਜ ਭਰਿਆ ਅੰਬਰ ਪਤੰਗਾਂ ਨਾਲ।
ਛੱਡ ਢਿੱਲੀ ਫ਼ਿਕਰਾਂ ਦੀ ਡੋਰ ਨੂੰ,
ਉੱਡੂ ਜ਼ਿੰਦਗੀ ਨਵੀਆਂ ਉਮੰਗਾਂ ਨਾਲ।
ਇੱਕ ਡੋਰ ਸਹਾਰੇ ਉੱਡੀ ਜਾਵੇ,
ਹਵਾ 'ਚ ਗੋਤੇ ਗੁੱਡੀ ਖਾਵੇ।
ਹੁਣ ਉੱਤੇ ਪਲ ਨੂੰ ਥੱਲੇ।
ਇੱਥੇ ਹਰ ਇੱਕ ਦਾ ਵਕਤ ਆਵੇ।
ਪਤੰਗਾਂ ਦਾ ਪੇਚਾ ਪੈ ਲਿਆ,
ਕੌਣ ਕਿੰਨੀਆਂ ਕੱਟ ਕੇ ਲੈ ਗਿਆ।
ਹੋ ਰਿਹਾ ਪਤੰਗਬਾਜ਼ੀ ਦਾ ਮੁਕਾਬਲਾ,
ਕਈਆਂ ਹੱਥ ਡੋਰ ਦਾ ਪਿੰਨਾ ਰਹਿ ਗਿਆ।
ਕਾਤਿਲਾਂ ਸਹਾਰੇ ਪਤੰਗ ਟਿਕਦੀ ਕਿਵੇਂ ਆ,
ਉੱਡਦੇ ਪਰਿੰਦਿਆਂ ਦੀ ਮੌਤ ਲਿਖਦੀ ਕਿਵੇਂ ਆ।
ਕੁਝ ਕੁ ਪਲ ਦਾ ਮਜ਼ਾ ਹੋਰਾਂ ਲਈ ਸਜ਼ਾ ਬਣਦਾ,
ਪਾਬੰਦੀ ਹੋ ਕੇ ਵੀ ਚਾਈਨਾ ਡੋਰ ਵਿਕਦੀ ਕਿਵੇਂ ਆ।

## ਸੱਜਣਾ ਵੇ

ਡਾ. ਆਤਮਾ ਸਿੰਘ ਗਿੱਲ



ਤੇਰੀ ਮੇਰੀ ਪ੍ਰੀਤ ਕਹਾਣੀ ਸੱਜਣਾ ਵੇ।
ਹੁੰਦੇ ਜਿੱਦਾਂ ਅੱਗ ਤੇ ਪਾਣੀ ਸੱਜਣਾ ਵੇ।
ਗੈਰਾਂ 'ਤੇ ਕੀ ਦੋਸ਼ ਕਿਸੇ 'ਤੇ ਸ਼ਿਕਵਾ ਕੀ,
ਦੁਸ਼ਮਣ ਤਾਂ ਹੈ ਆਪਣੀ ਢਾਣੀ ਸੱਜਣਾ ਵੇ।
ਪੱਥਰਾਂ ਵਰਗੇ ਸ਼ਹਿਰੀਂ ਅੱਜ ਵੀ ਚੱਲਦੀ ਏ,
ਮਜਨੂੰ ਵਾਲੀ ਰੀਤ ਪੁਰਾਣੀ ਸੱਜਣਾ ਵੇ।
ਕਿਹੜੇ ਕਿਹੜੇ ਮਸਲੇ ਤੂੰ ਸੁਲਝਾਵੇਂਗਾ,
ਹਰ ਪਾਸੇ ਹੈ ਉਲਝੀ ਤਾਣੀ ਸੱਜਣਾ ਵੇ।
ਦੌਲਤ ਸ਼ੁਹਰਤ ਨਾਲ ਕਿਸੇ ਦੇ ਜਾਣੀ ਨਾ,
ਭਾਵੇਂ ਹੋਵੇ ਰਾਜਾ ਰਾਣੀ ਸੱਜਣਾ ਵੇ।
'ਆਤਮ' ਸਾਡੀ ਭਟਕਣ ਕਦੇ ਵੀ ਮੁਕਣੀ ਨਾ,
ਬੇਸ਼ੱਕ ਰਾਹ ਦੀ ਖਾਕ ਵੀ ਛਾਣੀ ਸੱਜਣਾ ਵੇ।

## ਘੁੰਮਣਘੇਰੀਆਂ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ. 07748772308



ਫ਼ਰਸ਼ਾਂ ਤੋਂ ਅਰਸ਼ਾਂ ਤੱਕ ਨੇ, ਹਰ ਪਾਸੇ ਘੁੰਮਣਘੇਰੀਆਂ,
ਕਹਾਣੀਆਂ ਨੇ ਚੱਕਰਾਂ ਵਿੱਚ, ਕਈ ਤੇਰੀਆਂ ਤੇ ਮੇਰੀਆਂ।
ਕਿੰਨੇ ਗ੍ਰਹਿ ਨੇ ਫਸੇ ਹੋਏ, ਆਵਾਗਵਣ ਦੇ ਜਾਲ਼ ਵਿੱਚ,
ਬੁੱਝਣੀਆਂ ਸਭ ਨੇ ਔਖੀਆਂ, ਬੁਝਾਰਤਾਂ ਰੱਬਾ ਤੇਰੀਆਂ।
ਕਈ ਐਸੇ ਵੀ ਨੇ ਚਾਲਬਾਜ਼, ਜੋ ਚੱਕਰਾਂ 'ਚ ਪਾਉਣ ਲਈ,
ਬੁਣਦੇ ਅਜਿਹੇ ਜਾਲ਼ ਕਈ, ਬੁਣਤੀਆਂ ਪਾ ਘਨੇਰੀਆਂ।
ਆਪਣੇ ਸਿਰ ਇਲਜ਼ਾਮ ਨਹੀਂ, ਦੂਜਿਆਂ 'ਤੇ ਦੋਸ਼ ਧਰ,
ਅਲੋਪ ਹੋ ਜਾਂਦੇ ਕਈ, ਕਰ ਜ਼ਿੰਦਗੀਆਂ ਕਈ ਹਨੇਰੀਆਂ।
ਜੀਵਨ ਦੇ ਰਾਹ ਖ਼ੁਦ ਵੀ ਕਦੀ, ਕੁਰਾਹੇ ਪਾ ਭਟਕਾਂਵਦੇ,
ਕਦੀ ਭਟਕਣਾਂ ਬਣ ਜਾਂਦੀਆਂ, ਨਵੀਆਂ ਰਾਹ ਦਸੇਰੀਆਂ।
ਜੇ ਜ਼ਮੀਰ ਵੀ ਘੁੰਮਣਘੇਰੀ ਹੈ, ਫਿਰ ਜੇਲ੍ਹਾਂ ਦੀ ਕੀ ਲੋੜ ਹੈ,
ਢਾਲ਼ ਸੁੱਟੋ ਸਭ ਭੱਠੀਆਂ ਵਿੱਚ, ਹਥਕੜੀਆਂ 'ਤੇ ਬੇੜੀਆਂ।
ਜ਼ਿੰਦਗੀ 'ਤੇ ਮੌਤ ਦਾ ਚੱਕਰ, ਵੀ ਤਾਂ ਘੁੰਮਣਘੇਰੀ ਹੈ,
ਇਸ ਦੇ ਪਿੱਛੇ ਵੀ ਛੁਪੀਆਂ ਨੇ, ਹਕੀਕਤਾਂ ਬਥੇਰੀਆਂ।
ਆਰੰਭ ਅਤੇ ਅਖੀਰ ਵੀ, ਕਦੀ ਗਿਆ ਨਾ ਆਂਕਿਆ,
ਹੰਭ ਜਾਵੇਗਾ ਇਹ ਬੰਦਾ, ਕਰੀਚਦਾ ਦੰਦੇਰੀਆਂ।
ਤੂੰ ਹੋ ਜਾ ਪੁੱਠਾ ਭਾਵੇਂ, ਭਾਵੇਂ ਸਿੱਧਾ ਚੱਲ ਕੇ ਦੇਖ,
ਨਹੀਂ ਤੇਰੇ ਹੱਥ ਆਉਣੀਆਂ, ਇਹ ਗੋਲ ਘੁੰਮਣਘੇਰੀਆਂ।
ਫ਼ਰਸ਼ਾਂ ਤੋਂ ਅਰਸ਼ਾਂ ਤੱਕ ਨੇ, ਹਰ ਪਾਸੇ ਘੁੰਮਣਘੇਰੀਆਂ,
ਕਹਾਣੀਆਂ ਨੇ ਚੱਕਰਾਂ ਵਿੱਚ, ਕਈ ਤੇਰੀਆਂ ਤੇ ਮੇਰੀਆਂ।

## ਮਾਂ

ਗੁਰਜੀਤ ਟਹਿਣਾ



ਮਾਂ ਹਮੇਸ਼ਾ ਮੇਰਾ ਫ਼ਿਕਰ ਕਰਦੀ ਰਹਿੰਦੀ,
ਕਹਿੰਦੀ ਸੈਂ ਆਪਣਾ ਖਿਆਲ ਰੱਖਿਆ ਕਰ!
ਵੇਖੀਂ ਕਿਤੇ ਠੰਢ ਨਾ ਲੱਗਜੇ"
ਅਕਸਰ ਸਮਝਾਉਂਦੀ
ਰੋਟੀ ਟਿਕ ਕੇ ਖਾਈਦੀ ਐ,
ਖਾਣ ਵੇਲੇ ਭੱਜੂੰ-ਭੱਜੂੰ ਨੀਂ ਕਰੀਦਾ ਹੁੰਦਾ
ਅਜੇ ਜ਼ਿਆਦਾ ਠੰਡ ਤਾਂ ਨਹੀਂ ਪਰ
ਪਤਾ ਨਹੀਂ ਕਿਉਂ?
ਮੈਂ ਤੇਰੇ ਹੱਥੀਂ ਉਣੀ ਕੋਟੀ ਪਾ ਬਹਿੰਦਾ ਹਾਂ,
ਤੇਰੀ ਗੋਦ ਦਾ ਨਿੱਘ ਮਹਿਸੂਸਦਾ ਹਾਂ
ਹਾਂ ਸੱਚ
ਹੁਣ ਮੈਂ ਆਰਾਮ ਨਾਲ ਬਹਿ ਕੇ ਰੋਟੀ ਖਾਂਦਾ ਹਾਂ,
ਨਿੱਕੀ-ਨਿੱਕੀ ਬੁਰਕੀ ਕਰ,
ਚੰਗੀ ਤਰ੍ਹਾਂ ਚਿੱਥ ਚੱਬ ਕੇ,
ਪਰ ਹੁਣ ਰੋਟੀ ਦਾ ਉਹ ਸਵਾਦ ਨੀਂ ਆਉਂਦਾ,
ਤੇਰੇ ਹੱਥ ਦੀ ਰੋਟੀ ਜਿੰਨਾ।
ਮਾਂ ਤੂੰ ਦੂਰ ਹੋ ਕੇ ਵੀ ਮੇਰੇ ਕੋਲ ਏਂ
ਦਿਲ ਦੇ ਧੁਰ ਅੰਦਰ
ਐਨ ਨਾਲ ਕਰਕੇ ਨੇੜੇ-ਨੇੜੇ,
ਆਲੇ-ਦੁਆਲੇ,
ਚਾਰੇ ਪਾਸੇ ਬ੍ਰਹਿਮੰਡ ਤੀਕ॥

## ਬਰਬਾਦੀ ਦੀ ਦਾਸਤਾਨ

ਭਾਈ ਹਰਪਾਲ ਸਿੰਘ ਲੱਖਾ

ਗਲੋਂ ਗ਼ੁਲਾਮੀ ਲਾਹਵਣ ਖਾਤਿਰ, ਸੂਰਮਿਆਂ ਸਿਰ ਵਾਰੇ ਸੀ।
ਅੱਗੇ ਵਧ ਕੇ ਗੁਰਸਿੱਖਾਂ ਨੇ, ਲੱਖਾਂ ਕਸ਼ਟ ਸਹਾਰੇ ਸੀ।
ਧਨ ਦੌਲਤ ਪਰਿਵਾਰ ਵਾਰ 'ਤੇ, ਉਜੜ ਗਏ ਘਰ-ਬਾਰ ਤਾਂ ਦੇਖੋ।
ਆਜ਼ਾਦ ਨਹੀਂ, ਬਰਬਾਦ ਹੋਏ ਹਾਂ, ਕਰਕੇ ਜਰਾ ਵਿਚਾਰ ਤਾਂ ਦੇਖੋ।

ਹਿੰਦੋਸਤਾਨ ਦੇ ਹਾਕਮ ਰਹਿੰਦੇ, ਦਿੱਲੀ ਰਾਜਧਾਨੀ ਜੀ।
ਨਸਲਕੁਸ਼ੀ ਸਿੱਖਾਂ ਦੀ ਕੀਤੀ, ਕਹਿ ਕੇ ਕੌਮ ਬਿਗਾਨੀ ਜੀ।
ਦੁਸ਼ਟਾਂ ਥਾਂ-ਥਾਂ ਅੱਗ ਲਗਾਈ, ਸਾੜੇ ਗੁਰ-ਦਰਬਾਰ ਤਾਂ ਦੇਖੋ।
ਆਜ਼ਾਦ ਨਹੀਂ, ਬਰਬਾਦ ਹੋਏ ਹਾਂ, ਕਰਕੇ ਜਰਾ ਵਿਚਾਰ ਤਾਂ ਦੇਖੋ।

ਸੱਤਾਧਾਰੀ ਮੰਨੂਵਾਦੀ, ਝੂਠੇ ਲਾਰੇ ਲਾਉਂਦੇ ਨੇ।
ਘੱਟ ਗਿਣਤੀਆਂ ਦੇ ਜੋ ਕਾਤਿਲ, ਮੂੰਹੋਂ ਕੂੜ ਅਲਾਉਂਦੇ ਨੇ।
ਕੀਤੀ ਭੁੱਲ ਸੰਤਾਲੀ ਵੇਲੇ, ਆਪ ਫੜਾਈ ਮੁਹਾਰ ਤਾਂ ਦੇਖੋ।
ਅਜ਼ਾਦ ਨਹੀਂ, ਬਰਬਾਦ ਹੋਏ ਹਾਂ, ਕਰਕੇ ਜਰਾ ਵਿਚਾਰ ਤਾਂ ਦੇਖੋ।

ਜ਼ਾਲਮ ਦੀ ਜੜ ਪੁੱਟਣ ਖਾਤਿਰ, ਕਸਰ ਨਾ ਕੋਈ ਛੱਡੀ ਆ।
ਬੇਈਮਾਨ ਸ਼ੈਤਾਨ ਦੁਬਾਰਾ, ਅੱਜ ਫਿਰਦੇ ਮੂੰਹ ਅੱਡੀ ਆ।
ਜਿਹਨਾਂ ਨੇ ਸੀ ਹਾੜ੍ਹੇ ਕੱਢੇ, ਨੇਤਾ ਬਣੇ ਗ਼ਦਾਰ ਤਾਂ ਦੇਖੋ।
ਆਜ਼ਾਦ ਨਹੀਂ, ਬਰਬਾਦ ਹੋਏ ਹਾਂ, ਕਰਕੇ ਜਰਾ ਵਿਚਾਰ ਤਾਂ ਦੇਖੋ।

ਨੰਗ ਭੁਖ ਤੇ ਮੰਦਹਾਲੀ ਨੇ, ਪੱਕੇ ਡੇਰੇ ਲਾਏ ਨੇ।
ਕਿਤੇ ਅਡਾਨੀ ਅਤੇ ਅੰਬਾਨੀ, ਉਚੇ ਮਹਿਲ ਬਣਾਏ ਨੇ।
ਨੇਕ ਅਤੇ ਸ਼ੁਭ-ਕਰਮੀ ਔਖੇ, ਕਰਦੇ ਜੋ ਉਪਕਾਰ ਤਾਂ ਦੇਖੋ।
ਆਜ਼ਾਦ ਨਹੀਂ, ਬਰਬਾਦ ਹੋਏ ਹਾਂ, ਕਰਕੇ ਜਰਾ ਵਿਚਾਰ ਤਾਂ ਦੇਖੋ।

ਭਟਕੇ ਗੱਭਰੂ ਤੇ ਮੁਟਿਆਰਾਂ, ਚੁੰਨੀ ਤੇ ਪੱਗ ਲਾਹ ਹੈ ਸੁੱਟੀ।
ਗੰਦਾ-ਮੰਦਾ ਗਾਉਂਣ ਵਾਲਿਆਂ, ਸੱਭਿਆਚਾਰ ਦੀ ਜੜ੍ਹ ਹੈ ਪੁੱਟੀ।
ਅੱਜ ਨਸ਼ਿਆਂ ਨੇ ਸੋਹਣੀ ਜਵਾਨੀ, ਡੋਬੀ ਵਿਚ ਮੰਝਧਾਰ ਤਾਂ ਦੇਖੋ।
ਆਜ਼ਾਦ ਨਹੀਂ, ਬਰਬਾਦ ਹੋਏ ਹਾਂ, ਕਰਕੇ ਜਰਾ ਵਿਚਾਰ ਤਾਂ ਦੇਖੋ।

ਮੁੰਡਿਓ ਕੁੜੀਓ ਵਿੱਦਿਆ ਲੈ ਕੇ, ਕੌਮ ਨੂੰ ਉਚਾ ਕਰ ਲਈਏ।
ਗੁਰਬਾਣੀ ਤੋਂ ਸਿੱਖਿਆ ਲੈ ਕੇ, ਸ਼ੁਭ-ਗੁਣ ਧਾਰਨ ਕਰ ਲਈਏ।
ਦੁਨੀਆਂ ਦੇ ਵਿਚ ਮਾਣ ਵਧੇਗਾ, ਬਣ ਕੇ ਸਿੰਘ ਸਰਦਾਰ ਤਾਂ ਦੇਖੋ।
ਆਜ਼ਾਦ ਨਹੀਂ, ਬਰਬਾਦ ਹੋਏ ਹਾਂ, ਕਰਕੇ ਜਰਾ ਵਿਚਾਰ ਤਾਂ ਦੇਖੋ।

ਹਰਪਾਲ ਸਿੰਘ ਦੀ ਇਹੀ ਗੁਜ਼ਾਰਿਸ਼, ਜੇ ਆਜ਼ਾਦੀ ਪਾਉਣੀ ਹੈ।
ਸਾਰੀ ਕੌਮ ਇਕੱਠੀ ਹੋ ਜਾਓ, ਇੱਕੋ ਸਫ਼ਾ ਵਿਛਾਉਣੀ ਹੈ।
ਗੁਰੂ ਗ੍ਰੰਥ ਦੇ ਬਚਨਾਂ ਉਤੇ, ਕਰਕੇ ਸਭ ਇਤਬਾਰ ਤਾਂ ਦੇਖੋ।
ਆਜ਼ਾਦ ਨਹੀਂ, ਬਰਬਾਦ ਹੋਏ ਹਾਂ, ਕਰਕੇ ਜਰਾ ਵਿਚਾਰ ਤਾਂ ਦੇਖੋ।

## ਖ਼ੂਨਦਾਨ ਕਰੋ ਦੋਸਤੋ

ਰਾਬਿੰਦਰ ਸਿੰਘ ਰੱਬੀ

ਹੋਵੇ ਦੁਰਘਟਨਾ ਜਾਂ ਲੋੜ ਛੇਤੀ ਪੈ ਜਾਵੇ।
ਹੁੰਦਾ ਜੇ ਇਲਾਜ ਹੋਵੇ, ਅਧਵਾਟੇ ਰਹਿ ਜਾਵੇ।
ਚੀਜ਼ ਇਹੋ ਜਿਹੀ ਬਣਾਈ, ਨਾ ਹੀ ਸਕੇ ਕੋਈ ਬਣਾ,
ਅਤੇ ਨਾ ਹੀ ਇਹ ਹੁੰਦੀ ਕਦੀ ਪੈਦਾ।
ਖ਼ੂਨਦਾਨ ਕਰੋ ਦੋਸਤੋ, ਤਾਂ ਜੋ ਲੋੜਵੰਦਾਂ ਨੂੰ ਮਿਲੇ ਫ਼ਾਇਦਾ।
ਲੱਗਦੀ ਬਿਮਾਰੀ ਨਾ, ਘਾਟ ਨਾ ਕੋਈ ਹੁੰਦੀ ਏ।
ਜ਼ਿੰਦਗੀ 'ਚ ਖੇੜਾ ਆਉਂਦਾ,ਜਿਹੜੀ ਪਹਿਲਾਂ ਰੋਂਦੀ ਏ।
ਕਿੰਨੇ ਲੋਕ ਨੇ ਅਭਾਗੇ, ਜਦੋਂ ਪੈ ਜਾਏ ਵੇਲਾ,
ਫ਼ੇਰ ਆਪਣੇ ਨਾਲ ਕਰਦੇ ਨੇ ਵਾਇਦਾ।
ਖ਼ੂਨਦਾਨ ਕਰੋ ਦੋਸਤੋ, ਤਾਂ ਜੋ ਲੋੜਵੰਦਾਂ ਨੂੰ ਮਿਲੇ ਫ਼ਾਇਦਾ।
ਜਾਤ, ਰੰਗ, ਨਸਲ ਨਾ ਧਰਮ ਦਾ ਰੌਲਾ।
ਅਮੀਰ ਤੇ ਗ਼ਰੀਬ, ਗੋਰਾ, ਕਾਲਾ, ਭਾਰਾ, ਹੌਲਾ।
ਨਰ ਹੋਵੇ ਨਾਰੀ, ਕੋਈ ਭੇਦ ਨਾ ਹੀ ਰੱਖੇ,
'ਕੱਠੇ ਹੁੰਦੇ, ਜਿਹੜੇ ਪਹਿਲਾਂ ਸੀ ਅਲਹਿਦਾ।
ਖ਼ੂਨਦਾਨ ਕਰੋ ਦੋਸਤੋ, ਤਾਂ ਜੋ ਲੋੜਵੰਦਾਂ ਨੂੰ ਮਿਲੇ ਫ਼ਾਇਦਾ।
ਰੱਬੀ ਰੰਗ ਵਿੱਚ ਗਾਉਣ ਜਦੋਂ ਲੋਕ ਸਾਰੇ।
ਕੋਈ ਨਾ ਵਡੇਰਾ, ਘੁੰਮ ਲਏ ਪਾਸੇ ਚਾਰੇ।
ਲੋੜ ਸਭ ਨੂੰ ਹੈ ਪੈਂਦੀ, ਅਣਹੋਣੀ ਘਟ ਜਾਵੇ,
ਫ਼ਿਰ ਧਰਿਆ ਹੀ ਰਹਿ ਜਾਵੇ ਕਾਇਦਾ।
ਖ਼ੂਨਦਾਨ ਕਰੋ ਦੋਸਤੋ, ਤਾਂ ਜੋ ਲੋੜਵੰਦਾਂ ਨੂੰ ਮਿਲੇ ਫ਼ਾਇਦਾ।

## ਕੂਕ ਪੰਜਾਬ ਦੀ

ਰਾਵਿੰਦਰ ਫ਼ਫ਼ੜੇ



ਮੈਂ ਕੂਕਾਂ ਪੰਜਾਬ ਸਿੰਘ,
ਕੋਈ ਸੁਣੇ ਮੇਰੀ ਪੁਕਾਰ।
ਪਿਆ ਟੀਕਿਆਂ ਨਾਲ ਮੈਂ ਵਿੰਨ੍ਹਿਆ,
ਮੇਰੇ ਖ਼ੂਨ 'ਚ ਨਸ਼ਿਆਂ ਦੀ ਗਾਰ।
ਮੇਰਾ ਪਾਣੀ ਗੰਧਲਾ ਹੋ ਗਿਆ,
ਵਿੱਚ ਫ਼ਸਲਾਂ ਦੇ ਵੀ ਜ਼ਹਿਰ।
ਕਦੇ ਦੁੱਧ ਘਿਓ ਮੇਰੀ ਖ਼ੁਰਾਕ ਸੀ,
ਵਿੱਚ ਮੈਦਾਨਾਂ ਦੇ ਸੀ ਠਹਿਰ।
ਗੱਭਰੂ ਮੇਲਿਆਂ ਵਿੱਚ ਨੱਚਦੇ ਖੇਡਦੇ,
ਮੁਟਿਆਰਾਂ ਤੀਆਂ 'ਚ ਗਾਉਂਦੀਆਂ ਗੀਤ।
ਜਵਾਨੀ ਉੱਠ ਮੇਰੇ ਕੋਲੋਂ ਤੁਰ ਗਈ,
ਚੱਲੀ ਕੇਹੀ ਜ਼ਮਾਨੇ ਦੀ ਰੀਤ।
ਕਿਉਂ ਕਹਿਰ ਕਮਾਵੇਂ ਡਾਢਿਆ,
ਮੇਰੇ ਪੰਜਾਬ ਦੀ ਮੋੜ ਬਹਾਰ।
ਕਰੇ ਗੁਜ਼ਾਰਿਸ਼ ਤੇਰਾ 'ਫ਼ਫ਼ੜੇ',
ਤੂੰ ਸੁਣ ਲੈ ਮੇਰੀ ਪੁਕਾਰ।

# ਬੈਡਮਿੰਟਨ ਸਨਸਨੀ ਸਾਇਨਾ ਨੇਹਵਾਲ ਵੱਲੋਂ ਸੰਨਿਆਸ ਲੈਣ ਦਾ ਐਲਾਨ



ਭਾਰਤ ਦੀ ਦਿੱਗਜ ਬੈਡਮਿੰਟਨ ਖਿਡਾਰਨ ਅਤੇ ਲੰਡਨ ਉਲੰਪਿਕ ਦੀ ਕਾਂਸੀ ਦਾ ਤਗਮਾ ਜੇਤੂ ਸਾਇਨਾ ਨੇਹਵਾਲ ਨੇ ਅਧਿਕਾਰਤ ਤੌਰ 'ਤੇ ਖੇਡ ਤੋਂ ਸੰਨਿਆਸ ਲੈਣ ਦੀ ਪੁਸ਼ਟੀ ਕਰ ਦਿੱਤੀ ਹੈ। 35 ਸਾਲਾ ਸਾਇਨਾ ਨੇ ਦੱਸਿਆ ਕਿ ਲਗਾਤਾਰ ਸੱਟਾਂ ਅਤੇ ਸਰੀਰਕ ਦਿੱਕਤਾਂ ਕਾਰਨ ਉਹ ਹੁਣ ਪੇਸ਼ੇਵਰ ਪੱਧਰ 'ਤੇ ਖੇਡਣ ਦੇ ਕਾਬਲ ਨਹੀਂ ਰਹੀ ਹੈ।

**ਸਰੀਰ ਹੁਣ ਨਹੀਂ ਦੇ ਰਿਹਾ ਸਾਥ**

ਸਾਇਨਾ ਪਿਛਲੇ ਦੋ ਸਾਲਾਂ ਤੋਂ ਗੋਡੇ ਦੀ ਗੰਭੀਰ ਸੱਟ ਕਾਰਨ ਕੋਰਟ ਤੋਂ ਬਾਹਰ ਸੀ। ਇੱਕ ਪੌਡਕਾਸਟ ਦੌਰਾਨ ਆਪਣਾ ਦਰਦ ਸਾਂਝਾ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਗੋਡਿਆਂ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ ਅਤੇ ਉਨ੍ਹਾਂ ਨੂੰ ਗਠੀਆ ਦੀ ਸ਼ਿਕਾਇਤ ਹੋ ਗਈ ਹੈ। ਸਾਇਨਾ ਨੇ ਦੱਸਿਆ, 'ਦੁਨੀਆ ਦਾ ਸਰਵੋਤਮ ਖਿਡਾਰੀ ਬਣਨ ਲਈ ਰੋਜ਼ਾਨਾ 8-9 ਘੰਟੇ ਟ੍ਰੇਨਿੰਗ ਕਰਨੀ ਪੈਂਦੀ ਹੈ, ਪਰ ਮੇਰਾ ਗੋਡਾ ਹੁਣ 1-2 ਘੰਟੇ ਦੀ ਟ੍ਰੇਨਿੰਗ ਤੋਂ ਬਾਅਦ ਹੀ ਸੁੱਜ ਜਾਂਦਾ ਹੈ'।

**ਸ਼ਾਨਦਾਰ ਕੈਰੀਅਰ ਅਤੇ ਪ੍ਰਾਪਤੀਆਂ**

ਸਾਇਨਾ ਨੇਹਵਾਲ ਦਾ ਕੈਰੀਅਰ ਭਾਰਤੀ ਖੇਡ ਇਤਿਹਾਸ ਵਿੱਚ ਹਮੇਸ਼ਾ ਯਾਦ ਰੱਖਿਆ ਜਾਵੇਗਾ। ਉਸ ਨੇ 2012 ਲੰਡਨ ਉਲੰਪਿਕ ਵਿੱਚ ਕਾਂਸੀ ਦਾ ਤਗਮਾ ਜਿੱਤ ਕੇ ਇਤਿਹਾਸ ਰਚਿਆ। ਵਿਸ਼ਵ ਰੈਂਕਿੰਗ ਵਿੱਚ ਉਹ ਦੁਨੀਆ ਦੀ ਨੰਬਰ-1 ਖਿਡਾਰਨ ਰਹਿ ਚੁੱਕੀ ਹੈ। 2017 ਵਿਸ਼ਵ ਚੈਂਪੀਅਨਸ਼ਿਪ ਵਿੱਚ ਕਾਂਸੀ ਅਤੇ 2018 ਰਾਸ਼ਟਰਮੰਡਲ ਖੇਡਾਂ ਵਿੱਚ ਸੋਨੇ ਦਾ ਤਗਮਾ ਜਿੱਤਿਆ। ਉਨ੍ਹਾਂ ਨੇ ਆਪਣਾ ਆਖਰੀ ਪ੍ਰਤੀਯੋਗੀ ਮੈਚ ਸਾਲ 2023 ਵਿੱਚ ਸਿੰਗਾਪੁਰ ਓਪਨ ਦੌਰਾਨ ਖੇਡਿਆ ਸੀ।

**ਆਪਣੀ ਸ਼ਰਤਾਂ 'ਤੇ ਛੱਡੀ ਖੇਡ**

ਸਾਇਨਾ ਨੇ ਕਿਹਾ ਕਿ ਉਨ੍ਹਾਂ ਨੂੰ ਸੰਨਿਆਸ ਦੀ ਕੋਈ ਰਸਮੀ ਘੋਸ਼ਣਾ ਕਰਨ ਦੀ ਲੋੜ ਮਹਿਸੂਸ ਨਹੀਂ ਹੋਈ ਕਿਉਂਕਿ ਉਨ੍ਹਾਂ ਦੀ ਮੈਦਾਨ ਤੋਂ ਦੂਰੀ ਸਭ ਕੁਝ ਬਿਆਨ ਕਰ ਰਹੀ ਸੀ। ਉਨ੍ਹਾਂ ਮੁਤਾਬਕ, ਉਨ੍ਹਾਂ ਨੇ ਆਪਣੀਆਂ ਸ਼ਰਤਾਂ 'ਤੇ ਖੇਡ ਸ਼ੁਰੂ ਕੀਤੀ ਸੀ ਅਤੇ ਹੁਣ ਆਪਣੀ ਮਰਜ਼ੀ ਨਾਲ ਹੀ ਇਸ ਨੂੰ ਅਲਵਿਦਾ ਕਹਿ ਰਹੇ ਹਨ।

## ਲਾਸ ਏਂਜਲਸ ਉਲੰਪਿਕ 'ਚ ਤਗਮਾ ਜਿੱਤਣਾ ਮੇਰਾ ਸੁਪਨਾ : ਨੀਤੂ ਘੰਘਾਸ

ਭਾਰਤ ਦੀ ਸਟਾਰ ਮੁੱਕੇਬਾਜ਼ ਨੀਤੂ ਘੰਘਾਸ ਨੇ ਹੁਣ ਆਪਣੀਆਂ ਨਜ਼ਰਾਂ ਲਾਸ ਏਂਜਲਸ ਉਲੰਪਿਕ 'ਤੇ ਟਿਕਾ ਲਈਆਂ ਹਨ। ਪਿਛਲੇ ਸਾਲ ਰਾਸ਼ਟਰੀ ਚੈਂਪੀਅਨਸ਼ਿਪ ਵਿੱਚ ਮਿਲੀ ਅਚਾਨਕ ਹਾਰ ਨੇ ਨੀਤੂ ਦੇ ਕੈਰੀਅਰ ਨੂੰ ਇੱਕ ਨਵਾਂ ਮੋੜ ਦਿੱਤਾ ਹੈ। ਹੁਣ ਉਨ੍ਹਾਂ ਨੇ ਫੈਸਲਾ ਕੀਤਾ ਹੈ ਕਿ ਉਹ 51 ਕਿਲੋਗ੍ਰਾਮ ਭਾਰ ਵਰਗ ਵਿੱਚ ਖੇਡਣਗੇ, ਤਾਂ ਜੋ ਉਹ ਉਲੰਪਿਕ ਵਿੱਚ ਤਗਮਾ ਜਿੱਤਣ ਦਾ ਆਪਣਾ ਸੁਪਨਾ ਪੂਰਾ ਕਰ ਸਕਣ। ਜ਼ਿਕਰਯੋਗ ਹੈ ਕਿ ਇਹ ਉਹ ਭਾਰ ਵਰਗ ਹੈ ਜਿੱਥੇ ਦਿੱਗਜ ਮੁੱਕੇਬਾਜ਼ ਨਿਕਹਤ ਜ਼ਰੀਨ ਦਾ ਦਬਦਬਾ ਰਿਹਾ ਹੈ।

**ਹਾਰ ਬਣੀ ਕੈਰੀਅਰ ਦਾ 'ਟਰਨਿੰਗ ਪੁਆਇੰਟ'**



ਨੀਤੂ ਘੰਘਾਸ 48 ਕਿਲੋਗ੍ਰਾਮ (ਗੈਰ-ਉਲੰਪਿਕ ਵਰਗ) ਵਿੱਚ 2022 ਰਾਸ਼ਟਰੀ ਖੇਡਾਂ ਦੀ ਸੋਨ ਤਗਮਾ ਜੇਤੂ ਅਤੇ 2023 ਦੀ ਵਿਸ਼ਵ ਚੈਂਪੀਅਨ ਰਹੀ ਹੈ। ਹਾਲਾਂਕਿ, ਪਿਛਲੇ ਸਾਲ ਰਾਸ਼ਟਰੀ ਚੈਂਪੀਅਨਸ਼ਿਪ ਦੇ ਕੁਆਰਟਰ ਫਾਈਨਲ ਵਿੱਚ ਉਨ੍ਹਾਂ ਨੂੰ ਮੀਨਾਕਸ਼ੀ ਹੁੱਡਾ ਹੱਥੋਂ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਨੀਤੂ ਨੇ ਕਿਹਾ ਕਿ ਜੇਕਰ ਉਹ ਉਸ ਦਿਨ ਜਿੱਤ ਜਾਂਦੀ ਤਾਂ ਸ਼ਾਇਦ ਉਹ 51 ਕਿਲੋ ਵਰਗ ਵਿੱਚ ਆਉਣ ਦਾ ਫੈਸਲਾ ਨਾ ਲੈਂਦੀ। ਉਨ੍ਹਾਂ ਲਈ ਇਹ ਹਾਰ ਇੱਕ ਨਿਰਣਾਇਕ ਮੋੜ ਸਾਬਤ ਹੋਈ।

# ਹਕੀਕਤ ਵਿੱਚ ਬਦਲ ਸਕਦਾ ਹੈ ਵਿਸ਼ਵ ਕੱਪ ਖੇਡਣ ਦਾ ਸੁਪਨਾ: ਆਸ਼ਾਲਤਾ ਦੇਵੀ

ਭਾਰਤੀ ਮਹਿਲਾ ਫੁੱਟਬਾਲ ਦੀ ਦਿੱਗਜ ਖਿਡਾਰਨ ਆਸ਼ਾਲਤਾ ਦੇਵੀ ਦਾ ਕਹਿਣਾ ਹੈ ਕਿ ਫੀਫਾ ਮਹਿਲਾ ਵਿਸ਼ਵ ਕੱਪ ਵਿੱਚ ਦੇਸ਼ ਨੂੰ ਖੇਡਦੇ ਹੋਏ ਦੇਖਣ ਦਾ ਸੁਪਨਾ ਅਜੇ ਵੀ ਜਿਉਂਦਾ ਹੈ। ਉਨ੍ਹਾਂ ਅਨੁਸਾਰ, ਵਿਸ਼ਵ ਦੇ ਚੋਟੀ ਦੇ ਖਿਡਾਰੀਆਂ ਨਾਲ ਪੈਦਾ ਹੋਏ ਪਾੜੇ ਨੂੰ ਭਰਨ ਲਈ ਜ਼ਮੀਨੀ ਪੱਧਰ 'ਤੇ ਲਗਾਤਾਰ ਤਰੱਕੀ ਕਰਨਾ ਬਹੁਤ ਮਹੱਤਵਪੂਰਨ ਹੈ।

ਆਸ਼ਾਲਤਾ ਦੇਵੀ ਨੇ ਦੱਸਿਆ ਕਿ ਭਾਰਤ ਦੀਆਂ ਤਿੰਨੋਂ ਰਾਸ਼ਟਰੀ ਟੀਮਾਂ 'ਅੰਡਰ-17, ਅੰਡਰ-19 ਅਤੇ ਸੀਨੀਅਰ ਟੀਮ' ਨੇ ਏਐੱਫਸੀ ਏਸ਼ੀਆਈ ਚੈਂਪੀਅਨਸ਼ਿਪ ਲਈ ਕੁਆਲੀਫਾਈ ਕਰ ਲਿਆ ਹੈ। ਉਨ੍ਹਾਂ



ਮੁਤਾਬਕ ਜੇਕਰ ਭਾਰਤੀ ਟੀਮਾਂ ਉੱਥੇ ਸ਼ਾਨਦਾਰ ਪ੍ਰਦਰਸ਼ਨ ਕਰਦੀਆਂ ਹਨ, ਤਾਂ ਵਿਸ਼ਵ ਕੱਪ ਦਾ ਸੁਪਨਾ ਹਕੀਕਤ ਵਿੱਚ ਬਦਲ ਸਕਦਾ ਹੈ। ਇਸੇ ਕਾਰਨ ਸਾਲ 2026 ਭਾਰਤ ਵਿੱਚ ਮਹਿਲਾ ਫੁੱਟਬਾਲ ਲਈ ਇੱਕ ਨਿਰਣਾਇਕ ਸਾਲ ਸਾਬਤ ਹੋ ਸਕਦਾ ਹੈ।

ਵਿਸ਼ਵ ਪੱਧਰੀ ਮਾਪਦੰਡਾਂ ਤੱਕ ਪਹੁੰਚਣ ਦੀ ਚੁਣੌਤੀ ਭਾਰਤ ਲਈ 100 ਤੋਂ ਵੱਧ ਕੌਮਾਂਤਰੀ ਮੈਚ ਖੇਡਣ ਵਾਲੀ ਇਸ ਤਜ਼ਰਬੇਕਾਰ ਡਿਫੈਂਡਰ ਨੇ ਸਵੀਕਾਰ ਕੀਤਾ ਕਿ ਹਾਲਾਂਕਿ ਸੀਨੀਅਰ ਟੀਮ ਲਗਾਤਾਰ ਸੁਧਾਰ ਕਰ ਰਹੀ ਹੈ, ਪਰ ਉਹ ਅਜੇ ਵੀ ਵਿਸ਼ਵ ਪੱਧਰੀ ਮਾਪਦੰਡਾਂ ਤੋਂ ਕਾਫੀ ਪਿੱਛੇ ਹੈ। ਉਨ੍ਹਾਂ ਭਰੋਸਾ ਜਤਾਇਆ ਕਿ ਖਿਡਾਰੀਆਂ ਵਿੱਚ ਕਾਬਲੀਅਤ ਹੈ ਅਤੇ ਇਸ ਵਾਰ ਭਾਰਤ ਵਿਸ਼ਵ ਕੱਪ ਲਈ ਕੁਆਲੀਫਾਈ ਕਰਨ ਵਿੱਚ ਸਫਲ ਹੋਵੇਗਾ।

# ਪੰਜਾਬ ਦਾ ਮਾਣ ਫੁੱਟਬਾਲ ਖਿਡਾਰੀ ਇੰਦਰ ਸਿੰਘ



ਪ੍ਰਿੰ. ਸਰਵਣ ਸਿੰਘ
+1-905-779-1661

ਇੰਦਰ ਸਿੰਘ ਨੂੰ ਪੰਜਾਬ ਦਾ ਪੇਲੇ ਕਿਹਾ ਜਾਂਦਾ ਹੈ। ਉਹ ਭਾਰਤੀ ਫੁੱਟਬਾਲ ਟੀਮ ਦਾ ਕਪਤਾਨ ਤੇ 1967-68 'ਚ ਏਸ਼ੀਅਨ ਆਲ ਸਟਾਰਜ਼ ਇਲੈਵਨ ਦਾ ਮੈਂਬਰ ਰਿਹਾ ਹੈ। 1962 ਤੋਂ 1985 ਤੱਕ ਉਹ ਉੱਚ ਪਾਏ ਦੀ ਫੁੱਟਬਾਲ ਖੇਡਿਆ ਤੇ ਉਹਦੇ ਨਾਂਅ ਦੀਆਂ ਧੁੰਮਾਂ ਪੈਂਦੀਆਂ ਰਹੀਆਂ। ਉਹਦੀ ਤੇਜ਼-ਤਰਾਰ ਖੇਡ ਨੇ ਅਨੇਕ ਕਲੱਬਾਂ ਨੂੰ ਰੰਗਭਾਗ ਲਾਏ। ਉਸ ਨੂੰ ਵਿਦੇਸ਼ੀ ਮੁਲਕਾਂ ਤੇ ਕਲੱਬਾਂ ਨੇ ਖੇਡਣ ਦੇ ਬਹੁਤ ਲਾਲਚ ਦਿੱਤੇ, ਪਰ ਉਸ ਨੇ ਪੰਜਾਬ ਤੇ ਭਾਰਤ ਦੀਆਂ ਕਲੱਬਾਂ ਵੱਲੋਂ ਖੇਡਣ ਨੂੰ ਹੀ ਤਰਜੀਹ ਦਿੱਤੀ। 1962 ਵਿੱਚ ਉਹ ਲੀਡਰਜ਼ ਕਲੱਬ ਜਲੰਧਰ ਵੱਲੋਂ ਖੇਡਣ ਲੱਗਾ ਸੀ ਤੇ 1985 ਵਿੱਚ ਫਗਵਾੜੇ ਦੇ ਜੇਸੀਟੀ ਕਲੱਬ ਵੱਲੋਂ ਖੇਡਦਿਆਂ ਰਿਟਾਇਰ ਹੋਇਆ। ਸਾਲ 2001 ਤੋਂ 2011 ਤੱਕ ਉਹ ਪੰਜਾਬ ਫੁੱਟਬਾਲ ਐਸੋਸੀਏਸ਼ਨ ਦਾ ਆਨਰੇਰੀ ਸੈਕਟਰੀ ਰਿਹਾ। 2003 ਵਿੱਚ ਉਸ ਨੂੰ 'ਫਗਵਾੜੇ ਦਾ ਮਾਣ' ਐਵਾਰਡ ਨਾਲ ਸਨਮਾਨਿਆ ਗਿਆ। ਹੁਣ ਉਹ ਜੀਵਨ ਦੀ ਸ਼ਾਮ ਆਪਣੇ ਸ਼ਹਿਰ ਫਗਵਾੜੇ ਵਿੱਚ ਹੀ ਬਿਤਾ ਰਿਹੈ।

ਉਹਦਾ ਜਨਮ 23 ਦਸੰਬਰ 1943 ਨੂੰ ਫਗਵਾੜੇ ਦੇ ਇੱਕ ਸਾਧਾਰਨ ਕਿਰਤੀ ਪਰਿਵਾਰ ਵਿੱਚ ਹੋਇਆ ਸੀ। ਉਸ ਨੇ ਵਰ੍ਹਿਆਂ-ਬੱਧੀ ਫੁੱਟਬਾਲ ਖੇਡੀ ਜਿਸ ਦੌਰਾਨ ਸੈਂਕੜੇ ਗੋਲ ਕੀਤੇ। ਉਹ ਫੁੱਟਬਾਲ ਦੀਆਂ ਪ੍ਰਸਿੱਧ ਕਲੱਬਾਂ, ਪੰਜਾਬ ਤੇ ਭਾਰਤ ਦੀਆਂ ਟੀਮਾਂ ਦਾ ਕਪਤਾਨ ਵੀ ਰਿਹਾ ਅਤੇ ਮੈਨੇਜਰ ਤੇ ਪ੍ਰਬੰਧਕ ਵੀ। ਉਹਦਾ ਕੱਦ ਕਾਠ ਹਾਕੀ ਦੇ ਬਾਬਾ ਬੋਹੜ ਊਧਮ ਸਿੰਘ ਤੇ ਲੰਮੀਆਂ ਦੌੜਾਂ ਦੇ ਏਸ਼ੀਅਨ ਚੈਂਪੀਅਨ ਹਰੀ ਚੰਦ ਵਾਂਗ ਸਮੱਧਰ ਹੀ ਹੈ, ਪਰ ਹੈ ਜਿੰਨਾ ਨਿੱਕਾ ਓਨਾ ਹੀ ਤਿੱਖਾ! ਉਹਦਾ ਬਚਪਨ ਫਗਵਾੜੇ ਪਲਿਆ, ਜੁਆਨੀ ਵੀ ਫਗਵਾੜੇ ਦੀਆਂ ਜੂਹਾਂ 'ਚ ਮਾਣੀ ਤੇ ਬੁਢਾਪਾ ਵੀ ਫਗਵਾੜੇ 'ਚ ਹੀ ਕੱਟਿਆ ਜਾ ਰਿਹੈ। ਉਹ ਫਗਵਾੜੇ ਦੀ ਸ਼ਾਨ ਹੈ ਤੇ ਪੰਜਾਬ ਦਾ ਮਾਣ। ਭਾਰਤ ਸਰਕਾਰ ਨੇ ਉਸ ਨੂੰ ਅਰਜਨ ਐਵਾਰਡ ਨਾਲ ਨਿਵਾਜਿਆ ਤੇ ਦਿੱਲੀ ਦੀ ਜਰਨਿਸਲਟ ਯੂਨੀਅਨ ਨੇ 1974 ਦਾ ਸਰਬੋਤਮ ਭਾਰਤੀ ਖਿਡਾਰੀ ਐਲਾਨਿਆ। ਉਹਦੀ ਖੇਡ ਕਲਾਤਮਿਕ ਹੋਣ ਦੇ ਨਾਲ ਏਨੀ ਸਾਫ਼ ਸੁਥਰੀ ਸੀ ਕਿ ਉਹਦੇ ਲੰਮੇ ਖੇਡ ਜੀਵਨ 'ਚ ਇੱਕ ਵਾਰ ਵੀ ਕਿਸੇ ਰੈਫਰੀ ਨੂੰ ਲਾਲ ਕਾਰਡ ਵਿਖਾਉਣ ਦੀ ਲੋੜ ਨਾ ਪਈ।



ਇੰਦਰ ਸਿੰਘ ਵੇਖਣ ਨੂੰ ਇੰਨਾ ਸਾਦਾ ਬੰਦਾ ਲੱਗਦੈ ਕਿ ਫੁੱਟਬਾਲ ਦੇ ਇਸ ਲਾਸਾਨੀ ਖਿਡਾਰੀ ਨੂੰ ਕੋਈ ਰਾਹ ਵਿੱਚ ਮਿਲ ਪਵੇ ਤਾਂ ਯਕੀਨ ਹੀ ਨਾ ਕਰੇ ਕਿ ਇਹ ਵੀ ਕੋਈ ਖਿਡਾਰੀ ਐ! ਐਨ ਉਵੇਂ ਜਿਵੇਂ ਏਸ਼ਿਆਈ ਖੇਡਾਂ ਦੇ ਦੋ ਗੋਲਡ ਮੈਡਲ ਜਿੱਤਣ ਵਾਲੇ ਦੌੜਾਕ ਹਰੀ ਚੰਦ ਨੂੰ ਕੋਈ ਅਥਲੀਟ ਨਹੀਂ ਸੀ ਮੰਨਦਾ, ਉਵੇਂ ਕੋਈ ਇੰਦਰ ਸਿੰਘ ਨੂੰ ਜਰਨੈਲ ਸਿੰਘ ਜਾਂ ਗੁਰਦੇਵ ਸਿੰਘ ਗਿੱਲ ਵਾਂਗ ਰੋਅਬ ਦਾਅਬ ਵਾਲਾ ਫੁੱਟਬਾਲਰ ਨਹੀਂ ਸਮਝਦਾ। ਇਹੋ ਕਾਰਨ ਸੀ ਕਿ ਰੇਲ ਗੱਡੀ ਦਾ ਸਫ਼ਰ ਕਰਦਿਆਂ ਉਸ ਨੂੰ ਬਹਿਣ ਲਈ ਕੋਈ ਥਾਂ ਵੀ ਨਹੀਂ ਸੀ ਛੱਡਦਾ। ਹੈਰਾਨੀ ਦੀ ਗੱਲ ਹੈ ਕਿ ਸਮੱਧਰ ਕੱਦ ਦੇ ਇੰਦਰ ਸਿੰਘ ਨੇ ਵੱਡੇ ਕੱਦਾਵਰ ਖਿਡਾਰੀਆਂ ਨੂੰ ਵਾਹਣੀਂ ਪਾਈ ਰੱਖਿਆ! ਉਹਦੇ ਗੁਆਂਢੀ ਦੱਸਦੇ ਸਨ ਕਿ ਉਹ ਪੈਰਾਂ ਨਾਲ ਗੇਂਦ ਰੇੜ੍ਹਨਾ ਪਹਿਲਾਂ ਸਿੱਖਿਆ ਤੇ ਤੁਰਨਾ ਮਗਰੋਂ। ਜਦੋਂ ਸਕੂਲੇ ਜਾਣ ਲੱਗਾ ਤਾਂ ਉਹ ਬਸਤੇ 'ਚ ਕਾਪੀਆਂ ਕਿਤਾਬਾਂ ਪਿੱਛੋਂ ਪਾਉਂਦਾ, ਬਾਲਾਂ ਪਹਿਲਾਂ। ਸਕੂਲ ਦੇ ਮੈਦਾਨ ਵਿੱਚ ਉਸ ਨੇ ਸਕੂਲ ਲੱਗਣ ਤੋਂ ਪਹਿਲਾਂ ਵੀ ਬਾਲਾਂ ਨੂੰ ਠੇਡੇ ਮਾਰਦੇ ਫਿਰਨਾ ਤੇ ਸਕੂਲ 'ਚ ਛੁੱਟੀ ਹੋਣ ਤੋਂ ਪਿੱਛੋਂ ਵੀ ਬਾਲ ਮਗਰ ਭੱਜੇ ਫਿਰਨਾ। ਅੱਧੀ ਛੁੱਟੀ ਵੇਲੇ ਵੀ ਤੇ ਸਵੇਰੇ ਸ਼ਾਮੀਂ ਵੀ। ਦੁਪਹਿਰੇ ਧੁੱਪ 'ਚ ਪੈਰ ਤਪ ਜਾਣੇ ਤਾਂ ਹਲਟੀ ਦੇ ਪਾਣੀ ਨਾਲ ਠੰਢੇ ਕਰ ਕੇ ਫਿਰ ਖੇਡਣ 'ਚ ਮਸਤ ਹੋ ਜਾਣਾ। ਸਕੂਲ 'ਚ ਵਧੇਰੇ ਕੁੱਟ ਉਸ ਨੇ ਕਿਤਾਬਾਂ ਨਾ ਪੜ੍ਹਨ ਤੇ ਫੁੱਟਬਾਲ ਵੱਧ ਖੇਡਣ ਦੀ ਖਾਧੀ। ਉਹਦੀ ਕਿਰਤ ਕਮਾਈ ਵੇਖੀਏ ਤਾਂ ਫੁੱਟਬਾਲ ਦੇ ਸਿਰ 'ਤੇ ਹੀ ਉਸ ਨੇ ਉਮਰ ਭਰ ਦੀਆਂ ਰੋਟੀਆਂ ਕਮਾਈਆਂ। ਫੁੱਟਬਾਲ ਦੇ ਖਿਡਾਰੀ ਵਜੋਂ ਨਾ ਸਿਰਫ਼ ਉਹ ਆਪਣੇ ਸਕੂਲ ਜਾਂ ਆਲੇ ਦੁਆਲੇ 'ਚ ਹਰਮਨ ਪਿਆਰਾ ਖਿਡਾਰੀ ਬਣਿਆ ਸਗੋਂ ਸਕੂਲਾਂ ਤੋਂ ਲੈ ਕੇ ਉਹ ਅਨੇਕਾਂ ਛੋਟੇ ਵੱਡੇ ਟੂਰਨਾਮੈਂਟਾਂ ਦਾ ਸਭ ਤੋਂ ਵੱਧ ਗੋਲ ਕਰਨ ਵਾਲਾ ਖਿਡਾਰੀ ਐਲਾਨਿਆ ਜਾਂਦਾ ਰਿਹਾ।

ਸਾਲ 1959 'ਚ ਉਹ ਪੰਜਾਬ ਸਕੂਲਾਂ ਦੀ ਟੀਮ ਵਿੱਚ ਚੁਣਿਆ ਗਿਆ ਸੀ। ਟਰਾਇਲ ਚੰਡੀਗੜ੍ਹ ਹੋਏ ਸਨ। ਉਦੋਂ ਕਿਸੇ ਦੇ ਖ਼ਾਅਬ ਖ਼ਿਆਲ 'ਚ ਵੀ ਨਹੀਂ ਸੀ ਕਿ ਇਹ ਬਲੂੰਗੜਾ ਜਿਹਾ ਬਾਲ ਟੀਮ ਵਿੱਚ ਚੁਣਿਆ ਜਾਏਗਾ? ਕੋਚ ਚੈਟਰਜੀ ਤਾਂ ਉਸ ਨੂੰ ਵੇਖਣ ਸਾਰ ਕਹਿਣ ਲੱਗ ਪਿਆ ਸੀ ਕਿ ਇਹ ਬਚੂੰਗੜਾ ਜਿਹਾ ਬਾਲ ਵੱਡੇ ਖਿਡਾਰੀਆਂ ਦੀ ਝਾਲ ਕਿੱਥੋਂ ਝੱਲ ਲਵੇਗਾ? ਇਹ ਤਾਂ ਡਰਦਾ ਮਾਰਾ ਈ ਅਗਲਿਆਂ ਲਈ ਰਾਹ ਛੱਡ ਦੇਵੇਗਾ, ਪਰ ਉਹਦਾ ਅਨੁਮਾਨ ਗ਼ਲਤ ਨਿਕਲਿਆ। ਉਹ ਪੰਜਾਬ ਦੀ ਟੀਮ ਵਿੱਚ ਚੁਣਿਆ ਵੀ ਗਿਆ ਅਤੇ ਅਗਾਂਹ ਲਈ ਜਿੱਤਾਂ ਦੇ ਬੀਜ ਵੀ ਬੀਜੇ ਗਏ। ਮੁੱਢਲੀਆਂ ਜਮਾਤਾਂ ਉਹ ਸਰਕਾਰੀ ਸਕੂਲ 'ਚ ਪੜ੍ਹਿਆ ਤੇ ਉੱਪਰਲੀਆਂ ਆਰੀਆ ਹਾਈ ਸਕੂਲ ਫਗਵਾੜੇ। ਸਾਲ 1963 ਵਿੱਚ ਉਹ ਪਹਿਲੀ ਵਾਰ ਭਾਰਤੀ ਟੀਮ 'ਚ ਚੁਣਿਆ ਗਿਆ ਤੇ ਪ੍ਰੀ ਉਲੰਪਿਕ ਟੂਰਨਾਮੈਂਟ ਖੇਡਿਆ। 'ਏਸ਼ੀਆ ਦਾ ਜਰਨੈਲ' ਜਰਨੈਲ ਸਿੰਘ ਉਦੋਂ ਬੰਗਾਲ ਵੱਲੋਂ ਖੇਡਦਾ ਸੀ। ਇੰਦਰ ਸਿੰਘ ਪੰਜਾਬ ਦਾ ਪਹਿਲਾ ਖਿਡਾਰੀ ਸੀ ਜੋ ਭਾਰਤ ਦੀ ਨੈਸ਼ਨਲ ਟੀਮ ਵਿੱਚ ਪਾਇਆ ਗਿਆ। 1964 ਵਿੱਚ ਉਹ ਫਿਰ ਭਾਰਤ ਵੱਲੋਂ ਪ੍ਰੀ ਉਲੰਪਿਕ ਟੂਰਨਾਮੈਂਟ ਖੇਡਿਆ। ਉਸੇ ਸਾਲ ਉਹ ਇਜ਼ਰਾਈਲ ਦਾ ਏਸ਼ੀਅਨ ਕੱਪ ਫੁੱਟਬਾਲ ਟੂਰਨਾਮੈਂਟ ਖੇਡਣ ਗਿਆ ਜਿੱਥੇ ਉਹਨੇ ਸਭ ਤੋਂ ਵੱਧ ਗੋਲ ਕੀਤੇ। ਉਹਨੂੰ ਟੂਰਨਾਮੈਂਟ ਦਾ ਬਿਹਤਰੀਨ ਖਿਡਾਰੀ ਐਲਾਨਿਆ ਗਿਆ। ਉੱਥੇ ਭਾਰਤੀ ਟੀਮ ਨੇ ਦੂਜਾ ਸਥਾਨ ਹਾਸਲ ਕੀਤਾ ਸੀ। ਸਾਲ 1964 'ਚ ਉਹ ਕੁਆਲਾਲੰਪੁਰ ਦਾ ਟੂਰਨਾਮੈਂਟ ਖੇਡਿਆ ਜੋ ਏਸ਼ੀਆ ਦਾ ਅੱਵਲ ਨੰਬਰ ਫੁੱਟਬਾਲ ਟੂਰਨਾਮੈਂਟ ਸਮਝਿਆ ਜਾਂਦਾ ਹੈ। ਉੱਥੇ ਵੀ ਉਸ ਨੇ ਕਮਾਲ ਦੀ ਖੇਡ ਵਿਖਾਈ ਜਿਹਦੇ ਕਰਕੇ ਮਲਾਇਆ ਦੇ ਸਰਦਾਰਾਂ ਨੇ ਉਸ ਨੂੰ ਮੋਢਿਆਂ 'ਤੇ ਚੁੱਕ ਲਿਆ ਤੇ ਸਟੇਡੀਅਮ 'ਚ ਗੇੜੇ ਦਿੱਤੇ। ਮਲਾਇਆ ਸਰਕਾਰ ਵੱਲੋਂ ਉਸ ਨੂੰ ਨੌਕਰੀ ਦੀ ਪੇਸ਼ਕਸ਼ ਹੋਈ ਜੋ ਉਸ ਨੇ ਦੇਸ਼ਭਗਤੀ ਹਿੱਤ ਠੁਕਰਾ ਦਿੱਤੀ। 1967, 1968, 1969 ਤੇ 1970 'ਚ ਉਹ ਲਗਾਤਾਰ ਕੁਆਲਾਲੰਪੁਰ ਦਾ ਟੂਰਨਾਮੈਂਟ ਖੇਡਦਾ ਰਿਹਾ। 1969 'ਚ ਉਹ ਭਾਰਤੀ ਟੀਮ ਦਾ ਕਪਤਾਨ ਸੀ। ਉਸ ਨੇ 1966 ਦੀਆਂ ਏਸ਼ੀਅਨ ਖੇਡਾਂ ਵਿੱਚ ਵੀ ਭਾਗ ਲਿਆ, ਪਰ ਉੱਥੇ ਭਾਰਤੀ ਟੀਮ 1962 ਦੀਆਂ ਏਸ਼ਿਆਈ ਖੇਡਾਂ ਵਾਂਗ ਗੋਲਡ ਮੈਡਲ ਨਹੀਂ ਸੀ ਜਿੱਤ ਸਕੀ। 1969 ਵਿੱਚ ਉਸ ਨੂੰ ਅਰਜਨ ਐਵਾਰਡ ਦਿੱਤਾ ਗਿਆ। 1974 'ਚ ਦਿੱਲੀ ਦੇ ਖੇਡ ਪੱਤਰਕਾਰਾਂ ਵੱਲੋਂ ਉਸ ਨੂੰ ਦੇਸ਼ ਦਾ ਸਰਬੋਤਮ ਫੁੱਟਬਾਲਰ ਐਲਾਨਿਆ ਗਿਆ।

**ਸ਼ਮੀਲਾ ਖਾਨ**

## ਤਿੰਨ ਕਲਾਵਾਂ 'ਚ ਇੱਕੋ ਸੁਰ ਨਾਲ ਨਿਭਣ ਵਾਲਾ ਚਿਹਰਾ

# ਰਾਣਾ ਰਣਬੀਰ











ਲਿਖਾਰੀ ਕਲਾ, ਨਾਟਕ ਕਲਾ ਤੇ ਫਿਲਮ ਕਲਾ, ਤਿੰਨੋਂ ਕਲਾਵਾਂ 'ਚ ਇੱਕੋ ਸੁਰ ਨਾਲ ਨਿਭਣ ਵਾਲਾ ਚਿਹਰਾ ਲੱਭਦੇ ਹਾਂ ਤਾਂ ਦੂਰੋਂ ਹੀ ਰਾਣਾ ਰਣਬੀਰ ਨਜ਼ਰ ਪੈਂਦੇ ਹਨ, ਜਿਨ੍ਹਾਂ ਕੋਲ ਕੁੱਜਾ ਵੀ ਹੈ ਅਤੇ ਕੁੱਜੇ 'ਚ ਸਮੁੰਦਰ ਵੀ। ਰਾਣਾ ਰਣਬੀਰ ਪਾਠਕ ਵਜੋਂ ਸਫ਼ਰ 'ਤੇ ਨਿਕਲਦਾ ਹੈ, ਵਾਇਆ ਥੀਏਟਰ ਸਿਨੇਮਾ ਦੀ ਦੁਨੀਆ 'ਚ ਪਹੁੰਚਦਾ ਹੈ। ਗੰਭੀਰ ਹੈ, ਸੰਜੀਦਾ ਹੈ, ਲਿਖਣ 'ਚ ਵੀ, ਅਦਾਕਾਰੀ 'ਚ ਵੀ। ਅਨੇਕਾਂ ਪੁਸਤਕਾਂ ਦਾ ਰਚੇਤਾ, ਵਰ੍ਹਿਆਂ ਤੋਂ ਗਲੀ ਮੁਹੱਲੇ ਤੇ ਦੇਸ਼ ਵਿਦੇਸ਼ 'ਚ ਥੀਏਟਰ ਦਾ ਦੀਵਾ ਵੀ ਨਾਲੋਂ ਨਾਲ ਬਾਲ ਰਿਹਾ ਹੈ। ਰਾਣਾ ਰਣਬੀਰ ਨਾਲ ਢੇਰ ਸਾਰੀਆਂ ਗੱਲਾਂ ਹੋਈਆ। ਪੇਸ਼ ਹੈ ਇਸ ਗੱਲਬਾਤ ਦੇ ਕੁਝ ਅੰਸ਼:

***?ਤੁਸੀਂ ਧੂਰੀ ਦੀ ਮਿੱਟੀ ਤੋਂ ਕੈਨੇਡਾ ਤੱਕ ਦੀਆਂ ਫ਼ਿਜ਼ਾਵਾਂ ਦਾ ਸਫ਼ਰ ਕੀਤਾ, ਕਿਹੜੀ ਤਾਂਘ ਹੈ ਜੋ ਇਸ ਸਫ਼ਰ 'ਚ ਪੰਜਾਬੀਅਤ ਨੂੰ ਜ਼ਿੰਦਾ ਰੱਖਦੀ ਹੈ ?***

-ਕੋਈ ਇੱਕ ਤੱਤ ਸੋਹਣੀ ਜ਼ਿੰਦਗੀ ਜਿਉਣ ਦਾ ਵਸੀਲਾ ਨਹੀਂ ਬਣਦਾ। ਵੱਖ ਵੱਖ ਜਜ਼ਬਾਤ ਹੁੰਦੇ ਹਨ ਜਿਨ੍ਹਾਂ ਸਹਾਰੇ ਵਿਅਕਤੀ ਸੁਪਨਾ ਲੈਂਦਾ ਹੈ, ਪਛਾਣ ਬਣਾਉਂਦਾ ਹੈ ਤੇ ਇੱਕ ਸਫ਼ਰ 'ਤੇ ਨਿਕਲਦਾ ਹੈ। ਇਹੋ ਤੱਤ ਸਫ਼ਰ ਦਾ ਜ਼ਰੀਆ ਬਣਿਆ ਜਿਹੜਾ ਧੂਰੀ ਤੋਂ ਵਾਇਆ ਪਟਿਆਲਾ ਕੈਨੇਡਾ ਤੱਕ ਲੈ ਗਿਆ।

***? ਤੁਹਾਨੂੰ ਅੱਜ ਚਮਕ ਦਮਕ ਦੇ ਦੌਰ 'ਚ ਥੀਏਟਰ ਗੁੰਮਨਾਮ ਹੁੰਦਾ ਨਹੀਂ ਜਾਪਦਾ ?***

-ਇਹ ਗੱਲ ਠੀਕ ਹੈ ਕਿ ਉਮੀਦਾਂ ਮੁਤਾਬਿਕ ਥੀਏਟਰ ਅਗਾਂਹ ਨਹੀਂ ਵਧ ਸਕਿਆ। ਰੰਗਕਰਮੀ ਕੋਸ਼ਿਸ਼ ਵੀ ਕਰਦੇ ਹਨ ,ਪ੍ਰੰਤੂ ਦਰਸ਼ਕਾਂ ਨੂੰ ਉਸ ਤਰੀਕੇ ਨਾਲ ਜੋੜਨ 'ਚ ਸਫਲ ਨਹੀਂ ਹੋਏ। ਵੱਖਰੇ ਤਰੀਕੇ ਨਾਲ ਥੀਏਟਰ ਅੱਗੇ ਜ਼ਰੂਰ ਵਧ ਰਿਹਾ ਹੈ। 'ਮਾਸਟਰ ਜੀ' ਦੇ 95 ਸ਼ੋਅ ਹੋ ਚੁੱਕੇ ਹਨ, ਜੋ ਤਸੱਲੀ ਦੇਣ ਵਾਲੇ ਕਦਮ ਹਨ। ਥੀਏਟਰ 'ਚ ਲੋਕ ਪੈਸੇ ਦੇਣੋਂ ਝਿਜਕਦੇ ਹਨ। ਦੇਖਣਾ ਪਵੇਗਾ ਕਿ ਕੀ ਥੀਏਟਰ ਦਰਸ਼ਕਾਂ ਦੀ ਨਬਜ਼ ਨੂੰ ਫੜ ਰਿਹਾ ਹੈ। ਵੱਡੀ ਗੱਲ ਇਹ ਕਿ ਰੰਗਮੰਚ ਦੀ ਨਾ ਮਾਰਕੀਟਿੰਗ ਹੋ ਰਹੀ ਹੈ ਅਤੇ ਨਾ ਹੀ ਮੈਨੇਜਮੈਂਟ, ਪ੍ਰੰਤੂ ਹੌਲੀ ਹੌਲੀ ਥੀਏਟਰ ਰੁਜ਼ਗਾਰ ਦਾ ਸਾਧਨ ਬਣ ਰਿਹਾ ਹੈ।

***? ਤੁਸੀਂ ਕਦੇ ਸ਼ੈਂਪੀ ਦਾ ਕਿਰਦਾਰ ਨਿਭਾਇਆ ਅਤੇ ਕਦੇ 'ਮਾਸਟਰ ਜੀ' ਦਾ। ਕਿਸ ਕਿਰਦਾਰ 'ਚ ਤੁਹਾਨੂੰ ਜ਼ਿਆਦਾ ਤਸੱਲੀ ਮਿਲੀ।***

-ਵੈਸੇ ਤਾਂ ਹਰ ਇਨਸਾਨ ਆਪਣੀ ਜ਼ਿੰਦਗੀ 'ਚ ਕਈ ਕਿਰਦਾਰ ਨਿਭਾਉਂਦਾ ਹੈ। ਘਰ 'ਚ ਆਦਮੀ ਬਾਪ ਹੁੰਦੈ, ਦਫ਼ਤਰ 'ਚ ਮੁਲਾਜ਼ਮ। ਕਲਾਕਾਰ ਬਹੁਪੱਖੀ ਕਿਰਦਾਰ ਮਾਣਦਾ ਹੈ। ਕਦੇ ਉਹ ਡਾਕਟਰ ਦੇ ਕਿਰਦਾਰ 'ਚ, ਕਦੇ ਚੋਰ ਦੇ ਤੇ ਕਦੇ ਸਿਪਾਹੀ ਦੇ, ਕਹਿਣ ਤੋਂ ਭਾਵ ਇੱਕੋ ਜ਼ਿੰਦਗੀ 'ਚ ਕਈ ਜ਼ਿੰਦਗੀਆਂ ਜਿਉਣ ਦਾ ਮੌਕਾ ਮਿਲਦਾ ਹੈ। ਸ਼ੈਂਪੀ ਦਾ ਕਿਰਦਾਰ ਚੰਗਾ ਰਿਹਾ, '1984' ਫਿਲਮ ਦੇ ਤਾਰੀ, 'ਅਰਦਾਸ' ਦੇ ਡਾਕੀਆ, 'ਹਸ਼ਰ' ਫਿਲਮ ਦੇ ਜੌਲੀ, 'ਦਿਲ ਆਪਣਾ ਪੰਜਾਬੀ' 'ਚ ਲੱਕੜ ਚੱਬ ਦੇ ਕਿਰਦਾਰ ਨੇ ਤਸੱਲੀ ਦਿੱਤੀ।

***? ਤੁਸੀਂ ਅਨੇਕਾਂ ਕਿਰਦਾਰ ਨਿਭਾਏ। ਕਿਰਦਾਰਾਂ 'ਚੋਂ ਬਾਹਰ ਆ ਕੇ ਅਸਲੀ ਰੰਗ 'ਚ ਰਹਿਣਾ ਕਿੰਨਾ ਕੁ ਮੁਸ਼ਕਿਲ ਹੈ ? ਕਹਿਣ ਤੋਂ ਭਾਵ ਤੁਹਾਡਾ ਆਰਗੈਨਿਕ ਸਰੂਪ।***

-ਆਦਮੀ ਕਦੇ ਵੀ ਅਸਲ 'ਚ ਨਹੀਂ ਜੀ ਰਿਹਾ ਹੁੰਦਾ ਕਿਉਂਕਿ ਹਰ ਇਨਸਾਨ ਅਸਲੀਅਤ ਤੋਂ ਘਬਰਾਉਂਦਾ ਹੈ। ਇਕੱਲਤਾ ਤੋਂ ਡਰਦਾ ਹੈ। ਮੈਂ ਘਰ 'ਚ ਅਸਲੀਅਤ ਮਾਣਦਾ ਹਾਂ। ਅਸਲ ਕਿਰਦਾਰ 'ਚ ਪਾਠਕ ਵੀ ਹੁੰਦਾ ਹਾਂ, ਮਸਤਖੋਰਾ ਦੋਸਤ ਵੀ ਹੁੰਦਾ ਹਾਂ ਤੇ ਆਸ਼ਕ ਵੀ ਹੁੰਦਾ ਹਾਂ।

***? ਲੇਖਕ ਤੋਂ ਐਕਟਿੰਗ ਤੱਕ ਕਿਵੇਂ ਤਬਦੀਲ ਹੋਏ। ਕਿਸ ਲੇਖਕ ਨੂੰ ਆਪਣਾ ਰੋਲ ਮਾਡਲ ਮੰਨਦੇ ਹੋ ?***

-ਬਿਨਾਂ ਕਿਸੇ ਹਉਮੈ ਤੋਂ ਆਖ ਰਿਹਾ ਹਾਂ ਕਿ ਮੈਂ ਕਿਸੇ ਤੋਂ ਪ੍ਰਭਾਵਿਤ ਨਹੀਂ ਅਤੇ ਨਾ ਹੀ ਕਿਸੇ ਦਾ ਅਸਰ ਕਬੂਲਦਾ ਹਾਂ। ਮੈਨੂੰ ਬਹੁਤ ਸਾਰੇ ਲੇਖਕ ਚੰਗੇ ਲੱਗਦੇ ਹਨ, ਜਿਵੇਂ ਗੁਰਦਿਆਲ ਸਿੰਘ, ਰਾਮ ਸਰੂਪ ਅਣਖੀ, ਸ਼ਿਵ ਕੁਮਾਰ ਬਟਾਲਵੀ, ਲਾਲ ਸਿੰਘ ਦਿਲ, ਅਵਤਾਰ ਪਾਸ਼, ਸੁਰਜੀਤ ਪਾਤਰ, ਜਸਵੰਤ ਜ਼ਫ਼ਰ ਤੇ ਬਲਜਿੰਦਰ ਨਸਰਾਲੀ ਤੇ ਹੋਰ। ਵੈਸੇ ਸੰਪੂਰਨ ਕੁਝ ਵੀ ਨਹੀਂ ਹੁੰਦਾ। ਮੈਂ ਸਿੱਖਦਾ ਰਹਿੰਦਾ ਹਾਂ, ਗ਼ਲਤੀਆਂ ਸੁਧਾਰਦਾ ਰਹਿੰਦਾ ਹਾਂ।

**? ਕਿਸ ਉਮਰ 'ਚ ਪੜ੍ਹਨ ਦਾ ਸਿਲਸਿਲਾ ਸ਼ੁਰੂ ਹੋਇਆ ?**

-ਬਾਰ੍ਹਵੀਂ ਜਮਾਤ ਤੋਂ ਬਾਅਦ ਪੜ੍ਹਨਾ ਸ਼ੁਰੂ ਕੀਤਾ। ਚੰਗਾ ਸਾਹਿਤ ਕੀ ਹੈ ਅਤੇ ਸਾਹਿਤ ਦੀ ਬਹੁਤੀ ਸਮਝ, ਪੰਜਾਬੀ 'ਵਰਸਿਟੀ 'ਚ ਪੈਰ ਪਾਉਣ ਮਗਰੋਂ ਆਈ। ਮੇਰੀ ਜ਼ਿੰਦਗੀ 'ਚ ਕਿਤਾਬਾਂ ਨਾ ਹੁੰਦੀਆਂ ਤਾਂ ਉਸ ਵਕਤ ਹਾਲਾਤ ਅਜਿਹੇ ਸਨ ਕਿ ਮੈਂ ਆਤਮ ਹੱਤਿਆ ਦੇ ਨੇੜੇ ਸੀ। ਕਿਤਾਬਾਂ ਨੇ ਸਵੈ ਵਿਸ਼ਵਾਸ ਭਰਿਆ। ਜ਼ਿੰਦਗੀ ਜਿਉਣ ਦਾ ਸਲੀਕਾ ਦਿੱਤਾ। ਚੰਗਾ ਪਾਠਕ ਤੇ ਸਰੋਤਾ ਬਣਿਆ। ਅਸਲ 'ਚ ਪਾਠਕ ਵੀ ਪੜ੍ਹਦੇ ਸਮੇਂ ਕਲਪਨਾ 'ਚ ਸਿਰਜਣਾ ਹੀ ਤਾਂ ਕਰਦਾ ਹੈ।

***? ਅੱਜ ਦਾ ਨੌਜਵਾਨ ਕਿਤਾਬਾਂ ਤੋਂ ਦੂਰ ਹੈ ਅਤੇ ਡਿਜੀਟਲ ਜ਼ਮਾਨੇ 'ਚ ਜਵਾਨੀ ਨੂੰ ਕਿਵੇਂ ਮੋੜਾ ਦਿੱਤਾ ਜਾ ਸਕਦਾ ਹੈ ?***

ਅਸਲ 'ਚ ਇਹ ਮਿੱਥ ਹੀ ਬਣ ਗਈ ਹੈ। ਜਿੰਨਾ ਸਾਹਿਤ ਹੁਣ ਰਚਿਆ ਜਾ ਰਿਹਾ ਹੈ, ਜਿੰਨੀ ਨੌਜਵਾਨ ਪੀੜ੍ਹੀ ਹੁਣ ਕਿਤਾਬਾਂ ਦਾ ਕੰਮ ਆਨਲਾਈਨ ਕਰ ਰਹੀ ਹੈ, ਜਿੰਨੀਆਂ ਕਿਤਾਬਾਂ ਹੁਣ ਵਿਕ ਰਹੀਆਂ ਹਨ, ਅਜਿਹਾ ਪਹਿਲਾਂ ਕਦੇ ਨਹੀਂ ਹੋਇਆ। ਇਹ ਸੋਚਣ ਵਾਲੀ ਗੱਲ ਹੈ ਕਿ ਸਾਹਿਤ ਕਿਹੋ ਜਿਹਾ ਰਚਿਆ ਜਾ ਰਿਹਾ ਹੈ। ਲੇਖਣੀ ਦਾ ਪੱਧਰ ਕਿਹੋ ਜਿਹਾ ਹੈ। ਨੌਜਵਾਨਾਂ ਦੀ ਕਿਤਾਬਾਂ ਤੋਂ ਦੂਰੀ ਹੈ ਤਾਂ ਇਸ ਲਈ ਲੇਖਕ ਖ਼ੁਦ, ਮਾਪੇ ਤੇ ਅਧਿਆਪਕ ਜ਼ਿੰਮੇਵਾਰ ਹਨ। ਲੇਖਕ ਖ਼ੁਦ ਵੀ ਚੰਗੀਆਂ ਕਿਤਾਬਾਂ ਦੀ ਦੱਸ ਪਾਵੇ ਤਾਂ ਹੀ ਪਾਠਕ ਪੈਦਾ ਹੋਣਗੇ।

***? ਤੁਸੀਂ 'ਲਾਲ ਸਿੰਘ ਚੱਢਾ' ਫਿਲਮ ਦੇ ਡਾਇਲਾਗ ਲਿਖੇ, ਪੌਲੀਵੁੱਡ ਤੋਂ ਬੌਲੀਵੁੱਡ ਤੱਕ ਦਾ ਸਫ਼ਰ ਕਿਹੋ ਜਿਹਾ ਰਿਹਾ।***

-ਆਮਿਰ ਖ਼ਾਨ ਨਾਲ ਕੰਮ ਕਰਨਾ ਇੱਕ ਪਾਠਸ਼ਾਲਾ ਵਾਂਗ ਸੀ। ਜਿਵੇਂ ਕਹਿੰਦੇ ਹੁੰਦੇ ਨੇ, 'ਨਾਲੇ ਚੋਪੜੀਆਂ ਨਾਲੇ ਦੋ ਦੋ'। ਫੀਸ ਵੀ ਲਈ, ਆਮਿਰ ਖ਼ਾਨ ਦੀ ਸੰਗਤ ਵੀ ਮਾਣੀ। ਚੰਗਾ ਸਮਾਂ ਬਿਤਾਇਆ, ਬਹੁਤ ਕੁਝ ਸਿੱਖਣ ਨੂੰ ਮਿਲਿਆ।

***? ਪੰਜਾਬੀ ਸਿਨੇਮਾ ਨਵੇਂ ਤਜਰਬਿਆਂ ਦੇ ਦੌਰ 'ਚੋਂ ਗੁਜ਼ਰ ਰਿਹਾ ਹੈ। ਸਿਨੇਮਾ 'ਚ ਕਈ ਬਦਲਾਅ ਨਜ਼ਰ ਪੈਣ ਲੱਗੇ ਹਨ।***

-ਹਾਲੇ ਤਾਂ ਪੂਣੀ ਵੀ ਨਹੀਂ ਕੱਤੀ। ਪੰਜਾਬੀ ਸਿਨੇਮਾ ਨੇ ਹਾਲੇ ਬਹੁਤ ਬਿਹਤਰ ਹੋਣਾ ਹੈ। ਨਵੀਂ ਪੀੜ੍ਹੀ, ਨਵੀਂ ਸੋਚ ਅਤੇ ਨਵੀਂ ਤਕਨੀਕ ਨਾਲ ਪੰਜਾਬੀ ਸਿਨੇਮਾ ਵੱਲ ਆ ਰਹੀ ਹੈ। ਨਵੀਂ ਜਵਾਨੀ ਆਜ਼ਾਦ ਸੋਚ ਨਾਲ ਕੰਮ ਕਰੇਗੀ। ਜੇ ਪੰਜਾਬੀ ਹਿੰਦੀ ਫਿਲਮਾਂ ਨੂੰ ਬਿਜ਼ਨਸ ਦੇ ਸਕਦੇ ਹਨ ਤਾਂ ਪੰਜਾਬੀ ਨੂੰ ਕਿਉਂ ਨਹੀਂ ਦੇਣਗੇ। ਆਉਂਦੇ ਸਾਲਾਂ 'ਚ ਬਹੁਤ ਕਰਾਮਾਤਾਂ ਹੋਣੀਆਂ ਹਨ।

***? ਤੁਸੀਂ ਪੁਰਾਣੇ ਸਮਿਆਂ ਦੇ ਮੁਕਾਬਲੇ ਕੀ ਅੱਜ ਕੱਲ੍ਹ ਪੰਜਾਬੀ ਮੈਗਜ਼ੀਨ ਦੀ ਘਾਟ ਮਹਿਸੂਸ ਨਹੀਂ ਕਰ ਰਹੇ ?***

-ਹੁਣ ਜ਼ਮਾਨਾ ਡਿਜੀਟਲ ਦਾ ਹੈ। ਖ਼ਾਸ ਕਰਕੇ ਕੋਵਿਡ ਦੌਰਾਨ ਪੰਜਾਬੀ ਮੈਗਜ਼ੀਨਾਂ ਨੂੰ ਬਹੁਤ ਸੱਟ ਵੱਜੀ ਹੈ। ਮੈਗਜ਼ੀਨ ਘਟੇ ਹਨ ਅਤੇ ਡਿਜੀਟਲ ਰੁਝਾਨ ਵਧਿਆ ਹੈ। ਤਸੱਲੀ ਵਾਲੀ ਗੱਲ ਹੈ ਕਿ 'ਹੁਣ' ਵਰਗੇ ਮੈਗਜ਼ੀਨ ਸਾਡੇ ਕੋਲ ਹਨ।

***? ਤੁਸੀਂ ਸਮਝਦੇ ਹੋ ਕਿ ਲੇਖਕਾਂ ਨੂੰ ਦੱਖਣੀ ਸੂਬਿਆਂ ਵਰਗਾ ਮਾਣ ਸਤਿਕਾਰ ਸਰਕਾਰਾਂ ਹੱਥੋਂ ਨਹੀਂ ਮਿਲਦਾ ?***

-ਪਹਿਲਾਂ ਇਹ ਦੇਖਣਾ ਪਵੇਗਾ ਕਿ ਕੀ ਲੇਖਕ ਆਪਣੀ ਲੇਖਣੀ ਜ਼ਰੀਏ ਸਮਾਜ 'ਚ ਆਪਣੀ ਬਣਦੀ ਭੂਮਿਕਾ ਨਿਭਾ ਰਿਹਾ ਹੈ। ਸਮਾਜ ਨੂੰ ਕਲਮ ਨਾਲ ਜਗਾ ਰਿਹਾ ਹੈ। ਵੈਸੇ ਸਰਕਾਰਾਂ ਕਦੇ ਵੀ ਲੇਖਕਾਂ ਦੇ ਹੱਕ 'ਚ ਨਹੀਂ ਭੁਗਤਦੀਆਂ ਕਿਉਂਕਿ ਲੇਖਕ ਦੀ ਲੇਖਣੀ ਹਕੂਮਤਾਂ ਦੇ ਰਾਸ ਨਹੀਂ ਆਉਂਦੀ। ਸਰਕਾਰਾਂ ਕਦੇ ਵੀ ਲੇਖਕਾਂ ਦਾ ਬਹੁਤਾ ਸਨਮਾਨ ਨਹੀਂ ਕਰਦੀਆਂ। ਜਿਨ੍ਹਾਂ ਦਾ ਸਰਕਾਰੀ ਸਨਮਾਨ ਹੁੰਦਾ ਵੀ ਹੈ, ਉਹ ਲੇਖਕ ਕਿਸੇ ਨਾ ਕਿਸੇ ਰੂਪ 'ਚ ਹਾਕਮ ਧਿਰ ਵੱਲ ਖੜ੍ਹਦੇ ਹਨ। ਐਵਾਰਡ ਵੀ ਹਮੇਸ਼ਾਂ ਸਰਕਾਰਾਂ ਦੇ ਨੇੜਲਿਆਂ ਨੂੰ ਹੀ ਮਿਲਦੇ ਹਨ। ਸਰਕਾਰਾਂ ਤੋਂ ਬਹੁਤੀ ਆਸ ਨਹੀਂ।

***? ਤੁਹਾਨੂੰ ਚੋਣ ਕਰਨੀ ਪਵੇ ਤਾਂ ਤੁਸੀਂ ਆਪਣੇ ਆਪ ਨੂੰ ਬਤੌਰ ਲੇਖਕ ਅੱਗੇ ਰੱਖੋਗੇ ਜਾਂ ਬਤੌਰ ਕਲਾਕਾਰ ?***

-ਮੈਂ ਬਤੌਰ ਵਿਦਿਆਰਥੀ ਆਪਣੇ ਆਪ ਨੂੰ ਅੱਗੇ ਰੱਖਾਂਗਾ ਜਿਸ 'ਚ ਸਭ ਨੂੰ ਸਮਾਉਣ ਦੀ ਸਮਰੱਥਾ ਹੁੰਦੀ ਹੈ। ਉਂਜ ਮੈਂ ਐਕਟਰ ਹੋਣ 'ਚ ਸੁਖਾਲਾ ਮਹਿਸੂਸ ਕਰਦਾ ਹਾਂ। ਵਿਦਿਆਰਥੀ ਹੋਣਾ ਔਖਾ ਕੰਮ ਹੈ ਅਤੇ ਔਖਾ ਕੰਮ ਕਰਕੇ ਮੈਂ ਸਵਾਦ ਲੈਂਦਾ ਹਾਂ। ਮੈਂ 'ਅ' ਨੂੰ ਬਹੁਤ ਸੰਭਾਲ ਕੇ ਰੱਖਦਾ ਹਾਂ। ਜਿਵੇਂ 'ਅ' ਤੋਂ ਅੱਜ ਨੂੰ ਵੇਖਣਾ, ਅਸਲ ਨੂੰ ਵੇਖਣਾ, ਆਦਤਾਂ ਨੂੰ ਸੁਧਾਰਨਾ, ਅਕਲ ਨੂੰ ਲਿਸ਼ਕਾਉਣਾ, ਆਲੋਚਨਾ ਨੂੰ ਸਹਿਣਾ। ਆੜਾ ਉਦੋਂ ਆੜੀ ਬਣਦਾ ਹੈ ਜਦੋਂ ਤੁਸੀਂ ਵਿਦਿਆਰਥੀ ਬਣਦੇ ਹੋ।

# ਲੋਕਾਂ ਦੀ ਜੀਵਨ ਸ਼ੈਲੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਫ਼ਿਲਮਾਂ ਅਤੇ ਟੈਲੀਵਿਜ਼ਨ

ਭਾਰਤ ਦੀ ਫ਼ਿਲਮ ਨਗਰੀ ਮੁੰਬਈ ਦੀ ਚਕਾਂਚੌਂਧ ਭਰੀ ਦੁਨੀਆਂ ਦਾ ਇੱਕ ਹਨੇਰਾ ਪੱਖ ਇਹ ਵੀ ਹੈ ਕਿ ਫ਼ਿਲਮਾਂ, ਟੀ.ਵੀ. ਸੀਰੀਅਲਾਂ, ਨਾਟਕਾਂ ਅਤੇ ਅਜਿਹੀਆਂ ਹੀ ਵੀਡੀਓਜ਼ ਦਾ ਆਮ ਲੋਕਾਂ ਤੇ ਅਕਸਰ ਮਾੜਾ ਅਸਰ ਪੈਂਦਾ ਹੈ। ਅਕਸਰ ਹੀ ਫ਼ਿਲਮਾਂ 'ਚ ਨੂੰਹ ਸੱਸ ਦੇ ਵਿਵਾਦ ਨੂੰ ਉਭਾਰਿਆ ਜਾਂਦਾ ਹੈ ਜਾਂ ਫਿਰ ਪਰਿਵਾਰਕ ਮੈਂਬਰਾਂ ਨੂੰ ਹੀ ਇੱਕ ਦੂਜੇ ਵਿਰੁੱਧ ਸਾਜ਼ਿਸ਼ਾਂ ਕਰਦੇ ਦਿਖਾਇਆ ਜਾਂਦਾ ਹੈ, ਜਿਸ ਦਾ ਸਿੱਧਾ ਪ੍ਰਭਾਵ ਇਹਨਾਂ ਨੂੰ ਵੇਖਣ ਵਾਲੇ ਲੋਕਾਂ 'ਤੇ ਪੈਂਦਾ ਹੈ।

ਕੁਝ ਦਹਾਕੇ ਪਹਿਲਾਂ ਇਹ ਕਿਹਾ ਜਾਂਦਾ ਸੀ ਕਿ ਫ਼ਿਲਮਾਂ ਦਾ ਬੱਚਿਆਂ ਤੇ ਮਾੜਾ ਅਸਰ ਪੈਂਦਾ ਹੈ, ਇਸੇ ਕਾਰਨ ਲੋਕ ਸਿਨੇਮਾ ਵਿੱਚ ਫ਼ਿਲਮ ਦੇਖਣ ਜਾਂਦੇ ਸਮੇਂ ਆਪਣੇ ਬੱਚਿਆਂ ਨੂੰ ਨਾਲ ਲੈ ਕੇ ਜਾਣ ਤੋਂ ਗੁਰੇਜ਼ ਕਰਦੇ ਸਨ ਪਰ ਹੁਣ ਤਾਂ ਕੇਬਲ ਸਿਸਟਮ ਅਤੇ ਡਿਸ਼ਾਂ ਨਾਲ ਹਰ ਘਰ ਵਿੱਚ ਹੀ ਇੱਕ ਤਰਾਂ ਛੋਟੇ ਸਿਨੇਮੇ ਬਣ ਗਏ ਹਨ, ਜਿਥੇ ਕਿ ਸਾਰਾ ਦਿਨ ਫਿਲਮਾਂ ਅਤੇ ਟੀ ਵੀ ਸੀਰੀਅਲ ਚਲਦੇ ਰਹਿੰਦੇ ਹਨ। ਆਮ ਤੌਰ ਤੇ ਹਿੰਦੀ ਸੀਰੀਅਲਾਂ ਵਿੱਚ ਨੂੰਹ ਸੱਸ ਦੇ ਵਿਵਾਦ ਏਨੇ ਜਿਆਦਾ ਦਿਖਾਏ ਜਾਂਦੇ ਹਨ ਕਿ ਇਹਨਾਂ ਦੇ ਅਸਰ ਹੇਠ ਕਈ ਘਰਾਂ ਵਿੱਚ ਨੂੰਹ ਅਤੇ ਸੱਸ ਵਿਚਾਲੇ ਵਿਵਾਦ ਪੈਦਾ ਹੋ ਜਾਂਦਾ ਹੈ। ਇਸ ਤੋਂ ਇਲਾਵਾ ਇਹਨਾਂ ਫਿਲਮਾਂ ਅਤੇ ਟੀ ਵੀ ਸੀਰੀਅਲਾਂ ਦਾ ਬੱਚਿਆਂ ਦੀ ਪੜ੍ਹਾਈ 'ਤੇ ਵੀ ਅਸਰ ਪੈਂਦਾ ਹੈ। ਫਿਲਮਾਂ ਅਤੇ ਟੀ ਵੀ ਸੀਰੀਅਲਾਂ ਵਿੱਚ ਵੇਖ ਕੇ ਹੀ ਕਈ ਨੌਜਵਾਨ ਅਪਰਾਧੀ ਬਣ ਜਾਂਦੇ ਹਨ। ਇਸ ਤੋਂ ਇਲਾਵਾ ਦਿਨ ਰਾਤ ਟੀ ਵੀ ਵੇਖਣ ਵਾਲਿਆਂ ਦੀਆਂ ਅੱਖਾਂ ਦੀ ਰੌਸ਼ਨੀ ਵੀ ਘੱਟ ਜਾਂਦੀ ਹੈ।

ਫ਼ਿਲਮਾਂ ਅਤੇ ਟੈਲੀਵਿਜ਼ਨ ਲੋਕਾਂ ਦੀ ਜੀਵਨ ਸ਼ੈਲੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਬੁਨਿਆਦੀ ਪੱਧਰ 'ਤੇ, ਉਹ ਵੱਖ-ਵੱਖ ਤਰੀਕਿਆਂ ਨਾਲ ਅਤੇ ਵੱਖ-ਵੱਖ ਪ੍ਰੋਗਰਾਮਾਂ ਰਾਹੀਂ ਲੋਕਾਂ ਨੂੰ ਵੱਖ-ਵੱਖ ਚੀਜ਼ਾਂ ਬਾਰੇ ਸੂਚਿਤ ਕਰਦੇ ਹਨ।

ਦੂਜੇ ਸਿਰੇ 'ਤੇ, ਉਹ ਲੋਕਾਂ ਨੂੰ ਆਪਣੇ ਆਪ ਨੂੰ ਭਰੋਸਾ ਦਿਵਾਉਣ ਅਤੇ ਉਨ੍ਹਾਂ ਦੀਆਂ ਆਵਾਜ਼ਾਂ ਸੁਣਨ



ਦੇਣ ਦੇ ਉਦੇਸ਼ ਦੀ ਪੂਰਤੀ ਕਰਦੇ ਹਨ। ਟੈਲੀਵਿਜ਼ਨ, ਖਾਸ ਤੌਰ 'ਤੇ, ਜਨ ਸੰਚਾਰ ਦੇ ਹੋਰ ਸਾਧਨਾਂ, ਖਾਸ ਤੌਰ 'ਤੇ ਸ਼ਹਿਰੀ ਭਾਰਤ ਵਿੱਚ ਸਰਵਉੱਚ ਰਾਜ ਕਰਦਾ ਹੈ। ਅਨਪੜ੍ਹਤਾ ਦੀ ਉੱਚ ਦਰ ਵਾਲੇ ਦੇਸ਼ ਵਿੱਚ, ਫ਼ਿਲਮਾਂ ਅਤੇ ਸੀਰੀਅਲ ਸੂਚਨਾ ਦੇ ਨਾਲ-ਨਾਲ ਮਨੋਰੰਜਨ ਵੀ ਕਰਦੇ ਹਨ। ਉਹ ਆਬਾਦੀ ਦੇ ਇੱਕ ਵੱਡੇ ਹਿੱਸੇ ਤੱਕ ਪਹੁੰਚਦੇ ਹਨ।

ਤਕਨਾਲੋਜੀ ਦੀ ਤਰੱਕੀ ਨੇ ਮਾਸ ਮੀਡੀਆ ਨੂੰ ਲੋਕਾਂ ਤੱਕ ਪਹੁੰਚਯੋਗ ਬਣਾ ਦਿੱਤਾ ਹੈ। ਮਾਸ ਮੀਡੀਆ, ਖਾਸ ਤੌਰ 'ਤੇ ਇਲੈਕਟ੍ਰਾਨਿਕ ਮੀਡੀਆ, ਲੋਕਾਂ 'ਤੇ ਆਪਣਾ ਪ੍ਰਭਾਵ ਬਣਾਉਣ ਵਿਚ ਤੇਜ਼ੀ ਨਾਲ ਕੰਮ ਕਰਦਾ ਹੈ ਅਤੇ ਪ੍ਰਭਾਵ ਲੰਬੇ ਸਮੇਂ ਤੱਕ ਵੀ ਹੁੰਦਾ ਹੈ। ਟੈਲੀਵਿਜ਼ਨ ਸਮੂਹ ਦਰਸ਼ਕਾਂ ਨੂੰ ਆਕਰਸ਼ਿਤ ਕਰਨ ਲਈ ਇੱਕ ਸ਼ਕਤੀਸ਼ਾਲੀ ਮਾਧਿਅਮ ਹੈ - ਇਹ ਉਮਰ, ਲਿੰਗ, ਆਮਦਨ ਜਾਂ ਵਿਦਿਅਕ ਪੱਧਰ ਦੀ ਪਰਵਾਹ ਕੀਤੇ ਬਿਨਾਂ ਲੋਕਾਂ ਤੱਕ ਪਹੁੰਚਦਾ ਹੈ। ਇਸ ਤੋਂ ਇਲਾਵਾ, ਟੈਲੀਵਿਜ਼ਨ ਦ੍ਰਿਸ਼ਟੀ ਅਤੇ ਆਵਾਜ਼ ਪ੍ਰਦਾਨ ਕਰਦਾ ਹੈ, ਅਤੇ ਇਹ ਲੋਕਾਂ ਅਤੇ ਉਤਪਾਦਾਂ ਦੀ ਇੱਕ ਨਾਟਕੀ ਅਤੇ ਜੀਵਨ-ਵਰਗੀ ਪ੍ਰਤੀਨਿਧਤਾ ਹੈ।

ਸਾਲਾਂ ਦੌਰਾਨ, ਰੇਡੀਓ ਅਤੇ ਟੀਵੀ ਵਿਭਿੰਨਤਾ ਅਤੇ ਸਮੱਗਰੀ ਵਿੱਚ ਵਿਕਸਤ ਹੋਏ ਹਨ। ਫਿਰ ਵੀ, ਪੇਸ਼ ਕੀਤੇ ਜਾਣ ਵਾਲੇ ਮਨੋਰੰਜਨ ਦੀ ਕਿਸਮ ਮੁੱਖ ਤੌਰ 'ਤੇ ਸੱਭਿਆਚਾਰਕ ਹੈ। ਭਾਰਤ ਵਿੱਚ ਫਿਲਮ ਅਤੇ ਟੀਵੀ ਮਨੋਰੰਜਨ ਉਦਯੋਗ ਦੇ ਕੁਝ ਹਿੱਸਿਆਂ ਦੇ ਨਾਲ ਚੌਵੀ ਘੰਟੇ ਚਲਾਇਆ ਜਾਂਦਾ ਹੈ। ਜਿੱਥੋਂ ਤੱਕ ਟੀਵੀ ਦਾ ਸਬੰਧ ਹੈ, ਇਹ ਦੂਰਦਰਸ਼ਨ ਹੀ ਸੀ ਜਿਸ ਨੇ 1990 ਦੇ ਦਹਾਕੇ ਅਤੇ ਉਦਾਰੀਕਰਨ ਦੇ ਦੌਰ ਤੱਕ ਸਾਡਾ ਮਨੋਰੰਜਨ ਕੀਤਾ। ਦੂਰਦਰਸ਼ਨ 'ਤੇ ਪ੍ਰੋਗਰਾਮਾਂ ਦੀ ਚੰਗੀ ਮੇਲ-ਜੋਲ ਸੀ, ਕਿਉਂਕਿ ਸਰਕਾਰੀ ਮਾਲਕੀ ਵਾਲੇ ਚੈਨਲ ਨੂੰ ਸਿੱਖਿਅਤ ਦੇ ਨਾਲ-ਨਾਲ ਦੇਸ਼ ਦੇ ਮਨੋਰੰਜਨ ਦੀ ਜ਼ਿੰਮੇਵਾਰੀ ਵੀ ਨਿਭਾਉਣੀ ਪੈਂਦੀ ਸੀ। ਕੁਝ ਦਹਾਕੇ ਪਹਿਲਾਂ ਟੀ.ਵੀ. 'ਤੇ ਖੇਤੀਬਾੜੀ ਦਰਸ਼ਨ, ਭਾਰਤ ਦੀ ਕਲਾ ਅਤੇ ਸੱਭਿਆਚਾਰਕ ਵਿਰਾਸਤ ਦੇ ਨਾਲ-ਨਾਲ ਖੇਤਰ ਵਿੱਚ ਸਮਕਾਲੀ ਘਟਨਾਵਾਂ ਨੂੰ ਦਰਸਾਉਂਦੇ ਪ੍ਰੋਗਰਾਮ, ਬੱਚਿਆਂ ਅਤੇ ਔਰਤਾਂ ਲਈ ਕਾਰਟੂਨ ਪ੍ਰੋਗਰਾਮ ਅਤੇ ਨੌਜਵਾਨ-ਅਧਾਰਿਤ ਪ੍ਰੋਗਰਾਮਾਂ ਨੂੰ ਫਿਲਮ-ਅਧਾਰਤ ਪ੍ਰੋਗਰਾਮਾਂ ਨਾਲ ਜੋੜਿਆ ਗਿਆ ਸੀ ਜੋ ਸ਼ੁੱਧ ਮਨੋਰੰਜਨ ਕਰਦੇ ਸਨ। ਚਿੱਤਰਹਾਰ, ਖੇਤਰੀ ਅਤੇ ਹਿੰਦੀ ਵੀਕਐਂਡ ਫਿਲਮਾਂ ਵੀ ਦਿਖਾਈਆਂ ਜਾਂਦੀਆਂ ਸਨ ਪਰ ਅੱਜ ਕਲ ਤਾਂ ਕਈ ਪ੍ਰਾਈਵੇਟ ਚੈਨਲਾਂ 'ਤੇ ਜਾਂ ਤਾਂ ਅੰਧਵਿਸ਼ਵਾਸ ਫੈਲਾਉਣ ਵਾਲੇ ਸੀਰੀਅਲ ਪੇਸ਼ ਕੀਤੇ ਜਾਂਦੇ ਹਨ ਜਾਂ ਫਿਰ ਸਾਜ਼ਿਸ਼ਾਂ ਹੀ ਸਾਜ਼ਿਸ਼ਾਂ ਦਿਖਾਈਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਕਈ ਚੈਨਲਾਂ 'ਤੇ ਸ਼ਰੇਆਮ ਅਸ਼ਲੀਲਤਾ ਪਰੋਸੀ ਜਾਂਦੀ ਹੈ। ਹੋਰ ਤਾਂ ਹੋਰ ਹੁਣ ਤਾਂ ਸਪੋਰਟਸ ਚੈਨਲਾਂ 'ਤੇ ਵੀ ਚੀਅਰ ਲੀਡਰਜ਼ ਦਿਖਾਈਆਂ ਜਾਂਦੀਆਂ ਹਨ, ਜਿਹਨਾਂ ਨੇ ਅਜਿਹਾ ਪਹਿਰਾਵਾ ਪਾਇਆ ਹੁੰਦਾ ਹੈ, ਜੋ ਕਿ ਕਈ ਵਾਰ ਬੱਚਿਆਂ ਅਤੇ ਨੌਜਵਾਨਾਂ ਪਰ ਮਾਰੂ ਅਸਰ ਕਰਦਾ ਹੈ। ਹਿੰਦੀ ਅਤੇ ਹੋਰ ਭਾਰਤੀ ਭਾਸ਼ਾ ਦੀਆਂ ਫਿਲਮਾਂ ਵਿੱਚ ਸੈਕਸ ਅਤੇ ਹਿੰਸਾ ਦੇ ਚਿਤਰਣ ਦੇ ਪ੍ਰਭਾਵਾਂ ਦੇ ਸਬੰਧ ਵਿੱਚ ਸੈਂਸਰਸ਼ਿਪ ਦੀ ਲੋੜ ਦੀ ਅਕਸਰ ਚਰਚਾ ਕੀਤੀ ਜਾਂਦੀ ਹੈ। ਇਸ ਮੁੱਦੇ ਨੂੰ ਇਸ ਦੇ ਸਮੁੱਚੇ ਪ੍ਰਭਾਵ ਦੇ ਵਿਆਪਕ ਸੰਦਰਭ ਵਿੱਚ ਦੇਖਣ ਅਤੇ ਸਮਾਜ ਵਿੱਚ ਹੋਰ ਤਬਦੀਲੀਆਂ ਨਾਲ ਜੋੜਨ ਦੀ ਲੋੜ ਹੈ।

(ਬਾਕੀ ਸਫ਼ਾ 27 'ਤੇ)

## ਪੰਜਾਬ ਦੀ ਰਾਜਨੀਤੀ 'ਚ ...

ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਨੂੰ ਅੰਦਰੂਨੀ ਫੁੱਟ ਨਹੀਂ ਹੈ, ਪਰ ਗਵਰਨੈਂਸ ਵਿੱਚ ਨਾਕਾਮੀ ਨੇ ਲੋਕਾਂ ਨੂੰ ਨਿਰਾਸ਼ ਕੀਤਾ ਹੈ। ਨਸ਼ੇ, ਅਪਰਾਧ ਅਤੇ ਗੈਂਗਸਟਰ ਰਾਜ ਵਿੱਚ ਵਧ ਰਹੇ ਹਨ। 2026 ਦੇ ਪਹਿਲੇ ਹਫ਼ਤੇ ਵਿੱਚ ਹੀ 9 ਕਤਲ ਹੋਏ, ਜਿਸ ਨੇ ਵਿਰੋਧੀਆਂ ਨੂੰ ਸਰਕਾਰ 'ਤੇ ਹਮਲਾ ਕਰਨ ਦਾ ਮੌਕਾ ਦਿੱਤਾ ਹੈ।

ਆਪ ਨੇ ਵਾਅਦੇ ਕੀਤੇ ਸਨ ਕਿ ਪੰਜਾਬ ਨੂੰ ਨਸ਼ਾ ਮੁਕਤ ਬਣਾਵਾਂਗੇ, ਪਰ ਨਸ਼ਿਆਂ ਕਾਰਨ ਮੌਤਾਂ ਹੋ ਰਹੀਆਂ ਹਨ। ਕਾਨੂੰਨ ਵਿਵਸਥਾ ਡਾਵਾਂਡੋਲ ਹੈ ਅਤੇ ਵਿਕਾਸ ਕੰਮ ਰੁਕੇ ਹੋਏ ਹਨ। ਭ੍ਰਿਸ਼ਟਾਚਾਰ ਵਧਿਆ ਹੈ ਅਤੇ ਯੂ-ਟਰਨ ਲੈਣ ਦੀ ਨੀਤੀ ਨੇ ਪਾਰਟੀ ਦੀ ਸਾਖ ਨੂੰ ਨੁਕਸਾਨ ਪਹੁੰਚਾਇਆ ਹੈ। ਆਪ ਨੂੰ ਪੰਥਕ ਸਿਆਸਤ ਵਿੱਚ ਵੀ ਚੁਣੌਤੀਆਂ ਮਿਲ ਰਹੀਆਂ ਹਨ। ਆਤਿਸ਼ੀ ਦੇ ਗੁਰੂ ਤੇਗ ਬਹਾਦੁਰ ਬਾਰੇ ਬਿਆਨ ਅਤੇ ਸਿੱਖ ਮਰਿਆਦਾ ਉੱਪਰ ਗਲਤ ਟਿੱਪਣੀਆਂ ਕਾਰਨ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਕਾਲ ਤਖ਼ਤ ਸਾਹਿਬ ਵਿਖੇ ਤਲਬ ਕਰਨ ਨੇ ਪਾਰਟੀ ਨੂੰ ਮੁਸੀਬਤ ਵਿੱਚ ਪਾਇਆ ਹੈ। ਦਿੱਲੀ ਵਿੱਚ ਸਿਆਸੀ ਹਾਰ ਨੇ ਪੰਜਾਬ ਵਿੱਚ ਆਪ ਨੂੰ ਪਹਿਲਾਂ ਹੀ ਕਮਜ਼ੋਰ ਕੀਤਾ ਹੋਇਆ ਹੈ ਅਤੇ ਕੇਜਰੀਵਾਲ ਦੀ ਦਖ਼ਲਅੰਦਾਜ਼ੀ ਨੇ ਪੰਜਾਬ ਯੂਨਿਟ ਵਿੱਚ ਨਾਰਾਜ਼ਗੀ ਪੈਦਾ ਕੀਤੀ ਹੈ। ਪੰਜਾਬ 2027 ਵਿੱਚ 'ਆਪ' ਲਈ ਚੁਣੌਤੀ ਹੈ ਅਤੇ ਇਹ ਪੰਜਾਬੀਆਂ ਦਾ ਵਿਸ਼ਵਾਸ ਗੁਆ ਰਹੀ ਹੈ।

### ਭਾਜਪਾ ਦੀ ਪੰਜਾਬ ਬਾਰੇ ਨੀਤੀ

ਭਾਜਪਾ ਪੰਜਾਬ ਵਿੱਚ ਸੱਤਾ ਹਾਸਲ ਕਰਨ ਲਈ ਤਰਲੋਮੱਛੀ ਹੈ। ਪਾਰਟੀ ਨੇ 2027 ਚੋਣਾਂ ਲਈ ਮਿਸ਼ਨ ਸ਼ੁਰੂ ਕੀਤਾ ਹੈ ਅਤੇ ਹਰਿਆਣਾ ਮਾਡਲ ਨੂੰ ਪੰਜਾਬ ਵਿੱਚ ਲਾਗੂ ਕਰਨ ਦੀ ਗੱਲ ਕਰ ਰਹੀ ਹੈ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਪੰਜਾਬ ਵਿੱਚ ਅਕਸਰ ਆ ਰਹੇ ਹਨ ਅਤੇ ਬੀਜੇਪੀ ਨੂੰ ਪ੍ਰਮੋਟ ਕਰ ਰਹੇ ਹਨ। ਉਹ ਕਹਿੰਦੇ ਹਨ ਕਿ ਬੀ.ਜੇ.ਪੀ. ਇਕੱਲੀ ਸਰਕਾਰ ਬਣਾਏਗੀ ਅਤੇ ਪੰਜਾਬ ਨੂੰ ਅਗਾਂਹ ਵਧਾਏਗੀ।

ਭਾਜਪਾ ਦੀ ਨੀਤੀ ਵਿੱਚ ਸਿੱਖਾਂ ਨੂੰ ਹਮਦਰਦੀ ਦਿਖਾਉਣਾ ਸ਼ਾਮਲ ਹੈ। ਪਾਰਟੀ ਨੇ ਮਾਘੀ 'ਤੇ ਕਾਨਫਰੰਸ ਕੀਤੀ ਸੀ ਅਤੇ ਫਰਵਰੀ ਵਿੱਚ ਅਮਿਤ ਸ਼ਾਹ ਦੀ ਅਗਵਾਈ ਵਿੱਚ ਮੋਗਾ ਵਿੱਚ ਰੈਲੀ ਕਰਨ ਦਾ ਫੈਸਲਾ ਕੀਤਾ ਹੈ। ਇੱਥੇ ਕਈ ਪ੍ਰਮੁੱਖ ਸਿੱਖ ਨੇਤਾਵਾਂ ਨੂੰ ਪਾਰਟੀ ਵਿੱਚ ਸ਼ਾਮਲ ਕੀਤਾ ਜਾਵੇਗਾ। ਪਰ ਭਾਜਪਾ ਨੂੰ ਚੁਣੌਤੀਆਂ ਵੀ ਹਨ। ਸਿਰਸਾ ਸਾਧ ਨੂੰ ਪੈਰੋਲ ਦੇਣ, ਬੰਦੀ ਸਿੱਖਾਂ ਨੂੰ ਰਿਹਾਅ ਨਾ ਕਰਨ ਕਾਰਨ ਅਤੇ ਪੰਜਾਬ ਦੀਆਂ ਸੰਸਥਾਵਾਂ ਉਪ ਕੇਂਦਰੀ ਕਬਜ਼ੇ ਦੀਆਂ ਕੋਸ਼ਿਸ਼ਾਂ ਨੇ ਪੰਜਾਬੀਆਂ ਵਿੱਚ ਨਾਰਾਜ਼ਗੀ ਪੈਦਾ ਕੀਤੀ ਹੈ।

ਭਾਜਪਾ ਨੂੰ ਅਕਾਲੀ ਦਲ ਨਾਲ ਗਠਜੋੜ ਦੀ ਉਮੀਦ ਸੀ, ਪਰ ਅਕਾਲੀ ਦਲ ਦੇ ਸੰਕਟ ਨੇ ਇਸ ਨੂੰ ਫਿੱਕਾ ਕਰ ਦਿੱਤਾ ਹੈ। ਸੈਣੀ ਨੇ ਕਿਹਾ ਕਿ ਬੀਜੇਪੀ ਇਕੱਲੀ ਲੜੇਗੀ ਅਤੇ ਜਿੱਤੇਗੀ। ਬੀਜੇਪੀ ਨੂੰ ਪੰਜਾਬ ਵਿੱਚ ਸ਼ਹਿਰੀ ਖੇਤਰਾਂ ਤੱਕ ਸੀਮਿਤ ਹੈ ਅਤੇ ਪੇਂਡੂ ਵੋਟ ਬੈਂਕ ਵਧਾਉਣਾ ਚਾਹੁੰਦੀ ਹੈ। ਭਾਜਪਾ ਪੰਜਾਬ ਨੂੰ ਹਰਿਆਣਾ ਵਾਂਗ ਵਿਕਸਿਤ ਬਣਾਉਣ ਦਾ ਵਾਅਦਾ ਕਰ ਰਹੀ ਹੈ।

### 2027 ਚੋਣਾਂ ਦੌਰਾਨ ਕੀ ਹੋਵੇਗਾ ਪੰਜਾਬ ਦਾ ਸਿਆਸੀ ਭਵਿੱਖ ?

ਪੰਜਾਬ ਵਿੱਚ ਐਂਟੀ-ਇੰਕੰਬੈਂਸੀ ਵਧ ਰਹੀ ਹੈ, ਪਰ ਕੋਈ ਬਦਲ ਨਹੀਂ ਹੈ।2027 ਚੋਣਾਂ ਵਿੱਚ ਅੰਕੜੇ ਫੈਸਲਾ ਕਰਨਗੇ। ਪੰਜਾਬ ਰਾਜਨੀਤੀ ਵਿੱਚ ਲੀਡਰਸ਼ਿਪ ਸੰਕਟ ਡੂੰਘਾ ਹੈ ਅਤੇ ਏਕਤਾ ਦੀ ਘਾਟ ਤੇ ਸਿਆਸੀ ਆਦਰਸ਼ ਤੇ ਕਿਰਦਾਰ ਦੀ ਕਮੀ ਨੇ ਇਸ ਨੂੰ ਵਧਾਇਆ ਹੈ। ਕਾਂਗਰਸ ਅਤੇ ਆਪ ਨੂੰ ਅੰਦਰੂਨੀ ਮਸਲੇ ਹੱਲ ਕਰਨੇ ਚਾਹੀਦੇ ਹਨ, ਜਦਕਿ ਅਕਾਲੀ ਦਲ ਨੂੰ ਏਕਤਾ ਚਾਹੀਦੀ ਹੈ। ਭਾਜਪਾ ਨੂੰ ਪੰਜਾਬੀ ਸੈਂਟੀਮੈਂਟ ਨੂੰ ਸਮਝਣਾ ਚਾਹੀਦਾ ਹੈ। 2027 ਚੋਣਾਂ ਪੰਜਾਬ ਲਈ ਨਿਰਣਾਇਕ ਹੋਣਗੀਆਂ ਅਤੇ ਨਵੀਂ ਲੀਡਰਸ਼ਿਪ ਪੈਦਾ ਕਰ ਸਕਦੀਆਂ ਹਨ। ਪੰਜਾਬ ਨੂੰ ਚੰਗੇ ਨੇਤਾਵਾਂ ਦੀ ਲੋੜ ਹੈ, ਜੋ ਹਿੱਤਾਂ ਲਈ ਲੜਨ।

***

## ਦੁਨੀਆਂ ਦੀਆਂ ਖ਼ੁਫ਼ੀਆ ...

ਇਹ ਦੇਸ਼ ਅੰਦਰ ਅਤੇ ਬਾਹਰ ਦੋਵੇਂ ਥਾਵਾਂ 'ਤੇ ਨਜ਼ਰ ਰੱਖਦੀ ਹੈ। ਚੀਨ ਦੇ ਵਿਸ਼ਵ ਵਿੱਚ ਵਧਦੇ ਪ੍ਰਭਾਵ ਨੂੰ ਇਹ ਬਹੁਤ ਮਦਦ ਕਰਦੀ ਹੈ।

### ਰਾਅ - ਭਾਰਤ

ਭਾਰਤ ਦੀ ਇਹ ਵਿਦੇਸ਼ੀ ਖ਼ੁਫ਼ੀਆ ਏਜੰਸੀ 1968 ਵਿੱਚ ਬਣੀ ਸੀ। ਇਸ ਨੂੰ ਦੱਖਣੀ ਏਸ਼ੀਆ ਵਿੱਚ ਸਭ ਤੋਂ ਮਜ਼ਬੂਤ ਮੰਨਿਆ ਜਾਂਦਾ ਹੈ। ਰਾਅ ਪਾਕਿਸਤਾਨ ਅਤੇ ਚੀਨ ਵਰਗੇ ਗੁਆਂਢੀ ਦੇਸ਼ਾਂ 'ਤੇ ਨਜ਼ਰ ਰੱਖਦੀ ਹੈ, ਆਤੰਕਵਾਦ ਰੋਕਦੀ ਹੈ ਅਤੇ ਭਾਰਤ ਦੇ ਹਿੱਤਾਂ ਦੀ ਰੱਖਿਆ ਕਰਦੀ ਹੈ। 1971 ਵਿੱਚ ਬੰਗਲਾਦੇਸ਼ ਦੀ ਆਜ਼ਾਦੀ ਵਿੱਚ ਇਸ ਨੇ ਵੱਡੀ ਮਦਦ ਕੀਤੀ ਸੀ। 1999 ਦੀ ਕਾਰਗਿਲ ਜੰਗ ਵਿੱਚ ਵੀ ਇਸ ਦੀ ਜਾਣਕਾਰੀ ਨੇ ਭਾਰਤ ਨੂੰ ਜਿੱਤ ਦਿਵਾਈ। ਅੱਜ ਰਾਅ ਸਾਈਬਰ ਅਤੇ ਗੁਪਤ ਅਪਰੇਸ਼ਨਾਂ ਵਿੱਚ ਬਹੁਤ ਤੇਜ਼ ਹੋ ਗਈ ਹੈ ਅਤੇ ਵਿਸ਼ਵ ਵਿੱਚ ਟਾਪ 5 ਵਿੱਚ ਗਿਣੀ ਜਾਂਦੀ ਹੈ। ਇਹ ਆਪਣੇ ਗੁਪਤ ਅਪਰੇਸ਼ਨਾਂ ਅਤੇ ਸਟੀਕ ਜਾਣਕਾਰੀ ਲਈ ਜਾਣੀ ਜਾਂਦੀ ਹੈ।

### ਆਈ.ਐਸ.ਆਈ. - ਪਾਕਿਸਤਾਨ

ਦੱਖਣੀ ਏਸ਼ੀਆ ਵਿੱਚ ਇਹ ਬਹੁਤ ਐਕਟਿਵ ਹੈ। ਇਸ ਨੇ ਅਫ਼ਗਾਨਿਸਤਾਨ ਵਿੱਚ ਵੱਡੀ ਭੂਮਿਕਾ ਨਿਭਾਈ ਸੀ ਪਰ ਕਈ ਵਾਰ ਵਿਵਾਦਾਂ ਵਿੱਚ ਵੀ ਰਹੀ ਹੈ।

### ਡੀ.ਜੀ.ਐਸ.ਈ. - ਫ਼ਰਾਂਸ

ਅਫ਼ਰੀਕਾ ਅਤੇ ਮੱਧ ਪੂਰਬ ਵਿੱਚ ਮਾਹਿਰ। ਆਤੰਕਵਾਦ ਅਤੇ ਸਾਈਬਰ ਵਿੱਚ ਮਜ਼ਬੂਤ।

### ਐਸ.ਵੀ.ਆਰ. - ਰੂਸ

ਪੁਰਾਣੇ ਕੇ.ਜੀ.ਬੀ. ਦਾ ਹਿੱਸਾ। ਵਿਦੇਸ਼ੀ ਜਾਸੂਸੀ ਵਿੱਚ ਬਹੁਤ ਤਜਰਬੇਕਾਰ।

### ਬੀ.ਐਨ.ਡੀ. - ਜਰਮਨੀ

ਯੂਰਪ ਵਿੱਚ ਸਭ ਤੋਂ ਵੱਡਾ ਹੈੱਡਕੁਆਰਟਰ। ਸਾਈਬਰ ਅਤੇ ਆਤੰਕਵਾਦ ਰੋਕਣ ਵਿੱਚ ਮਾਹਿਰ।

### ਏ.ਐਸ.ਆਈ.ਐਸ. - ਆਸਟ੍ਰੇਲੀਆ

ਏਸ਼ੀਆ-ਪੈਸਿਫ਼ਿਕ ਖੇਤਰ ਵਿੱਚ ਫ਼ੋਕਸ। ਪੱਛਮੀ ਦੇਸ਼ਾਂ ਨਾਲ ਮਿਲ ਕੇ ਕੰਮ ਕਰਦੀ ਹੈ।

### ਸਭ ਤੋਂ ਮਜ਼ਬੂਤ ਏਜੰਸੀ ਕਿਹੜੀ ਹੈ ?

ਜ਼ਿਆਦਾਤਰ ਰਿਪੋਰਟਾਂ ਮੁਤਾਬਕ ਸੀ.ਆਈ.ਏ. ਸਭ ਤੋਂ ਤਾਕਤਵਰ ਹੈ ਕਿਉਂਕਿ ਇਸ ਦਾ ਬਜਟ, ਟੈਕਨਾਲੋਜੀ ਅਤੇ ਵਿਸ਼ਵ ਵਿੱਚ ਪਹੁੰਚ ਸਭ ਤੋਂ ਵੱਧ ਹੈ। ਪਰ ਮੌਸਾਦ ਨੂੰ ਸਭ ਤੋਂ ਸਟੀਕ ਅਤੇ ਖਤਰਨਾਕ ਮੰਨਿਆ ਜਾਂਦਾ ਹੈ। ਭਾਰਤ ਦੀ ਰਾਅ ਖਾਸ ਕਰਕੇ ਦੱਖਣੀ ਏਸ਼ੀਆ ਵਿੱਚ ਬਹੁਤ ਮਜ਼ਬੂਤ ਹੈ ਅਤੇ ਪਿਛਲੇ ਕੁਝ ਸਾਲਾਂ ਵਿੱਚ ਇਸ ਨੇ ਆਪਣੀ ਤਾਕਤ ਵਧਾਈ ਹੈ।

ਇਹ ਏਜੰਸੀਆਂ ਚੁੱਪਚਾਪ ਕੰਮ ਕਰਦੀਆਂ ਹਨ ਪਰ ਇਨ੍ਹਾਂ ਦੇ ਕਾਰਨਾਮੇ ਦੇਸ਼ਾਂ ਨੂੰ ਬਚਾਉਂਦੇ ਹਨ। ਇਹ ਲੋਕ ਆਪਣੀ ਜਾਨ ਜੋਖਮ ਵਿੱਚ ਪਾ ਕੇ ਦੇਸ਼ ਦੀ ਸੇਵਾ ਕਰਦੇ ਹਨ। ਅਜਿਹੀਆਂ ਏਜੰਸੀਆਂ ਬਿਨਾਂ ਦੁਨੀਆਂ ਵਿੱਚ ਸੁਰੱਖਿਆ ਬਹੁਤ ਮੁਸ਼ਕਿਲ ਹੋ ਜਾਂਦੀ ਹੈ।

***

## ਭਾਰਤੀ ਨਿਆਂ ਪ੍ਰਣਾਲੀ 'ਤੇ ਘੱਟਗਿਣਤੀਆਂ ...

ਘੱਟਗਿਣਤੀਆਂ ਵਿੱਚ ਡਰ ਪੈਦਾ ਕਰ ਰਹੀ ਹੈ। ਰਿਹਾਈ ਲਈ ਲੜਾਈ ਜਾਰੀ ਹੈ, ਪਰ ਨਿਆਂ ਵਿੱਚ ਦੇਰੀ ਨੇ ਉਨ੍ਹਾਂ ਨੂੰ ਜ਼ਿੰਦਗੀ ਬਰਬਾਦ ਕਰ ਦਿੱਤੀ ਹੈ।

### ਸਿਸਟਮ ਦੀਆਂ ਕਮੀਆਂ ਅਤੇ ਦੋਹਰੇ ਮਾਪਦੰਡ

ਪੰਥਕ ਆਗੂਆਂ ਅਤੇ ਮਾਹਿਰਾਂ ਦਾ ਮੰਨਣਾ ਹੈ ਕਿ ਨਿਆਂ ਪ੍ਰਣਾਲੀ ਵਿੱਚ ਜੱਜਾਂ ਦੀ ਕਮੀ ਅਤੇ ਜਾਂਚ ਏਜੰਸੀਆਂ ਦੀ ਢਿੱਲੀ ਕਾਰਗੁਜ਼ਾਰੀ ਘੱਟਗਿਣਤੀਆਂ ਲਈ ਘਾਤਕ ਸਿੱਧ ਹੋ ਰਹੀ ਹੈ। ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੁੱਛਿਆ ਕਿ ਫਿਰ ਕਤਲੇਆਮ ਕਿਸ ਨੇ ਕੀਤਾ ਅਤੇ ਉਹਨਾਂ ਨੇ ਜਾਂਚ ਏਜੰਸੀਆਂ ਦੀ ਗੰਭੀਰਤਾ 'ਤੇ ਸਵਾਲ ਉਠਾਏ ਹਨ। ਐਸ.ਜੀ.ਪੀ.ਸੀ. ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਸ ਨੂੰ ਬੇਇਨਸਾਫ਼ੀ ਕਿਹਾ ਅਤੇ ਪੀੜਤ ਪਰਿਵਾਰਾਂ ਨੂੰ ਮਾਨਸਿਕ ਸੱਟ ਮਾਰਨ ਵਾਲਾ ਦੱਸਿਆ।

ਗਿਆਨੀ ਹਰਪ੍ਰੀਤ ਸਿੰਘ ਅਨੁਸਾਰ, 'ਦੇਸ਼ ਵਿੱਚ ਦੋਹਰੇ ਕਾਨੂੰਨ ਚੱਲ ਰਹੇ ਹਨ; ਇੱਕ ਪਾਸੇ ਦੋਸ਼ੀ ਬਰੀ ਹੋ ਰਹੇ ਹਨ ਅਤੇ ਦੂਜੇ ਪਾਸੇ ਸਿੱਖ ਬੰਦੀਆਂ ਨੂੰ ਪੈਰੋਲ ਤੱਕ ਨਹੀਂ ਦਿੱਤੀ ਜਾ ਰਹੀ।'

ਸੰਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਨੇ ਜਾਂਚ ਏਜੰਸੀਆਂ ਦੀ ਨਾਕਾਮੀ ਦੀ ਨਿੰਦਾ ਕੀਤੀ ਅਤੇ ਲੜਾਈ ਜਾਰੀ ਰੱਖਣ ਦਾ ਵਾਅਦਾ ਕੀਤਾ।

ਸੀਨੀਅਰ ਵਕੀਲ ਐੱਚ.ਐੱਸ. ਫੂਲਕਾ ਨੇ ਸਪੱਸ਼ਟ ਕੀਤਾ ਕਿ ਜਾਂਚ ਏਜੰਸੀਆਂ ਵੱਲੋਂ ਜਾਣਬੁੱਝ ਕੇ ਸਬੂਤਾਂ ਨੂੰ ਕਮਜ਼ੋਰ ਰੱਖਿਆ ਜਾਂਦਾ ਹੈ ਤਾਂ ਜੋ ਪ੍ਰਭਾਵਸ਼ਾਲੀ ਲੋਕ ਬਚ ਸਕਣ। ਉਨ੍ਹਾਂ ਐਲਾਨ ਕੀਤਾ ਕਿ ਉਹ ਇਸ ਬੇਇਨਸਾਫ਼ੀ ਖ਼ਿਲਾਫ਼ ਹਾਈਕੋਰਟ ਅਤੇ ਸੁਪਰੀਮ ਕੋਰਟ ਤੱਕ ਲੜਾਈ ਜਾਰੀ ਰੱਖਣਗੇ।

ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਨਿਆਂ ਵਿੱਚ ਦੇਰੀ ਅਸਲ ਵਿੱਚ ਨਿਆਂ ਤੋਂ ਇਨਕਾਰ ਹੈ। ਜਦੋਂ ਤੱਕ ਭਾਰਤੀ ਅਦਾਲਤਾਂ ਸਿਆਸੀ ਪ੍ਰਭਾਵ ਤੋਂ ਮੁਕਤ ਹੋ ਕੇ ਤੇਜ਼ੀ ਨਾਲ ਫ਼ੈਸਲੇ ਨਹੀਂ ਲੈਂਦੀਆਂ, ਉਦੋਂ ਤੱਕ ਘੱਟਗਿਣਤੀਆਂ ਦੇ ਮਨਾਂ ਵਿੱਚ ਬੇਗਾਨਗੀ ਅਤੇ ਨਿਰਾਸ਼ਾ ਦਾ ਇਹ ਭਾਵ ਦੂਰ ਕਰਨਾ ਮੁਸ਼ਕਿਲ ਹੋਵੇਗਾ।

***

## ਹੁਣ ਆਰਟੀਫਿਸ਼ੀਅਲ ...

ਇਹ ਪਾਬੰਦੀ ਅਜਿਹੇ ਸਮੇਂ ਲਗਾਈ ਗਈ ਹੈ ਜਦੋਂ ਮੈਟਾ, ਟਿੱਕਟੋਕ ਅਤੇ ਗੂਗਲ ਦੇ ਯੂਟਿਊਬ ਨੂੰ ਅਗਲੇ ਹਫਤੇ ਲਾਸ ਏਂਜਲਸ ਵਿੱਚ ਆਪਣੇ ਐਪਸ ਦੇ ਬੱਚਿਆਂ 'ਤੇ ਕਥਿਤ ਨੁਕਸਾਨਦੇਹ ਪ੍ਰਭਾਵਾਂ ਦੇ ਮਾਮਲੇ ਵਿੱਚ ਮੁਕੱਦਮੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਹਾਲਾਂਕਿ ਅੱਲ੍ਹੜ ਅਜੇ ਵੀ ਮੈਟਾ ਦੇ ਏ.ਆਈ. ਸਹਾਇਕ ਦੀ ਵਰਤੋਂ ਕਰਨ ਦੇ ਯੋਗ ਹੋਣਗੇ, ਪਰ ਉਹ ਏ.ਆਈ. ਕਰੈਕਟਰ ਤੱਕ ਪਹੁੰਚ ਨਹੀਂ ਕਰ ਸਕਣਗੇ। ਬੱਚਿਆਂ 'ਤੇ ਏ.ਆਈ.-ਅਧਾਰਿਤ ਗੱਲਬਾਤ ਦੇ ਪ੍ਰਭਾਵ ਬਾਰੇ ਵਧਦੇ ਫ਼ਿਕਰਾਂ ਦਰਮਿਆਨ ਹੋਰ ਕੰਪਨੀਆਂ ਨੇ ਵੀ ਅੱਲ੍ਹੜਾਂ ਲਈ ਏ.ਆਈ. ਚੈਟਬੋਟਸ 'ਤੇ ਪਾਬੰਦੀ ਲਗਾ ਦਿੱਤੀ ਹੈ। ਮੈਟਾ ਨੇ ਪਿਛਲੇ ਸਾਲ ਅੱਲ੍ਹੜਾਂ ਲਈ ਪਾਬੰਦੀ ਦਾ ਐਲਾਨ ਕੀਤਾ ਸੀ। ਕੰਪਨੀ ਕਈ ਬਾਲ ਸੁਰੱਖਿਆ ਮੁਕੱਦਮਿਆਂ ਦਾ ਸਾਹਮਣਾ ਕਰ ਰਹੀ ਹੈ। ਇਸ ਵਿੱਚ ਇੱਕ ਮਾਂ ਵੱਲੋਂ ਦਾਇਰ ਕੀਤਾ ਗਿਆ ਕੇਸ ਵੀ ਸ਼ਾਮਲ ਹੈ, ਜਿਸ ਦਾ ਦਾਅਵਾ ਹੈ ਕਿ ਕੰਪਨੀ ਦੇ ਚੈਟਬੋਟ ਨੇ ਉਸ ਦੇ ਅੱਲ੍ਹੜ ਪੁੱਤਰ ਨੂੰ ਖੁਦਕੁਸ਼ੀ ਕਰਨ ਲਈ ਉਕਸਾਇਆ ਸੀ।

****

## ਸਿੱਖ ਰੈਜੀਮੈਂਟ ਸੰਕਟ ਵਿੱਚ: 2022 ਤੋਂ 2026 ਤੱਕ ਭਰਤੀ...

2022 ਤੋਂ 2026 ਤੱਕ ਸਿੱਖਾਂ ਦੀ ਗਿਣਤੀ ਵਿੱਚ ਕਿੰਨੀ ਗਿਰਾਵਟ ਆਈ ਹੈ, ਇਸ ਬਾਰੇ ਸਹੀ ਅੰਕੜੇ ਜਨਤਕ ਨਹੀਂ ਹਨ ਪਰ ਰਿਪੋਰਟਾਂ ਮੁਤਾਬਕ ਇਹ ਗਿਰਾਵਟ ਮਹੱਤਵਪੂਰਨ ਹੈ। ਫ਼ਰਵਰੀ 2022 ਵਿੱਚ ਪਾਰਲੀਮੈਂਟ ਵਿੱਚ ਪੇਸ਼ ਕੀਤੇ ਡਾਟੇ ਮੁਤਾਬਕ ਪੰਜਾਬ ਤੋਂ ਹਰ ਸਾਲ ਲਗਭਗ 7800 ਸਿਪਾਹੀ ਭਰਤੀ ਹੁੰਦੇ ਸਨ। ਪਰ ਹਾਲੀਆ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਇਹ ਗਿਣਤੀ ਘਟ ਰਹੀ ਹੈ ਅਤੇ ਰੈਜੀਮੈਂਟ ਵਿੱਚ ਮੈਨਪਾਵਰ ਘਾਟ 10-15% ਤੱਕ ਪਹੁੰਚ ਗਈ ਹੈ। ਇੱਕ ਰਿਸਰਚ ਪੇਪਰ ਮੁਤਾਬਕ ਸਿੱਖ ਭਾਰਤੀ ਫ਼ੌਜ ਵਿੱਚ 8-13% ਨੁਮਾਇੰਦਗੀ ਕਰਦੇ ਹਨ ਜਦਕਿ ਉਨ੍ਹਾਂ ਦੀ ਆਬਾਦੀ ਸਿਰਫ਼ 2% ਹੈ। ਪਰ ਤਾਜ਼ਾ ਰੁਝਾਨਾਂ ਨੇ ਇਸ ਨੂੰ ਘਟਾਇਆ ਹੈ।

ਮੇਜਰ ਜਨਰਲ ਡਾ. ਰਾਜਨ ਕੋਚਰ ਨੇ ਕਿਹਾ ਕਿ ਇਹ ਗਿਰਾਵਟ ਮਲਟੀਫ਼ੈਕਟੋਰੀਅਲ ਹੈ ਅਤੇ ਇਸ ਨੂੰ ਸੰਬੋਧਿਤ ਕਰਨਾ ਜ਼ਰੂਰੀ ਹੈ ਨਹੀਂ ਤਾਂ ਰਾਸ਼ਟਰੀ ਸੁਰੱਖਿਆ ਪ੍ਰਭਾਵਿਤ ਹੋਵੇਗੀ।

ਬ੍ਰਿਗੇਡੀਅਰ (ਰਿਟਾ.) ਆਈ ਐੱਸ ਗਾਖਲ ਨੇ ਕਿਹਾ ਕਿ ਜੇ ਭਰਤੀ ਨਹੀਂ ਵਧੀ ਤਾਂ ਬਟਾਲੀਅਨਾਂ ਨੂੰ ਭੰਗ ਕੀਤਾ ਜਾ ਸਕਦਾ ਹੈ ਜਾਂ ਰੈਜੀਮੈਂਟ ਦੀ ਰਚਨਾ ਬਦਲੀ ਜਾ ਸਕਦੀ ਹੈ। ਉਨ੍ਹਾਂ ਨੇ ਨਸ਼ਿਆਂ ਵਿਰੋਧੀ ਮੁਹਿੰਮਾਂ ਨੂੰ ਤੇਜ਼ ਕਰਨ ਦੀ ਗੱਲ ਕੀਤੀ। ਵਿਕਰਮ ਸਹਿਣੀ ਨੇ ਵੀ ਮਾਈਗ੍ਰੇਸ਼ਨ, ਨਸ਼ੇ ਅਤੇ ਫ਼ਿਟਨੈੱਸ ਨੂੰ ਕਾਰਨ ਦੱਸਿਆ ਅਤੇ ਨੌਜਵਾਨਾਂ ਨੂੰ ਫ਼ੌਜ ਵਿੱਚ ਆਉਣ ਲਈ ਕਿਹਾ ਕਿ ਇਹ ਨਾ ਸਿਰਫ਼ ਆਰਥਿਕ ਸੁਰੱਖਿਆ ਦਿੰਦੀ ਹੈ ਬਲਕਿ ਲੀਡਰਸ਼ਿਪ ਅਤੇ ਅਨੁਸ਼ਾਸਨ ਸਿਖਾਉਂਦੀ ਹੈ। ਇਸ ਗਿਰਾਵਟ ਨੂੰ ਰੋਕਣ ਲਈ ਫ਼ੌਜ ਅਤੇ ਸਰਕਾਰ ਨੂੰ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਨਸ਼ਿਆਂ ਵਿਰੋਧੀ ਮੁਹਿੰਮਾਂ ਨੂੰ ਤੇਜ਼ ਕੀਤਾ ਜਾਵੇ, ਨੌਜਵਾਨਾਂ ਨੂੰ ਫ਼ਿਟਨੈੱਸ ਲਈ ਪ੍ਰੇਰਿਤ ਕੀਤਾ ਜਾਵੇ ਅਤੇ ਅਗਨੀਪਥ ਸਕੀਮ ਵਿੱਚ ਸੁਧਾਰ ਕੀਤੇ ਜਾਣ।

***

## ਆਸਟ੍ਰੇਲੀਆ 'ਚ ਸਿੱਖ ਟਰੱਕ ਚਾਲਕਾਂ ਵਿਰੁੱਧ...

ਵਧਾਈ ਜੋ ਆਸਟ੍ਰੇਲੀਆ ਤੱਕ ਪਹੁੰਚੀ। ਸੋਸ਼ਲ ਮੀਡੀਆ ਤੇ ਐਂਟੀ-ਇੰਡੀਅਨ ਸਲੋਗਨ ਵਰਤੇ ਜਾਂਦੇ ਨੇ ਅਤੇ ਘਟਨਾਵਾਂ ਨੂੰ ਵਰਤ ਕੇ ਪੂਰੇ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਆਸਟ੍ਰੇਲੀਆ ਵਿੱਚ ਵੀ ਦਿਲਜੀਤ ਦੋਸਾਂਝ ਵਰਗੇ ਕਲਾਕਾਰ ਨੂੰ ਨਸਲੀ ਟਿੱਪਣੀਆਂ ਦਾ ਸਾਹਮਣਾ ਕਰਨਾ ਪਿਆ ਜਦ ਉਹ ਟੂਰ 'ਤੇ ਆਏ ਸਨ। ਉਨ੍ਹਾਂ ਨੇ ਜਵਾਬ ਵਿੱਚ ਕਿਹਾ ਕਿ ਟਰੱਕ ਡਰਾਈਵਰਾਂ ਨੂੰ ਮਾਣ ਨਾਲ ਵੇਖੋ ਕਿਉਂਕਿ ਉਹ ਖਾਣਾ ਪਹੁੰਚਾਉਂਦੇ ਨੇ।

ਆਸਟ੍ਰੇਲੀਅਨ ਟਰੱਕਿੰਗ ਐਸੋਸੀਏਸ਼ਨ ਦੀ ਬਿਆਂਕਾ ਡੀ ਰੋਸਾਰੀਓ ਕਹਿੰਦੀ ਹੈ ਕਿ ਨਵੇਂ ਡਰਾਈਵਰਾਂ ਨੂੰ ਆਸਟ੍ਰੇਲੀਆ ਦੇ ਰਸਤੇ ਅਤੇ ਨਿਯਮਾਂ ਬਾਰੇ ਘੱਟ ਜਾਣਕਾਰੀ ਹੈ ਇਸ ਲਈ ਉਹ ਨਿਸ਼ਾਨਾ ਬਣਦੇ ਨੇ। ਉਹ ਕਹਿੰਦੀ ਹੈ ਕਿ ਬਿਹਤਰ ਟ੍ਰੇਨਿੰਗ ਅਤੇ ਲਾਇਸੈਂਸ ਨਿਯਮਾਂ ਨਾਲ ਸਮੱਸਿਆ ਘੱਟ ਹੋ ਸਕਦੀ ਹੈ।

ਅਸਟ੍ਰੇਲੀਅਨ ਲੋਕਾਂ ਦਾ ਮੰਨਣਾ ਹੈ ਕਿ ਇਹ ਨਸਲਵਾਦ ਨਾ ਸਿਰਫ਼ ਚਾਲਕਾਂ ਨੂੰ ਪ੍ਰਭਾਵਿਤ ਕਰਦਾ ਹੈ ਬਲਕਿ ਪੂਰੇ ਟਰਾਂਸਪੋਰਟ ਖੇਤਰ ਨੂੰ। ਜੇ ਟਰੱਕ ਨਾ ਚੱਲਣ ਤਾਂ ਸੁਪਰ ਮਾਰਕੀਟਾਂ ਵਿੱਚ ਸਮਾਨ ਨਹੀਂ ਪਹੁੰਚੇਗਾ। ਇਸ ਲਈ ਸਰਕਾਰ ਅਤੇ ਅਦਾਰਿਆਂ ਨੂੰ ਤੁਰੰਤ ਕਦਮ ਚੁੱਕਣੇ ਚਾਹੀਦੇ ਨੇ ਤਾਂ ਜੋ ਸਾਰੇ ਚਾਲਕ ਸੁਰੱਖਿਅਤ ਅਤੇ ਸਨਮਾਨ ਨਾਲ ਕੰਮ ਕਰ ਸਕਣ। 2026 ਵਿੱਚ ਵੀ ਅੰਕੜੇ ਵਧ ਰਹੇ ਨੇ ਇਸ ਲਈ ਇਹ ਸਮੱਸਿਆ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ।

****

## ਯੂ.ਕੇ. ਸਰਕਾਰ ਵੱਲੋਂ 'ਬ੍ਰਿਟਿਸ਼...

ਆਧੁਨਿਕ ਅਪਰਾਧਾਂ ਨਾਲ ਲੜਨ ਲਈ ਲੋੜੀਂਦੇ ਹੁਨਰ ਜਾਂ ਸਰੋਤਾਂ ਦੀ ਘਾਟ ਹੈ।" ਉਨ੍ਹਾਂ ਕਿਹਾ ਕਿ ਮੌਜੂਦਾ ਮਾਡਲ 'ਇੱਕ ਵੱਖਰੀ ਸਦੀ ਲਈ ਬਣਾਇਆ ਗਿਆ ਸੀ'। ਉਨ੍ਹਾਂ ਕਿਹਾ ਕਿ ਨਵੀਂ ਸੰਸਥਾ 'ਆਲਮੀ ਪ੍ਰਤਿਭਾ' ਨੂੰ ਆਕਰਸ਼ਿਤ ਕਰੇਗੀ ਅਤੇ ਨਾਲ ਹੀ ਖਰੀਦ ਨੂੰ ਕੌਮੀ ਬਲ ਵਿੱਚ ਤਬਦੀਲ ਕਰਕੇ ਲਾਗਤਾਂ ਨੂੰ ਘਟਾਉਣ ਵਿੱਚ ਮਦਦ ਕਰੇਗੀ।

***

## ਕੇਰਨ ਕਾਊਂਟੀ ਦੇ ਪਹਿਲੇ ਸਿੱਖ ਜੱਜ ਬਣੇ...

ਪ੍ਰਭਾਵ ਨੂੰ ਵੀ ਉਜਾਗਰ ਕਰਦੀ ਹੈ, ਜਿਵੇਂ 2024 ਵਿੱਚ ਫ਼ਰੈਸਨੋ ਕਾਊਂਟੀ ਵਿੱਚ ਰਾਜ ਸਿੰਘ ਬਢੇਸ਼ਾ ਦੀ ਨਿਯੁਕਤੀ ਤੋਂ ਬਾਅਦ।

ਕੇਰਨ ਕਾਊਂਟੀ ਵਿੱਚ ਸਿੱਖ ਭਾਈਚਾਰਾ ਲੰਬੇ ਸਮੇਂ ਤੋਂ ਖੇਤੀਬਾੜੀ, ਵਪਾਰ ਅਤੇ ਸਮਾਜਿਕ ਕੰਮਾਂ ਵਿੱਚ ਯੋਗਦਾਨ ਪਾ ਰਿਹਾ ਹੈ। ਨਵਰਾਜ ਦੀ ਇਹ ਭੂਮਿਕਾ ਸੱਭਿਆਚਾਰਕ ਸਾਂਝ ਨੂੰ ਮਜ਼ਬੂਤ ਕਰੇਗੀ ਅਤੇ ਨਿਆਂ ਵਿੱਚ ਵਿਸ਼ਵਾਸ ਵਧਾਏਗੀ। ਪ੍ਰੋ ਟੈਮ ਜੱਜ ਵਜੋਂ ਉਹ ਟ੍ਰੈਫ਼ਿਕ ਕੋਰਟ ਸਮੇਤ ਵੱਖ-ਵੱਖ ਮਾਮਲਿਆਂ ਨੂੰ ਸੰਭਾਲਣਗੇ, ਜੋ ਅਦਾਲਤਾਂ ਦੇ ਭਾਰ ਨੂੰ ਘੱਟ ਕਰਨ ਵਿੱਚ ਮਦਦ ਕਰੇਗਾ। ਕਾਊਂਟੀ ਵਿੱਚ 39 ਜੱਜ ਅਤੇ 8 ਕਮਿਸ਼ਨਰ ਹਨ, ਪਰ ਵਰਕਲੋਡ ਨੂੰ ਵੇਖਦੇ ਹੋਏ ਹੋਰ ਜੱਜਾਂ ਦੀ ਲੋੜ ਹੈ।

***

## ਸਤਲੁਜ ਯਮੁਨਾ ਲਿੰਕ ਨਹਿਰ ਪੁਰਾਣੇ ਬਜ਼ੁਰਗਾਂ ਦਾ...

ਮੀਟਿੰਗ 'ਚ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਅਤੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਵੀ ਹਾਜ਼ਰ ਸਨ। ਉੱਧਰ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੀ ਅਧਿਕਾਰੀਆਂ ਸਮੇਤ ਹਾਜ਼ਰ ਰਹੇ।

ਦੋਵੇਂ ਸੂਬਿਆਂ ਦੇ ਮੁੱਖ ਮੰਤਰੀਆਂ ਵਿਚਾਲੇ ਆਖ਼ਰੀ ਮੀਟਿੰਗ 5 ਅਗਸਤ 2025 ਨੂੰ ਹੋਈ ਸੀ। ਚੇਤੇ ਰਹੇ ਕਿ ਉੱਤਰੀ ਜ਼ੋਨਲ ਕੌਂਸਲ ਦੀ ਫ਼ਰੀਦਾਬਾਦ 'ਚ 17 ਨਵੰਬਰ 2025 ਨੂੰ ਹੋਈ ਮੀਟਿੰਗ 'ਚ ਦਰਿਆਈ ਪਾਣੀਆਂ ਨਾਲ ਸਬੰਧਿਤ ਸਾਰੇ ਮੁੱਦੇ ਕੇਂਦਰੀ ਗ੍ਰਹਿ ਮੰਤਰਾਲੇ ਅਮਿਤ ਸ਼ਾਹ ਨੇ ਮੁਲਤਵੀ ਕਰ ਦਿੱਤੇ ਸਨ। ਮੁੱਖ ਮੰਤਰੀ ਭਗਵੰਤ ਮਾਨ ਨੇ ਚੌਥੇ ਗੇੜ ਦੀ 9 ਜੁਲਾਈ 2025 ਨੂੰ ਹੋਈ ਮੀਟਿੰਗ 'ਚ ਨਵਾਂ ਫ਼ਾਰਮੂਲਾ ਪੇਸ਼ ਕੀਤਾ ਸੀ ਕਿ ਸਿੰਧੂ ਜਲ ਸੰਧੀ ਰੱਦ ਕੀਤੇ ਜਾਣ ਪਿੱਛੋਂ ਚਨਾਬ ਦਾ ਪਾਣੀ ਤਰਜੀਹੀ ਅਧਾਰ 'ਤੇ ਪੰਜਾਬ ਨੂੰ ਦਿੱਤਾ ਜਾਵੇ।

ਪੰਜਾਬ ਨੂੰ ਮੌਜੂਦਾ ਸਮੇਂ 52 ਐੱਮਏਐੱਫ ਪਾਣੀ ਦੀ ਲੋੜ ਹੈ ਜਦੋਂ ਕਿ ਪੰਜਾਬ ਨੂੰ ਜ਼ਮੀਨੀ ਤੇ ਨਹਿਰੀ ਪਾਣੀ 26.75 ਐੱਮਏਐੱਫ ਮਿਲ ਰਿਹਾ ਹੈ। ਸੂਬੇ ਦੇ 153 ਬਲਾਕਾਂ ਚੋਂ 115 ਬਲਾਕ ਰੈੱਡ ਜ਼ੋਨ ਵਿੱਚ ਚਲੇ ਗਏ ਹਨ। ਪਿਛਾਂਹ ਨਜ਼ਰ ਮਾਰੀਏ ਤਾਂ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀਆਂ ਵਿਚਾਲੇ ਪਹਿਲੀ ਮੀਟਿੰਗ 18 ਅਗਸਤ 2020 ਅਤੇ ਦੂਜੀ ਮੀਟਿੰਗ 14 ਅਕਤੂਬਰ, 2022 ਨੂੰ ਚੰਡੀਗੜ੍ਹ ਵਿਖੇ ਹੋਈ ਸੀ।

ਇਸੇ ਤਰ੍ਹਾਂ ਤੀਜੀ ਮੀਟਿੰਗ ਦਿੱਲੀ 'ਚ 4 ਜਨਵਰੀ 2023 ਨੂੰ ਹੋਈ ਸੀ ਅਤੇ ਚੌਥੀ ਮੀਟਿੰਗ ਜੁਲਾਈ ਨੂੰ ਹੋਣ ਤੋਂ ਇਲਾਵਾ ਆਖ਼ਰੀ ਮੀਟਿੰਗ 5 ਅਗਸਤ 2025 ਨੂੰ ਹੋਈ ਸੀ। ਕੁੱਲ 214 ਕਿੱਲੋਮੀਟਰ ਲੰਬੀ ਸਤਲੁਜ ਯਮੁਨਾ ਲਿੰਕ ਨਹਿਰ ਚੋਂ ਪੰਜਾਬ ਵਿੱਚ ਪੈਂਦੇ 122 ਕਿੱਲੋਮੀਟਰ ਦੇ ਹਿੱਸੇ ਦੀ ਉਸਾਰੀ ਲਟਕੀ ਹੋਈ ਹੈ। ਸੁਪਰੀਮ ਕੋਰਟ ਨੇ ਜਨਵਰੀ 2002 ਵਿੱਚ ਪੰਜਾਬ ਨੂੰ ਪਾਣੀਆਂ ਦੇ ਸਮਝੌਤੇ ਮੁਤਾਬਕ ਨਹਿਰ ਬਣਾਉਣ ਲਈ ਕਿਹਾ ਸੀ। ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿਧਾਨ ਸਭਾ ਵਿੱਚ ਸਾਲ 2004 ਵਿੱਚ 1981 ਦੇ ਸਮਝੌਤੇ ਨੂੰ ਕਾਨੂੰਨ ਪਾਸ ਕਰਕੇ ਰੱਦ ਕਰ ਦਿੱਤਾ ਸੀ ਜਦੋਂ ਕਿ ਸੁਪਰੀਮ ਕੋਰਟ ਨੇ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਕਾਨੂੰਨ ਨੂੰ ਸਾਲ 2016 ਵਿੱਚ ਰੱਦ ਕਰ ਦਿੱਤਾ ਸੀ। ਹਰਿਆਣਾ ਨੇ ਐੱਸ ਵਾਈ ਐੱਲ ਨਹਿਰ ਦੀ ਉਸਾਰੀ ਲਈ ਸੁਪਰੀਮ ਕੋਰਟ 'ਚ ਪਟੀਸ਼ਨ ਪਾਈ ਹੋਈ ਹੈ।

***

## ਪੰਜਾਬ ਦੇ ਪਾਣੀਆਂ ਦੇ ਮੁੱਦੇ 'ਤੇ...

ਖਹਿਰਾ ਨੇ ਮੁੱਖ ਮੰਤਰੀ ਨੂੰ ਯਾਦ ਦਿਵਾਇਆ ਕਿ ਪੰਜਾਬ ਦੀਆਂ ਪਿਛਲੀਆਂ ਸਰਕਾਰਾਂ ਨੇ ਲਗਾਤਾਰ ਇਹ ਕਿਹਾ ਹੈ ਕਿ ਪਾਣੀ ਦੇ ਘੱਟਦੇ ਪੱਧਰ, ਵਧਦੀ ਆਬਾਦੀ, ਖੇਤੀਬਾੜੀ ਅਤੇ ਘਰੇਲੂ ਮੰਗ ਦੇ ਮੱਦੇਨਜ਼ਰ ਸੂਬੇ ਦੇ ਦਰਿਆਈ ਪਾਣੀ ਮੁੱਖ ਤੌਰ 'ਤੇ ਆਪਣੀਆਂ ਜ਼ਰੂਰਤਾਂ ਲਈ ਹਨ।

ਉਨ੍ਹਾਂ ਮੁੱਖ ਮੰਤਰੀ ਨੂੰ ਵਿਗਿਆਨਕ ਅੰਕੜਿਆਂ, ਰਿਪੇਰੀਅਨ ਸਿਧਾਂਤਾਂ ਅਤੇ ਸੂਬੇ ਵਿੱਚ ਪਾਣੀ ਦੀ ਕਮੀ ਦੀ ਜ਼ਮੀਨੀ ਹਕੀਕਤ ਦੇ ਆਧਾਰ 'ਤੇ ਸੁਪਰੀਮ ਕੋਰਟ ਦੇ ਸਾਹਮਣੇ ਪੰਜਾਬ ਦੇ ਸਟੈਂਡ ਨੂੰ ਮਜ਼ਬੂਤੀ ਨਾਲ ਰਿਕਾਰਡ 'ਤੇ ਰੱਖਣ ਦੀ ਅਪੀਲ ਕੀਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕਿਸੇ ਵੀ ਰਾਜਨੀਤਿਕ ਸਮਝ ਜਾਂ ਪਿਛਲੇ ਦਰਵਾਜ਼ੇ ਦੀ ਵਚਨਬੱਧਤਾ ਨੂੰ ਪੰਜਾਬ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਸਥਿਤੀ ਨੂੰ ਕਮਜ਼ੋਰ ਕਰਨ ਦੀ ਆਗਿਆ ਨਹੀਂ ਦਿੱਤੀ ਜਾਣੀ ਚਾਹੀਦੀ।

ਖਹਿਰਾ ਨੇ ਕਿਹਾ ਕਿ ਮਾਨ ਸਰਕਾਰ ਨੂੰ ਪੂਰੀ ਜ਼ਿੰਮੇਵਾਰੀ ਅਤੇ ਪਾਰਦਰਸ਼ਤਾ ਨਾਲ ਕੰਮ ਕਰਨਾ ਚਾਹੀਦਾ ਹੈ। ਪੰਜਾਬ ਦੇ ਪਾਣੀ ਸਿਆਸੀ ਫਾਇਦੇ ਲਈ ਸੌਦੇਬਾਜ਼ੀ ਦਾ ਸਾਧਨ ਨਹੀਂ ਹਨ। ਮੁੱਖ ਮੰਤਰੀ ਨੂੰ ਪੰਜਾਬ ਦੇ ਲੋਕਾਂ ਨੂੰ ਭਰੋਸਾ ਦਿਵਾਉਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਹਿੱਤਾਂ ਦੀ ਹਰ ਕੀਮਤ 'ਤੇ ਰਾਖੀ ਕੀਤੀ ਜਾਵੇਗੀ। ਖਹਿਰਾ ਨੇ ਇਸ ਮੁੱਦੇ 'ਤੇ ਇੱਕਜੁੱਟ ਸਟੈਂਡ ਲੈਣ ਲਈ ਸਰਬ-ਪਾਰਟੀ ਮੀਟਿੰਗ ਦੀ ਮੰਗ ਵੀ ਕੀਤੀ, ਇਹ ਕਹਿੰਦੇ ਹੋਏ ਕਿ ਪੰਜਾਬ ਦੇ ਕੁਦਰਤੀ ਸਰੋਤਾਂ ਨਾਲ ਸਬੰਧਿਤ ਮਾਮਲਿਆਂ ਨੂੰ ਪਾਰਟੀ ਰਾਜਨੀਤੀ ਤੋਂ ਉੱਪਰ ਉੱਠਣਾ ਚਾਹੀਦਾ ਹੈ।

## ਪੰਜਾਬ ਦੇ ਦਰਿਆਈ ਪਾਣੀਆਂ ...

ਸੁਖਬੀਰ ਨੇ ਕਿਹਾ ਕਿ ਦਰਅਸਲ ਭਗਵੰਤ ਮਾਨ ਕਾਂਗਰਸੀ ਮੁੱਖ ਮੰਤਰੀ ਦਰਬਾਰਾ ਸਿੰਘ ਦੇ ਨਕਸ਼ੇ ਕਦਮਾਂ 'ਤੇ ਚੱਲ ਰਿਹਾ ਹੈ, ਜਿਸ ਨੇ ਇੰਦਰਾ ਗਾਂਧੀ ਅੱਗੇ ਸਮਰਪਣ ਕਰ ਦਿੱਤਾ ਸੀ। ਸ਼੍ਰੋਮਣੀ ਅਕਾਲੀ ਦਲ ਇਸ ਧੋਖਾਧੜੀ ਨੂੰ ਕਦੇ ਵੀ ਸਿਰੇ ਨਹੀ ਚੜ੍ਹਨ ਦੇਵੇਗਾ। ਸੁਖਬੀਰ ਨੇ ਕਿਹਾ ਕਿ ਉਹ ਉਸਨੂੰ ਜਾਣਕਾਰੀ ਹਿੱਤ ਦੱਸਣਾ ਚਾਹੁੰਦੇ ਹਨ ਕਿ ਹਾਂ ਕਿ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵੇਲੇ ਐੱਸ.ਵਾਈ.ਐਲ. ਨਹਿਰ ਨੂੰ ਡੀ-ਨੋਟੀਫਾਈ ਕਰਕੇ ਅਤੇ ਜ਼ਮੀਨ ਕਿਸਾਨਾਂ ਨੂੰ ਵਾਪਸ ਕਰਕੇ ਇਹ ਮੁੱਦਾ ਸਦਾ ਲਈ ਨਿਪਟਾ ਦਿੱਤਾ ਗਿਆ ਸੀ।

***

## ਅਮਰੀਕਾ 'ਚ ਬਰਫ਼ੀਲੇ ਤੂਫ਼ਾਨ ਨੇ..

ਸਮੱਸਿਆ ਦਾ ਸਾਹਮਣਾ ਕਰ ਰਹੇ ਹਨ।

### ਤੂਫ਼ਾਨ ਨਾਲ ਲੱਖਾਂ ਲੋਕ ਪ੍ਰਭਾਵਿਤ

ਟਰੁਛ ਨੇ ਓਹੀਓ ਵੈਲੀ ਵਿੱਚ ਭਾਰੀ ਤੋਂ ਬਹੁਤ ਭਾਰੀ ਬਰਫ਼ਬਾਰੀ ਦੀ ਸੰਭਾਵਨਾ ਜਤਾਈ ਹੈ। ਮੌਸਮ ਵਿਗਿਆਨੀ ਐਲਿਸਨ ਸੈਂਟੋਰੇਲੀ ਅਨੁਸਾਰ: 'ਇਹ ਇੱਕ ਵਿਲੱਖਣ ਕਿਸਮ ਦਾ ਤੂਫ਼ਾਨ ਹੈ ਕਿਉਂਕਿ ਇਸ ਨੇ ਬਹੁਤ ਵੱਡੇ ਹਿੱਸੇ ਨੂੰ ਆਪਣੀ ਲਪੇਟ ਵਿੱਚ ਲਿਆ ਹੈ। ਨਿਊ ਮੈਕਸੀਕੋ ਤੋਂ ਲੈ ਕੇ ਟੈਕਸਾਸ ਅਤੇ ਨਿਊ ਇੰਗਲੈਂਡ ਤੱਕ 2,000 ਮੀਲ ਦੇ ਖੇਤਰ ਵਿੱਚ ਫੈਲੇ ਇਸ ਤੂਫ਼ਾਨ ਨਾਲ ਲਗਭਗ 213 ਮਿਲੀਅਨ (21.3 ਕਰੋੜ) ਲੋਕ ਪ੍ਰਭਾਵਿਤ ਹੋਏ ਹਨ।'

### ਟਰੰਪ ਨੇ ਸੰਘੀ ਐਮਰਜੈਂਸੀ ਆਫ਼ਤ ਦਾ ਕੀਤਾ ਐਲਾਨ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਇਸ 'ਤੇ ਚਿੰਤਾ ਪ੍ਰਗਟਾਈ ਹੈ। ਟਰੰਪ ਨੇ ਇਸ ਤੂਫ਼ਾਨ ਨੂੰ 'ਇਤਿਹਾਸਕ' ਕਰਾਰ ਦਿੰਦੇ ਹੋਏ ਇਸ ਨੂੰ ਸੰਘੀ ਐਮਰਜੈਂਸੀ ਆਫ਼ਤ ਐਲਾਨਣ ਦੀ ਮਨਜ਼ੂਰੀ ਦੇ ਦਿੱਤੀ ਹੈ। ਅਮਰੀਕਾ ਦੇ ਲਗਭਗ 20 ਸੂਬਿਆਂ ਸਮੇਤ ਕੋਲੰਬੀਆ ਦੇ ਕੁਝ ਸ਼ਹਿਰਾਂ ਵਿੱਚ ਐਮਰਜੈਂਸੀ ਲਾਗੂ ਕਰ ਦਿੱਤੀ ਗਈ ਹੈ। ਟਰੰਪ ਨੇ 'ਟਰੂਥ ਸੋਸ਼ਲ' 'ਤੇ ਪੋਸਟ ਸਾਂਝੀ ਕਰਦਿਆਂ ਲਿਖਿਆ, 'ਅਸੀਂ ਇਸ ਤੂਫ਼ਾਨ ਦੇ ਰਸਤੇ ਵਿੱਚ ਆਉਣ ਵਾਲੇ ਸਾਰੇ ਸੂਬਿਆਂ 'ਤੇ ਨਜ਼ਰ ਰੱਖਾਂਗੇ ਅਤੇ ਉਨ੍ਹਾਂ ਦੇ ਸੰਪਰਕ ਵਿੱਚ ਰਹਾਂਗੇ। ਸਾਰੇ ਲੋਕਾਂ ਨੂੰ ਅਪੀਲ ਹੈ ਕਿ ਉਹ ਸੁਰੱਖਿਅਤ ਰਹਿਣ ਅਤੇ ਠੰਡ ਤੋਂ ਸਾਵਧਾਨ ਰਹਿਣ।'

## ਲੋਕਾਂ ਦੀ ਜੀਵਨ ਸ਼ੈਲੀ ਵਿੱਚ ਮਹੱਤਵਪੂਰਨ ਭੂਮਿਕਾ...

ਇਸ ਤੋਂ ਇਲਾਵਾ, ਇਸ ਮੁੱਦੇ ਨੂੰ ਨਾ ਸਿਰਫ਼ ਪ੍ਰਸਿੱਧ ਫੀਚਰ ਫ਼ਿਲਮਾਂ ਦੇ ਸੰਦਰਭ ਵਿੱਚ, ਸਗੋਂ ਟੀਵੀ ਪ੍ਰੋਗਰਾਮਾਂ, ਲਘੂ ਫ਼ਿਲਮਾਂ, ਵੀਡੀਓਜ਼ ਅਤੇ ਕਲਿੱਪਾਂ ਦੇ ਸੰਦਰਭ ਵਿੱਚ ਵੀ ਘੋਖਿਆ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਕਿਉਂਕਿ ਸੰਯੁਕਤ ਰਾਜ ਅਤੇ ਯੂਰਪ ਵਿੱਚ ਕੁਝ ਸਭ ਤੋਂ ਮਹੱਤਵਪੂਰਨ ਖੋਜਾਂ ਕੀਤੀਆਂ ਗਈਆਂ ਹਨ, ਸਾਨੂੰ ਇਸ ਖੋਜ ਨੂੰ ਵੀ ਦੇਖਣਾ ਚਾਹੀਦਾ ਹੈ, ਸਿਰਫ਼ ਹਿੰਦੀ ਸਿਨੇਮਾ ਅਤੇ ਹੋਰ ਭਾਰਤੀ ਭਾਸ਼ਾਵਾਂ ਦੀਆਂ ਫਿਲਮਾਂ 'ਤੇ ਉਪਲਬਧ ਬਹੁਤ ਘੱਟ ਅਧਿਐਨਾਂ ਤੱਕ ਸੀਮਤ ਨਹੀਂ ਰਹਿਣਾ ਚਾਹੀਦਾ।

ਅਧਿਐਨਾਂ ਦੀ ਵਧਦੀ ਗਿਣਤੀ ਬੱਚਿਆਂ ਅਤੇ ਕਿਸ਼ੋਰਾਂ 'ਤੇ ਮਸ਼ਹੂਰ ਫਿਲਮਾਂ ਅਤੇ ਟੀਵੀ ਪ੍ਰੋਗਰਾਮਾਂ ਦੀ ਸਮੱਗਰੀ ਦੇ ਕੁਝ ਪਹਿਲੂਆਂ ਦੇ ਨੁਕਸਾਨਦੇਹ ਪ੍ਰਭਾਵਾਂ ਦੀ ਸੰਭਾਵਨਾ ਬਾਰੇ ਚਿਤਾਵਨੀ ਦੇ ਰਹੀ ਹੈ। ਹਾਲ ਹੀ ਵਿੱਚ ਵੀਡੀਓ ਗੇਮਾਂ ਦੇ ਸੰਦਰਭ ਵਿੱਚ ਵੀ ਅਜਿਹੀਆਂ ਚਿੰਤਾਵਾਂ ਪ੍ਰਗਟ ਕੀਤੀਆਂ ਗਈਆਂ ਹਨ।

ਅਮੈਰੀਕਨ ਅਕੈਡਮੀ ਆਫ਼ ਚਾਈਲਡ ਐਂਡ ਅਡੋਲੈਸੈਂਟ ਸਾਈਕਿਆਟਰੀ ਦੁਆਰਾ ਜਾਰੀ ਕੀਤੀ ਗਈ ਇੱਕ ਰਿਪੋਰਟ ਵਿੱਚ ਟੀਵੀ ਪ੍ਰੋਗਰਾਮਾਂ ਦੀ ਉੱਚ ਹਿੰਸਾ ਸਮੱਗਰੀ ਵੱਲ ਧਿਆਨ ਖਿੱਚਿਆ ਗਿਆ, ਜਿਸ ਵਿੱਚ ਕਿਹਾ ਗਿਆ ਕਿ ਬੱਚਿਆਂ ਅਤੇ ਕਿਸ਼ੋਰਾਂ ਉੱਤੇ ਟੀਵੀ ਹਿੰਸਾ ਦੇ ਪ੍ਰਭਾਵਾਂ ਦੇ ਸੈਂਕੜੇ ਅਧਿਐਨਾਂ ਵਿੱਚ ਪਾਇਆ ਗਿਆ ਹੈ ਕਿ ਬਹੁਤ ਜ਼ਿਆਦਾ ਐਕਸਪੋਜਰ ਦੇ ਕਾਰਨ, ਬੱਚੇ ਇਸ ਦਾ ਸ਼ਿਕਾਰ ਹੋ ਸਕਦੇ ਹਨ ਅਤੇ ਉਹ ਗਲਤ ਅਨਸਰਾਂ ਨਾਲ ਰਲ ਸਕਦੇ ਹਨ।

ਕਿਹਾ ਜਾਂਦਾ ਹੈ ਕਿ ਬੱਚਿਆਂ ਦਾ ਟੈਲੀਵਿਜ਼ਨ 'ਤੇ ਹਿੰਸਾ ਦਾ ਸਾਹਮਣਾ ਕਰਨਾ ਉਨ੍ਹਾਂ ਦੀ ਹਮਲਾਵਰਤਾ ਨੂੰ ਵਧਾਉਂਦਾ ਹੈ। ਕਈ ਵਾਰ ਇੱਕ ਵੀ ਹਿੰਸਕ ਪ੍ਰੋਗਰਾਮ ਦੇਖਣ ਨਾਲ ਗੁੱਸੇ ਵਿੱਚ ਵਾਧਾ ਹੋ ਸਕਦਾ ਹੈ। ਪ੍ਰੋਗ੍ਰਾਮ ਜੋ ਵਧੇਰੇ ਯਥਾਰਥਵਾਦੀ, ਦੁਹਰਾਉਣ ਵਾਲੀ ਹਿੰਸਾ ਦੇ ਨਾਲ-ਨਾਲ ਹਿੰਸਾ ਨੂੰ ਦਰਸਾਉਂਦੇ ਹਨ ਜੋ ਬਿਨਾਂ ਸਜ਼ਾ ਦਿੱਤੇ ਜਾਂਦੇ ਹਨ, ਉਹਨਾਂ ਦੀ ਨਕਲ ਕੀਤੇ ਜਾਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ। ਜਜ਼ਬਾਤੀ, ਵਿਹਾਰਕ ਅਤੇ ਸਿੱਖਣ ਦੀਆਂ ਸਮੱਸਿਆਵਾਂ ਵਾਲੇ ਬੱਚੇ, ਜਾਂ ਜਿਹੜੇ ਬੱਚੇ ਜ਼ਿਆਦਾ ਭਾਵੁਕ ਹੁੰਦੇ ਹਨ, ਉਹ ਜ਼ਿਆਦਾ ਪ੍ਰਭਾਵਿਤ ਹੋ ਸਕਦੇ ਹਨ। 1980 ਦੇ ਦਹਾਕੇ ਵਿੱਚ, ਮਨੋਵਿਗਿਆਨੀ ਐਲ. ਰੋਵੇਲ ਹਿਊਸਮੈਨ, ਲਿਓਨਾਰਡ ਐਰੋਨ ਅਤੇ ਹੋਰਾਂ ਦੁਆਰਾ ਕੀਤੀ ਗਈ ਖੋਜ ਨੇ ਦਿਖਾਇਆ ਕਿ ਜਿਹੜੇ ਬੱਚੇ ਐਲੀਮੈਂਟਰੀ ਸਕੂਲ ਵਿੱਚ ਟੀਵੀ 'ਤੇ ਕਈ ਘੰਟਿਆਂ ਦੀ ਹਿੰਸਾ ਦੇਖਦੇ ਹਨ, ਉਨ੍ਹਾਂ ਨੇ ਕਿਸ਼ੋਰ ਹੋਣ 'ਤੇ ਹਮਲਾਵਰ ਵਿਵਹਾਰ ਦੇ ਉੱਚ ਪੱਧਰ ਨੂੰ ਦਿਖਾਇਆ।

ਉਹਨਾਂ ਦੇ ਜੀਵਨ ਦਾ ਹੋਰ ਅਧਿਐਨ ਕਰਨ ਤੋਂ ਬਾਅਦ, ਖੋਜਕਰਤਾਵਾਂ ਨੇ ਪਾਇਆ ਕਿ ਜਦੋਂ ਉਹ ਬਾਲਗ ਹੋ ਗਏ ਤਾਂ ਉਹਨਾਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਅਤੇ ਅਪਰਾਧਿਕ ਕੰਮਾਂ ਲਈ ਮੁਕੱਦਮਾ ਚਲਾਉਣ ਦੀ ਜ਼ਿਆਦਾ ਸੰਭਾਵਨਾ ਸੀ।

ਖੋਜ ਦਰਸਾਉਂਦੀ ਹੈ ਕਿ ਕਾਲਪਨਿਕ ਟੈਲੀਵਿਜ਼ਨ ਸੀਰੀਅਲ ਅਤੇ ਫਿਲਮਾਂ ਵਿੱਚ ਹਿੰਸਾ ਨੌਜਵਾਨ ਦਰਸ਼ਕਾਂ ਵਿੱਚ ਹਮਲਾਵਰਤਾ ਅਤੇ ਹਿੰਸਾ ਵਿੱਚ ਥੋੜ੍ਹੇ ਅਤੇ ਲੰਬੇ ਸਮੇਂ ਦੇ ਵਾਧੇ ਵਿੱਚ ਯੋਗਦਾਨ ਪਾਉਂਦੀ ਹੈ। ਟੀ.ਵੀ. ਸੀਰੀਅਲਾਂ ਵਿੱਚ ਵਧਦੀ ਹਿੰਸਾ, ਮੁੱਖ ਤੌਰ 'ਤੇ ਆਤਮ ਹੱਤਿਆਵਾਂ ਅਤੇ ਹਮਲਾਵਰਤਾ ਦੇ ਵਾਧੇ ਵਿੱਚ ਯੋਗਦਾਨ ਪਾਉਂਦੀ ਹੈ।

ਕਈ ਫ਼ਿਲਮਾਂ ਅਤੇ ਟੀ ਵੀ ਸੀਰੀਅਲਾਂ ਵਿੱਚ ਕਲਾਕਾਰਾਂ ਨੂੰ ਸ਼ਰਾਬ ਪੀਂਦੇ, ਸਿਗਰਟ ਬੀੜੀ ਪੀਂਦੇ ਜਾਂ ਹੋਰ ਨਸ਼ਾ ਕਰਦੇ ਹੋਏ ਦਿਖਾਇਆ ਜਾਂਦਾ ਹੈ, ਜਿਸਦੀ ਦੇਖਾ ਦੇਖੀ ਅਨੇਕਾਂ ਨੌਜਵਾਨ ਵੀ ਨਸ਼ਾ ਕਰਨ ਲੱਗ ਜਾਂਦੇ ਹਨ। ਇਸ ਤੋਂ ਇਲਾਵਾ ਫ਼ਿਲਮਾਂ ਅਤੇ ਸੀਰੀਅਲਾਂ ਵਿੱਚ ਕਲਾਕਾਰਾਂ ਦੁਆਰਾ ਇਕ ਦੂਜੇ ਵਿਰੁੱਧ ਕੀਤੀਆਂ ਜਾਂਦੀਆਂ ਸਾਜ਼ਿਸ਼ਾਂ, ਚੋਰੀਆਂ, ਡਕੈਤੀਆਂ ਤੇ ਹਿੰਸਾ ਤੋਂ ਪ੍ਰੇਰਿਤ ਹੋ ਕੇ ਅਨੇਕਾਂ ਨੌਜਵਾਨ ਗੁੰਮਰਾਹ ਹੋ ਜਾਂਦੇ ਹਨ ਅਤੇ ਗਲਤ ਰਸਤੇ ਤੁਰ ਪੈਂਦੇ ਹਨ, ਜਿਸ ਕਾਰਨ ਉਹਨਾਂ ਦਾ ਜੀਵਨ ਬੇਅਰਥ ਹੋ ਜਾਂਦਾ ਹੈ।

ਅਸਲ ਵਿੱਚ ਟੀ ਵੀ ਸੀਰੀਅਲ ਅਤੇ ਫ਼ਿਲਮਾਂ ਸਾਡੇ ਸਮਾਜ ਅਤੇ ਸੱਭਿਆਚਾਰ 'ਤੇ ਵੱਡਾ ਅਸਰ ਪਾਉਂਦੇ ਹਨ। ਨੌਜਵਾਨਾਂ ਨੂੰ ਕੁਰਾਹੇ ਪੈਣ ਤੋਂ ਰੋਕਣ ਲਈ ਚੰਗੇ ਟੀ ਵੀ ਸੀਰੀਅਲਾਂ ਨੂੰ ਪ੍ਰਸਾਰਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਗਿਆਨ ਭਰਪੂਰ ਫ਼ਿਲਮਾਂ ਬਣਾਉਣੀਆਂ ਚਾਹੀਦੀਆਂ ਹਨ।

***

## ਪੰਜਾਬ ਵਿੱਚ ਪ੍ਰਵਾਸੀਆਂ ਦੀ ਰਜਿਸਟ੍ਰੇਸ਼ਨ...

ਇੱਕ ਅਧਿਐਨ ਵਿੱਚ ਦੱਸਿਆ ਗਿਆ ਹੈ ਕਿ 47.9% ਪ੍ਰਵਾਸੀ ਮਜ਼ਦੂਰਾਂ ਨੂੰ ਮਾਨਸਿਕ ਸਿਹਤ ਨਾਲ ਜੁੜੀਆਂ ਸਮੱਸਿਆਵਾਂ ਹੁੰਦੀਆਂ ਹਨ। ਉਨ੍ਹਾਂ ਨੂੰ ਘੱਟ ਤਨਖ਼ਾਹ, ਰਹਿਣ ਲਈ ਸਹੂਲਤਾਂ ਦੀ ਘਾਟ ਅਤੇ ਸ਼ੋਸ਼ਣ ਦਾ ਸਾਹਮਣਾ ਕਰਨਾ ਪੈਂਦਾ ਹੈ। ਮਨੋਵਿਗਿਆਨਕ ਮਾਹਿਰਾਂ ਅਨੁਸਾਰ ਆਰਥਿਕ ਅਸਮਾਨਤਾ ਮੂਲ ਕਾਰਨ ਹੈ, ਜੋ ਪ੍ਰਵਾਸੀਆਂ ਨੂੰ ਅਪਰਾਧ ਵੱਲ ਧੱਕਦੀ ਹੈ। ਕੁੱਲ ਮਿਲਾ ਕੇ ਖੋਜ ਦੱਸਦੀ ਹੈ ਕਿ ਅਪਰਾਧ ਪ੍ਰਵਾਸੀਆਂ ਜਾਂ ਕਿਸੇ ਵੀ ਵਿਅਕਤੀ ਸਮੂਹ ਦੇ ਸੁਭਾਅ ਵਿੱਚ ਨਹੀਂ ਹੁੰਦੇ, ਸਗੋਂ ਇਹ ਸਮਾਜਿਕ ਤਰੁੱਟੀਆਂ ਤੇ ਅਸਮਾਨਤਾਵਾਂ ਕਾਰਨ ਹੁੰਦੇ ਹਨ। ਜੇ ਸਮਾਜ ਵਿੱਚ ਸਭ ਨੂੰ ਮਿਲਜੁਲ ਕੇ ਸਨਮਾਨ ਨਾਲ ਜਿਊਣ ਦੇ ਮੌਕੇ ਮਿਲਣ ਤਾਂ ਅਪਰਾਧ ਘਟਾਏ ਜਾ ਸਕਦੇ ਹਨ।

ਸੋ, ਇਕ ਕੁਦਰਤੀ ਪ੍ਰਵਿਰਤੀ ਤੇ ਲੋੜ ਹੋਣ ਕਾਰਨ ਦੁਨੀਆ ਦੇ ਕਿਸੇ ਵੀ ਖਿੱਤੇ ਵਿੱਚ ਪ੍ਰਵਾਸ ਨੂੰ ਮੁਕੰਮਲ ਰੂਪ ਵਿੱਚ ਰੋਕਿਆ ਨਹੀਂ ਜਾ ਸਕਦਾ, ਇਸ ਕਰਕੇ ਵਿਸ਼ਵ ਭਰ ਵਿੱਚ ਇਸ ਮੁੱਦੇ ਨੂੰ ਠੀਕ ਢੰਗ ਨਾਲ ਮੁਖ਼ਾਤਬ ਹੋਣ ਲਈ ਸੰਤੁਲਿਤ ਸੋਚ ਤੇ ਸਿੱਟਾਮੁਖੀ ਨੀਤੀਆਂ ਦੀ ਲੋੜ ਹੈ। ਪੰਜਾਬ ਵਿੱਚ ਪ੍ਰਵਾਸੀਆਂ ਦੀ ਰਜਿਸਟ੍ਰੇਸ਼ਨ, ਪਿਛੋਕੜ ਦੀ ਪੜਤਾਲ, ਕੰਮਕਾਜ ਦੀ ਉਪਲਬਧਤਾ ਮੁਤਾਬਿਕ ਆਮਦ ਸੰਬੰਧੀ ਸਰਕਾਰੀ ਨੀਤੀ ਬਣਾ ਕੇ ਅਤੇ ਪੰਜਾਬ ਦੇ ਸੱਭਿਆਚਾਰ, ਆਬਾਦੀ, ਸਮਾਜਿਕ ਤਾਣੇ-ਬਾਣੇ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਦਿਸ਼ਾ 'ਚ ਯੋਗ ਸਰਕਾਰੀ ਪਹਿਲਕਦਮੀਆਂ ਨਾਲ ਪ੍ਰਵਾਸ ਨੂੰ ਸੁਖਾਵਾਂ ਤੇ ਲਾਭਦਾਇਕ ਬਣਾਇਆ ਜਾ ਸਕਦਾ ਹੈ।

***

## ਭਾਰਤੀ ਅਦਾਲਤਾਂ 'ਚ ਚਲਦੇ ਕੇਸਾਂ ਦਾ ਨਿਪਟਾਰਾ...

ਇਸੇ ਹਕੂਮਤੀ ਅਤੇ ਨਿਆਇਕ ਪੱਖਪਾਤ ਕਾਰਨ ਸਰੀਰਕ ਤੌਰ 'ਤੇ ਨੱਬੇ ਫ਼ੀਸਦੀ ਅਪਾਹਜ ਤੇ ਕਈ ਗੰਭੀਰ ਬਿਮਾਰੀਆਂ ਦੇ ਸ਼ਿਕਾਰ ਦਿੱਲੀ ਯੂਨੀਵਰਸਟੀ ਦੇ ਪ੍ਰੋ. ਜੀ.ਐਨ. ਸਾਈਬਾਬਾ ਨੂੰ ਦਸ ਸਾਲ ਨਾਗਪੁਰ ਦੀ ਕੇਂਦਰੀ ਜੇਲ੍ਹ ਦੇ ਅੰਡਾ ਸੈੱਲ ਵਿੱਚ ਨਜ਼ਰਬੰਦ ਰੱਖਿਆ ਗਿਆ। ਸੁਪਰੀਮ ਕੋਰਟ ਵਲੋਂ 8 ਮਾਰਚ 2024 ਨੂੰ ਸਾਰੇ ਦੋਸ਼ਾਂ ਤੋਂ ਬਰੀ ਕਰਨ ਉਪਰੰਤ ਗੰਭੀਰ ਬਿਮਾਰੀਆਂ ਕਾਰਨ ਪਿਛਲੇ ਸਾਲ 12 ਅਕਤੂਬਰ ਨੂੰ ਉਨ੍ਹਾਂ ਦੀ ਮੌਤ ਹੋ ਗਈ। ਇਸ ਦੇ ਇਲਾਵਾ 84 ਸਾਲਾ ਪਾਦਰੀ ਅਤੇ ਸਮਾਜਿਕ ਕਾਰਕੁੰਨ ਸਟੇਨ ਸਵਾਮੀ ਵੀ ਗੰਭੀਰ ਬਿਮਾਰੀ ਕਾਰਨ ਜੇਲ੍ਹ ਵਿੱਚ ਮੌਤ ਦਾ ਸ਼ਿਕਾਰ ਬਣੇ। ਜੇਕਰ ਉਪਰੋਕਤ ਸਮਾਜਿਕ ਕਾਰਕੁਨਾਂ ਨੂੰ ਸਮੇਂ ਸਿਰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਜਾਂਦਾ ਤਾਂ ਉਨ੍ਹਾਂ ਦੀ ਜਾਨ ਬਚਾਈ ਜਾ ਸਕਦੀ ਸੀ।

ਇਸ ਦੇ ਇਲਾਵਾ ਹਕੂਮਤਾਂ ਦੇ ਵਿਰੁੱਧ ਅਸਹਿਮਤੀ ਦੀਆਂ ਆਵਾਜ਼ਾਂ ਨੂੰ ਦਬਾਉਣ ਲਈ ਆਲਟ ਨਿਊਜ਼ ਦੇ ਸੰਸਥਾਪਕ ਮੁਹੰਮਦ ਜ਼ੁਬੈਰ, ਕੇਰਲਾ ਦੇ ਪੱਤਰਕਾਰ ਸਿੱਦੀਕੀ ਕੱਪਨ, ਨਿਊਜ਼ਕਲਿੱਕ ਦੇ ਸੰਪਾਦਕ ਪ੍ਰਬੀਰ ਪੁਰਕਾਇਸਥ, ਐਡਵੋਕੇਟ ਤੀਸਤਾ ਸੀਤਲਵਾੜ ਆਦਿ ਅਤੇ ਜੰਮੂ ਕਸ਼ਮੀਰ ਦੇ ਕਈ ਹੋਰਨਾਂ ਪੱਤਰਕਾਰਾਂ ਨੂੰ ਕਈ-ਕਈ ਮਹੀਨੇ ਬਿਨਾਂ ਕਿਸੇ ਸੁਣਵਾਈ ਦੇ ਜੇਲ੍ਹ ਵਿੱਚ ਨਜ਼ਰਬੰਦ ਕੀਤਾ ਗਿਆ ਸੀ, ਪਰ ਕੇਂਦਰੀ ਜਾਂਚ ਏਜੰਸੀਆਂ ਉਨ੍ਹਾਂ ਦੇ ਵਿਰੁੱਧ ਕੋਈ ਦੋਸ਼ ਸਾਬਤ ਨਹੀਂ ਸਨ ਕਰ ਸਕੀਆਂ।

ਇਸ ਦੇ ਬਿਲਕੁਲ ਉਲਟ ਆਰ.ਐੱਸ.ਐੱਸ. ਨਾਲ ਸੰਬੰਧਿਤ ਬੰਬ ਧਮਾਕਿਆਂ ਦੀਆਂ ਅੱਤਵਾਦੀ ਘਟਨਾਵਾਂ ਦੇ ਦੋਸ਼ੀ ਭਾਜਪਾ ਸੰਸਦ ਮੈਂਬਰ ਸਾਧਵੀ ਪ੍ਰੱਗਿਆ ਠਾਕੁਰ, ਕਰਨਲ ਪ੍ਰੋਹਿਤ, ਸਵਾਮੀ ਆਸੀਮਾਨੰਦ 'ਤੇ ਦੋਸ਼ ਸਾਬਤ ਹੋਣ ਦੇ ਬਾਵਜੂਦ ਕਈ ਸਾਲਾਂ ਤੋਂ ਜ਼ਮਾਨਤਾਂ 'ਤੇ ਬਾਹਰ ਰਹੇ ਤੇ ਹੁਣ ਤਾਂ 'ਸਬੂਤਾਂ ਦੀ ਘਾਟ' ਕਾਰਨ ਮੁੰਬਈ ਹਾਈ ਕੋਰਟ ਨੇ ਉਨ੍ਹਾਂ ਨੂੰ ਬਰੀ ਵੀ ਕਰ ਦਿੱਤਾ। ਗੁਜਰਾਤ ਕਤਲੇਆਮ ਦੇ ਦੋਸ਼ੀ ਨੇਤਾ ਸਖ਼ਤ ਸਜ਼ਾਵਾਂ ਹੋਣ ਦੇ ਬਾਵਜੂਦ ਉਹ ਕਾਨੂੰਨੀ ਚੋਰ ਮੋਰੀਆਂ ਦਾ ਫ਼ਾਇਦਾ ਉਠਾ ਕੇ ਕਈ ਸਾਲਾਂ ਤੋਂ ਜ਼ਮਾਨਤ 'ਤੇ ਚੱਲ ਰਹੇ ਹਨ ਅਤੇ ਕਈਆਂ ਵਿਰੁੱਧ ਅਪਰਾਧਿਕ ਕੇਸ ਵਾਪਸ ਲੈ ਲਏ ਗਏ ਹਨ। ਗੰਭੀਰ ਦੋਸ਼ਾਂ ਹੇਠ ਦੋ ਉਮਰ ਕੈਦਾਂ ਦੀਆਂ ਸਜ਼ਾਵਾਂ ਭੁਗਤ ਰਿਹਾ ਡੇਰਾ ਮੁਖੀ ਪਿਛਲੇ ਸੱਤ ਸਾਲਾਂ ਦੌਰਾਨ 13 ਵਾਰ ਪੈਰੋਲ/ਫਰਲੋ 'ਤੇ ਕਈ-ਕਈ ਹਫ਼ਤੇ ਲਈ ਬਾਹਰ ਆ ਚੁੱਕਾ ਹੈ। ਸਵਾਲ ਹੈ ਕਿ ਨਿਆਂਪਾਲਿਕਾ ਅਤੇ ਕੇਂਦਰੀ ਹਕੂਮਤ ਵੱਲੋਂ ਆਖਰ ਨਿਆਂ ਦੇ ਅਜਿਹੇ ਦੋਹਰੇ ਮਿਆਰ ਕਿਉਂ ਅਪਣਾਏ ਜਾ ਰਹੇ ਹਨ ?

ਕਈ ਸਾਲ ਜੇਲ੍ਹ 'ਚ ਨਾਜਾਇਜ਼ ਨਜ਼ਰਬੰਦੀ ਤੋਂ ਬਾਅਦ ਅਦਾਲਤ ਵੱਲੋਂ ਨਿਰਦੋਸ਼ ਵਿਅਕਤੀ ਨੂੰ ਬਾਇੱਜ਼ਤ ਬਰੀ ਕਰਨ ਨੂੰ ਇਨਸਾਫ ਨਹੀਂ ਕਿਹਾ ਜਾ ਸਕਦਾ। ਦੇਸ਼ ਦੀ ਉੱਚ ਨਿਆਂਪਾਲਿਕਾ ਨੂੰ ਆਮ ਲੋਕਾਂ ਵਿੱਚ ਆਪਣੀ ਭਰੋਸੇਯੋਗਤਾ ਕਾਇਮ ਰੱਖਣ ਲਈ ਹਕੂਮਤੀ ਦਬਾਅ, ਡਰ ਅਤੇ ਲਾਲਚ ਤੋਂ ਪੂਰੀ ਤਰਾਂ ਮੁਕਤ ਹੋ ਕੇ ਜਿੱਥੇ ਆਮ ਨਾਗਰਿਕਾਂ ਦੇ ਜਮਹੂਰੀ ਹੱਕਾਂ ਦੀ ਰਾਖੀ ਕਰਨੀ ਚਾਹੀਦੀ ਹੈ, ਉੱਥੇ ਹੀ ਜੇਲ੍ਹਾਂ ਵਿੱਚ ਸੜ ਰਹੇ ਸਮਾਜਿਕ ਕਾਰਕੁੰਨਾਂ ਸਮੇਤ ਹਜ਼ਾਰਾਂ ਨਿਰਦੋਸ਼ ਲੋਕਾਂ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਕੈਦੀਆਂ ਨੂੰ ਬਿਨਾਂ ਸ਼ਰਤ ਤੁਰੰਤ ਰਿਹਾਅ ਕਰਨਾ ਚਾਹੀਦਾ ਹੈ। ਅਦਾਲਤਾਂ ਵਿੱਚ ਚਲਦੇ ਕੇਸਾਂ ਦਾ ਨਿਪਟਾਰਾ ਬਿਨਾਂ ਕਿਸੇ ਦੇਰੀ ਦੇ ਸਮਾਂਬੱਧ ਸੀਮਾ ਵਿੱਚ ਹੋਣਾ ਚਾਹੀਦਾ ਹੈ ਅਤੇ ਕਿਸੇ ਵੀ ਨਾਗਰਿਕ ਨਾਲ ਅਨਿਆਂ ਅਤੇ ਵਿਤਕਰਾ ਨਹੀਂ ਕੀਤਾ ਜਾਣਾ ਚਾਹੀਦਾ।

***

## ਤਖ਼ਤ ਸ੍ਰੀ ਪਟਨਾ ਸਾਹਿਬ ...

ਸਿੱਖ ਸੰਸਥਾਵਾਂ 'ਤੇ ਗ਼ੈਰ-ਸਿੱਖਾਂ ਦੇ ਪ੍ਰਭਾਵ ਨੂੰ ਰੋਕਣ ਦੀ ਮੰਗ:

ਵੋਟਰ ਸੂਚੀਆਂ ਦੀ ਸੁਧਾਈ ਨਾ ਹੋਣ 'ਤੇ ਅਦਾਲਤ ਜਾਣ ਦੀ ਚਿਤਾਵਨੀ

ਸਿੱਖ ਕਲੈਕਟਿਵ ਨੇ ਆਪਣੇ ਪੱਤਰਾਂ ਵਿੱਚ ਮੰਗ ਕੀਤੀ ਹੈ ਕਿ ਵੋਟਰ ਸੂਚੀਆਂ ਨੂੰ ਤੁਰੰਤ ਸੁਧਾਰਿਆ ਜਾਵੇ। ਉਨ੍ਹਾਂ ਨੇ ਤਖ਼ਤ ਕਮੇਟੀ ਨੂੰ ਤਿੰਨ ਸਵਾਲ ਪੁੱਛੇ ਹਨ: ਗ਼ੈਰ-ਸਿੱਖ ਨਾਮ ਕਿਵੇਂ ਸ਼ਾਮਲ ਹੋਏ ? ਵੈਰੀਫਿਕੇਸ਼ਨ ਕਿਵੇਂ ਕੀਤੀ ਗਈ ? ਅਤੇ ਹੁਣ ਕੀ ਕਦਮ ਚੁੱਕੇ ਜਾ ਰਹੇ ਹਨ ? ਉਨ੍ਹਾਂ ਨੇ ਕਿਹਾ ਕਿ ਇਹ ਗਲਤੀਆਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਵਿਆਪਕ ਹਨ। ਜੇਕਰ ਚੋਣਾਂ ਅਜਿਹੀਆਂ ਸੂਚੀਆਂ 'ਤੇ ਹੋਈਆਂ ਤਾਂ ਨਤੀਜੇ ਨੂੰ ਚੁਣੌਤੀ ਦਿੱਤੀ ਜਾ ਸਕਦੀ ਹੈ ਅਤੇ ਇਹ ਚੋਣਾਂ ਨੂੰ ਹੋਰ ਦੇਰੀ ਕਰੇਗਾ। ਵੈਸੇ ਵੀ ਇਹ ਚੋਣਾਂ 30 ਮਹੀਨੇ ਤੋਂ ਵੱਧ ਦੇਰੀ ਨਾਲ ਹੋ ਰਹੀਆਂ ਹਨ।

ਤਖ਼ਤ ਪਟਨਾ ਸਾਹਿਬ ਦੀ ਇਤਿਹਾਸਕ ਮਹੱਤਤਾ ਨੂੰ ਵੇਖਦੇ ਹੋਏ ਇਹ ਵਿਵਾਦ ਅਹਿਮ ਹੈ। ਇਹ ਨਾ ਸਿਰਫ਼ ਬਿਹਾਰ ਬਲਕਿ ਪੂਰੇ ਵਿਸ਼ਵ ਦੇ ਸਿੱਖਾਂ ਨੂੰ ਪ੍ਰਭਾਵਿਤ ਕਰਦਾ ਹੈ। ਪੰਜ ਤਖ਼ਤਾਂ ਵਿੱਚ ਅਕਾਲ ਤਖ਼ਤ ਸਾਹਿਬ, ਕੇਸਗੜ੍ਹ ਸਾਹਿਬ, ਦਮਦਮਾ ਸਾਹਿਬ, ਹਜ਼ੂਰ ਸਾਹਿਬ ਅਤੇ ਪਟਨਾ ਸਾਹਿਬ ਸ਼ਾਮਲ ਹਨ। ਇਨ੍ਹਾਂ ਦੇ ਜਥੇਦਾਰ ਅਤੇ ਪ੍ਰਬੰਧਕੀ ਕਮੇਟੀਆਂ ਧਰਮ ਨੂੰ ਨਿਰਧਾਰਿਤ ਕਰਦੀਆਂ ਹਨ। ਹਾਲਾਂਕਿ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਬਣਾਇਆ ਅਤੇ ਸਿੱਖਾਂ ਨੂੰ ਆਪਣੇ ਨਿਰਣੇ ਖ਼ੁਦ ਲੈਣ ਲਈ ਕਿਹਾ, ਪਰ ਅੱਜ ਅਜਿਹੇ ਵਿਵਾਦ ਧਰਮ ਨੂੰ ਨੁਕਸਾਨ ਪਹੁੰਚਾ ਰਹੇ ਹਨ।

ਸਿੱਖ ਕਲੈਕਟਿਵ ਨੇ ਇਸ ਮਾਮਲੇ ਨੂੰ ਹੋਰ ਸੰਸਥਾਵਾਂ ਨਾਲ ਵੀ ਸਾਂਝਾ ਕੀਤਾ ਹੈ ਜਿਵੇਂ ਐਸਜੀਪੀਸੀ, ਚੀਫ ਖਾਲਸਾ ਦੀਵਾਨ, ਯੂਪੀ ਸਿੱਖ ਪ੍ਰਤਿਨਿਧੀ ਬੋਰਡ, ਸਨਾਤਨੀ ਸਿੱਖ ਸਭਾ ਅਤੇ ਡੀ.ਐਸ.ਜੀ.ਐਮ.ਸੀ.। ਇਹ ਕਦਮ ਦੱਸਦਾ ਹੈ ਕਿ ਉਹ ਇਸ ਨੂੰ ਵੱਡੇ ਪੱਧਰ 'ਤੇ ਉਠਾਉਣਾ ਚਾਹੁੰਦੇ ਹਨ। ਜੇਕਰ ਅਥਾਰਟੀ ਨੇ ਨਾ ਸੁਣਿਆ ਤਾਂ ਅਦਾਲਤੀ ਕਾਰਵਾਈ ਅਤੇ ਧਾਰਮਿਕ ਕਾਰਵਾਈ ਹੋ ਸਕਦੀ ਹੈ।

ਇਸ ਵਿਵਾਦ ਦੇ ਪਿੱਛੇ ਕਈ ਕਾਰਨ ਹੋ ਸਕਦੇ ਹਨ। ਕਈ ਵਾਰ ਵੋਟਰ ਸੂਚੀਆਂ ਬਣਾਉਣ ਵੇਲੇ ਗਲਤੀਆਂ ਹੋ ਜਾਂਦੀਆਂ ਹਨ ਪਰ ਇੱਥੇ ਇੰਨੀ ਵੱਡੀ ਗਿਣਤੀ ਦੱਸਦੀ ਹੈ ਕਿ ਇਹ ਯੋਜਨਾਬੱਧ ਹੋ ਸਕਦਾ ਹੈ। ਸਿੱਖ ਧਰਮ ਵਿੱਚ ਅਜਿਹੇ ਮਾਮਲੇ ਪਹਿਲਾਂ ਵੀ ਹੋਏ ਹਨ ਜਿੱਥੇ ਰਾਜਨੀਤਿਕ ਪ੍ਰਭਾਵ ਨੇ ਧਾਰਮਿਕ ਸੰਸਥਾਵਾਂ ਨੂੰ ਪ੍ਰਭਾਵਿਤ ਕੀਤਾ। ਉਦਾਹਰਣ ਵਜੋਂ, ਅਕਾਲੀ ਦਲ ਅਤੇ ਹੋਰ ਪਾਰਟੀਆਂ ਨੇ ਗੁਰਦੁਆਰਾ ਚੋਣਾਂ ਵਿੱਚ ਭੂਮਿਕਾ ਨਿਭਾਈ ਹੈ ਪਰ ਤਖ਼ਤ ਸਾਹਿਬ ਵਰਗੀ ਜਗ੍ਹਾ 'ਤੇ ਇਹ ਪਹਿਲੀ ਵਾਰ ਵੱਡਾ ਵਿਵਾਦ ਹੈ।

ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਨੇ ਕਿਹਾ ਕਿ ਸਿੱਖ ਭਾਈਚਾਰੇ ਨੂੰ ਚਾਹੀਦਾ ਹੈ ਕਿ ਉਹ ਇਸ ਮਾਮਲੇ ਵਿੱਚ ਏਕਤਾ ਵਿਖਾਵੇ ਅਤੇ ਧਾਰਮਿਕ ਨਿਰਪੱਖਤਾ ਨੂੰ ਬਚਾਵੇ। ਚੋਣ ਅਥਾਰਟੀ ਨੂੰ ਵੀ ਜਲਦੀ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਚੋਣਾਂ ਨਿਰਵਿਘਨ ਹੋ ਸਕਣ। ਇਹ ਵਿਵਾਦ ਨਾ ਸਿਰਫ਼ ਚੋਣਾਂ ਨੂੰ ਪ੍ਰਭਾਵਿਤ ਕਰੇਗਾ ਬਲਕਿ ਸਿੱਖ ਧਰਮ ਦੀ ਏਕਤਾ 'ਤੇ ਵੀ ਅਸਰ ਪਾਵੇਗਾ। ਅੰਤ ਵਿੱਚ, ਆਸ ਹੈ ਕਿ ਇਹ ਮਾਮਲਾ ਜਲਦੀ ਹੱਲ ਹੋ ਜਾਵੇਗਾ ਅਤੇ ਤਖ਼ਤ ਪਟਨਾ ਸਾਹਿਬ ਵਿੱਚ ਪਾਰਦਰਸ਼ੀ ਪ੍ਰਬੰਧ ਬਣੇਗਾ।

***

## ਅਮਰੀਕਾ ਵਿੱਚ ਸਿੱਖਾਂ ਦੀ ...

### ਸਮਰਥਨ ਕਿਉਂ ਮਿਲ ਰਿਹਾ ਹੈ ?

ਇਸ ਬਿੱਲ ਨੂੰ ਪੇਸ਼ ਕਰਨ ਵਾਲੇ ਕਾਂਗਰਸਮੈਨ ਜੋਸ਼ ਗੋਥਾਈਮਰ ਅਤੇ ਡੇਵਿਡ ਵਲਾਡਾਓ ਦਾ ਕਹਿਣਾ ਹੈ ਕਿ 9/11 ਦੇ ਹਮਲਿਆਂ ਤੋਂ ਬਾਅਦ ਸਿੱਖ ਭਾਈਚਾਰੇ ਨੂੰ ਗਲਤ ਪਛਾਣ ਕਾਰਨ ਬਹੁਤ ਨਫ਼ਰਤ ਦਾ ਸਾਹਮਣਾ ਕਰਨਾ ਪਿਆ ਹੈ।

2012 ਵਿੱਚ ਵਿਸਕਾਨਸਿਨ ਗੁਰਦੁਆਰੇ 'ਤੇ ਹੋਇਆ ਹਮਲਾ ਇਸ ਦੀ ਇੱਕ ਦੁਖਦਾਈ ਮਿਸਾਲ ਹੈ। ਸਿੱਖ ਸੰਸਥਾਵਾਂ ਜਿਵੇਂ ਕਿ 'ਸਿੱਖ ਕੋਲੀਸ਼ਨ' ਅਤੇ 'ਸਿੱਖ ਅਮਰੀਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ' ਨੇ ਇਸ ਬਿੱਲ ਨੂੰ ਤਿਆਰ ਕਰਨ ਵਿੱਚ ਦਿਨ-ਰਾਤ ਮਿਹਨਤ ਕੀਤੀ ਹੈ।

**ਸਿੱਖ ਭਾਈਚਾਰੇ ਲਈ ਇਸ ਦੇ ਫਾਇਦੇ:** ਅਮਰੀਕਾ ਵਿੱਚ ਰਹਿਣ ਵਾਲੇ ਲਗਭਗ 5 ਲੱਖ ਸਿੱਖਾਂ ਲਈ ਇਹ ਬਿੱਲ ਇੱਕ ਢਾਲ ਵਾਂਗ ਹੋਵੇਗਾ। ਇਸ ਨਾਲ ਨਾ ਸਿਰਫ਼ ਨਫ਼ਰਤੀ ਹਮਲੇ ਘਟਣਗੇ, ਸਗੋਂ ਸਿੱਖਾਂ ਨੂੰ ਆਪਣੇ ਧਾਰਮਿਕ ਵਿਸ਼ਵਾਸਾਂ ਨਾਲ ਖੁੱਲ੍ਹ ਕੇ ਜੀਉਣ ਦੀ ਆਜ਼ਾਦੀ ਮਿਲੇਗੀ। ਸਿੱਖ ਆਗੂਆਂ ਨੇ ਇਸ ਨੂੰ ਅਮਰੀਕਾ ਵਿੱਚ ਸਿੱਖਾਂ ਦੇ ਮੂਲ ਅਧਿਕਾਰਾਂ ਦੀ ਇੱਕ ਵੱਡੀ ਜਿੱਤ ਦੱਸਿਆ ਹੈ।

ਸਿੱਖ ਕੋਲੀਸ਼ਨ ਨੇ ਕਿਹਾ ਕਿ ਇਹ ਬਿੱਲ ਹੇਟ ਕ੍ਰਾਈਮ ਡਾਟਾ ਨੂੰ ਸੁਧਾਰੇਗਾ ਅਤੇ ਸਿੱਖਾਂ ਨੂੰ ਸੁਰੱਖਿਅਤ ਮਹਿਸੂਸ ਕਰਾਏਗਾ। ਯੂਨਾਈਟਿਡ ਸਿੱਖ ਨੇ ਇਸ ਨੂੰ 'ਮਹੱਤਵਪੂਰਨ ਕਦਮ' ਕਿਹਾ। ਇਸ ਨਾਲ ਸਿੱਖ ਅਮਰੀਕਨਾਂ ਦੀ ਆਬਾਦੀ, ਜੋ ਲਗਭਗ 5 ਲੱਖ ਹੈ, ਨੂੰ ਵਧੇਰੇ ਸੁਰੱਖਿਆ ਮਿਲੇਗੀ।

ਯੂਨਾਈਟਿਡ ਸਿੱਖ ਨੇ ਇਸ ਨੂੰ ਨਫ਼ਰਤ ਵਿਰੋਧੀ ਮਜ਼ਬੂਤ ਸੁਰੱਖਿਆ ਵਜੋਂ ਵੇਖਿਆ। ਭੁਪਿੰਦਰ ਸਿੰਘ ਅਤੇ ਬੂਟਾ ਸਿੰਘ ਖਰੌੜ ਵਰਗੇ ਆਗੂਆਂ ਨੇ ਇਸ ਨੂੰ ਲੀਡ ਕੀਤਾ ਅਤੇ ਕਿਹਾ ਕਿ ਇਹ ਅਮਰੀਕੀ ਸਿੱਖਾਂ ਲਈ ਬੁਨਿਆਦੀ ਅਧਿਕਾਰਾਂ ਨੂੰ ਮਜ਼ਬੂਤ ਕਰੇਗਾ। ਡਾ. ਅਮਰਜੀਤ ਸਿੰਘ ਨੇ ਯੂਟਿਊਬ 'ਤੇ ਕਿਹਾ ਕਿ ਇਹ ਬਿੱਲ ਸਿੱਖਾਂ ਅਤੇ ਹੋਰ ਘੱਟ ਗਿਣਤੀਆਂ ਵਿਰੁੱਧ ਵਿਤਕਰੇ ਨੂੰ ਰੋਕੇਗਾ।

ਅਮਰੀਕੀ ਸਿੱਖ ਕਾਂਗ੍ਰੈਸ਼ਨਲ ਕੌਕਸ ਦੇ ਕੋ-ਚੇਅਰ ਵਲਾਡਾਓ ਨੇ ਕਿਹਾ ਕਿ ਇਹ ਡੀਓਜੇ ਨੂੰ ਸਿੱਖ ਭਾਈਚਾਰੇ ਨਾਲ ਮਿਲ ਕੇ ਕੰਮ ਕਰਨ ਲਈ ਮਜਬੂਰ ਕਰੇਗਾ। ਪੰਥਕ ਆਗੂ ਇਸ ਨੂੰ ਟ੍ਰਾਂਸਨੈਸ਼ਨਲ ਦਬਾਅ ਵਿਰੋਧੀ ਵੀ ਵੇਖਦੇ ਹਨ। ਅਮਰੀਕਨ ਸਿੱਖ ਆਗੂ ਸਵਰਨਜੀਤ ਸਿੰਘ ਖਾਲਸਾ ਨੇ ਕਿਹਾ ਕਿ ਇਹ ਬਿੱਲ ਅਮਰੀਕੀ ਸਿੱਖਾਂ ਲਈ ਇੱਕ ਵੱਡੀ ਜਿੱਤ ਹੈ, ਜੋ ਨਫ਼ਰਤ ਅਤੇ ਵਿਤਕਰੇ ਨੂੰ ਰੋਕੇਗਾ। ਇਸ ਨੂੰ ਮਿਲੇ ਸਮਰਥਨ ਨੇ ਇਸ ਨੂੰ ਮਜ਼ਬੂਤ ਬਣਾਇਆ। ਭਵਿੱਖ ਵਿੱਚ ਇਸ ਦੇ ਪਾਸ ਹੋਣ ਨਾਲ ਸਿੱਖ ਭਾਈਚਾਰੇ ਨੂੰ ਵਧੇਰੇ ਸੁਰੱਖਿਆ ਮਿਲੇਗੀ।

****

## ਰਸੋਖਾਣਾ ਸਾਹਿਬ ਵਿਖੇ 'ਸ਼ੁਕਰਾਨਾ ਸਮਾਗਮ' ...

ਉਹ ਗੁਰੂ ਸਾਹਿਬ ਦੀ ਕਿਰਪਾ ਨਾਲ ਬਹੁਤ ਹੀ ਸਿਆਣਪ ਅਤੇ ਸ਼ਾਂਤੀਪੂਰਨ ਤਰੀਕੇ ਨਾਲ ਦੂਰ ਹੋ ਗਿਆ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਸੰਸਥਾ ਦਾ ਕਦੇ ਵੀ ਸਿਆਸਤ ਨਾਲ ਕੋਈ ਲੈਣਾ-ਦੇਣਾ ਨਹੀਂ ਰਿਹਾ ਅਤੇ ਨਾ ਹੀ ਉਨ੍ਹਾਂ ਨੇ ਇਹ ਵਿਵਾਦ ਸ਼ੁਰੂ ਕੀਤਾ ਸੀ। ਉਨ੍ਹਾਂ ਕਿਹਾ ਕਿ ਸਰਕਾਰ ਨੇ ਹੀ ਇਹ ਵਿਵਾਦ ਖੜ੍ਹਾ ਕੀਤਾ ਸੀ ਅਤੇ ਅਸੀਂ ਸਿਰਫ਼ ਆਪਣੀ ਸੱਚਾਈ ਸੰਗਤ ਦੇ ਸਾਹਮਣੇ ਰੱਖੀ ਹੈ। ਬੁੱਲੋਵਾਲ ਨੇ ਅੰਤ ਵਿੱਚ ਕਿਹਾ ਕਿ 328 ਸਰੂਪਾਂ ਦਾ ਅਸਲ ਮਾਮਲਾ ਸ਼੍ਰੋਮਣੀ ਕਮੇਟੀ ਅਤੇ ਸਰਕਾਰ ਵਿਚਕਾਰ ਹੈ ਪਰ ਉਨ੍ਹਾਂ ਦੀ ਸੰਸਥਾ 'ਤੇ ਲਾਏ ਗਏ ਦੋਸ਼ ਪੂਰੀ ਤਰ੍ਹਾਂ ਬੇਬੁਨਿਆਦ ਸਨ।

ਸਮਾਗਮ ਦੌਰਾਨ ਹਜ਼ਾਰਾਂ ਦੀ ਗਿਣਤੀ ਵਿੱਚ ਪਹੁੰਚੀ ਸੰਗਤ ਦੇ ਇਕੱਠ ਨੇ ਇੱਕ ਤਰ੍ਹਾਂ ਨਾਲ ਸੰਸਥਾ ਦੀ ਤਾਕਤ ਦਾ ਪ੍ਰਦਰਸ਼ਨ ਵੀ ਕੀਤਾ। ਜਿੱਥੇ ਕੁਝ ਬੁਲਾਰਿਆਂ ਨੇ ਸਰਕਾਰ ਵਿਰੁੱਧ ਤਿੱਖੇ ਭਾਸ਼ਣ ਦਿੱਤੇ, ਉੱਥੇ ਹੀ ਪ੍ਰਬੰਧਕੀ ਕਮੇਟੀ ਨੇ ਸੰਤੁਲਿਤ ਪਹੁੰਚ ਅਪਣਾਉਂਦਿਆਂ ਕਿਹਾ ਕਿ ਉਹ ਸਿਰਫ਼ ਗੁਰਮਤਿ ਮਰਿਆਦਾਵਾਂ ਵਿੱਚ ਵਿਸ਼ਵਾਸ ਰੱਖਦੇ ਹਨ।

***

## ਅਮਰੀਕਾ ਨੇ ਕਰਜ਼ਾ ਛੱਡ ਕੇ ਵਿਸ਼ਵ ਸਿਹਤ ਸੰਗਠਨ...

ਡਬਲਯੂ.ਐਚ.ਓ. ਗਰੀਬ ਦੇਸ਼ਾਂ ਨੂੰ ਤਕਨੀਕੀ ਮਦਦ ਦਿੰਦਾ ਹੈ, ਵੈਕਸੀਨ ਅਤੇ ਦਵਾਈਆਂ ਦੀ ਸਪਲਾਈ ਵਿੱਚ ਸਹਿਯੋਗ ਕਰਦਾ ਹੈ ਅਤੇ ਮਾਨਸਿਕ ਸਿਹਤ, ਕੈਂਸਰ ਸਮੇਤ ਸੈਂਕੜੇ ਬੀਮਾਰੀਆਂ ਲਈ ਦਿਸ਼ਾ-ਨਿਰਦੇਸ਼ ਜਾਰੀ ਕਰਦਾ ਹੈ। ਹਾਲਾਂਕਿ ਡਬਲਯੂ.ਐਚ.ਓ. ਕਿਸੇ ਵੀ ਦੇਸ਼ ਨੂੰ ਜ਼ਬਰਦਸਤੀ ਕੁਝ ਵੀ ਕਰਨ ਲਈ ਮਜਬੂਰ ਨਹੀਂ ਕਰ ਸਕਦਾ, ਇਹ ਸਿਰਫ਼ ਸਲਾਹ ਦਿੰਦਾ ਹੈ।

**ਅਮਰੀਕਾ ਦੇ ਵੱਖ ਹੋਣ ਨਾਲ ਕੀ ਖ਼ਤਰਾ ਹੈ ?**

ਮਾਹਿਰਾਂ ਦਾ ਕਹਿਣਾ ਹੈ ਕਿ ਅਮਰੀਕਾ ਦੇ ਵੱਖ ਹੋਣ ਨਾਲ ਵਿਸ਼ਵ ਦੀ ਮਹਾਂਮਾਰੀ ਨਾਲ ਲੜਨ ਵਾਲੀ ਤਾਕਤ ਕਮਜ਼ੋਰ ਹੋ ਸਕਦੀ ਹੈ। ਅਮਰੀਕਾ ਲੰਬੇ ਸਮੇਂ ਤੋਂ ਡਬਲਯੂ.ਐਚ.ਓ. ਦਾ ਸਭ ਤੋਂ ਵੱਡਾ ਦਾਨੀ ਰਿਹਾ ਹੈ ਅਤੇ ਉਸ ਨੇ ਸੰਗਠਨ ਨੂੰ ਸੈਂਕੜੇ ਪਬਲਿਕ ਹੈਲਥ ਮਾਹਿਰ ਵੀ ਦਿੱਤੇ ਹਨ। ਮਾਹਿਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਇਹ ਵਿਸ਼ਵ ਭਰ ਵਿੱਚ ਨਵੇਂ ਵਾਇਰਸਾਂ ਦੀ ਪਛਾਣ, ਪੋਲੀਓ ਇਲਾਜ ਅਤੇ ਮਾਂ-ਬੱਚੇ ਸਿਹਤ ਵਰਗੇ ਪ੍ਰੋਗਰਾਮਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਸਕਦਾ ਹੈ।

ਡਬਲਯੂ.ਐਚ.ਓ. ਨੇ ਅਮਰੀਕਾ ਦੇ ਫੈਸਲੇ ਨੂੰ 'ਅਫਸੋਸਜਨਕ' ਦੱਸਿਆ ਹੈ। ਡਬਲਯੂ.ਐਚ.ਓ. ਦੇ ਡਾਇਰੈਕਟਰ ਜਨਰਲ ਟੈਡਰੋਸ ਅਧਾਨੋਮ ਨੇ ਕਿਹਾ ਕਿ ਇਹ ਵਿਸ਼ਵ ਸਿਹਤ ਲਈ ਵੱਡਾ ਝਟਕਾ ਹੈ ਅਤੇ ਅਮਰੀਕਾ ਨੂੰ ਮੁੜ ਵਿਚਾਰ ਕਰਨ ਲਈ ਅਪੀਲ ਕੀਤੀ ਹੈ। ਯੂਰੋਪੀਅਨ ਯੂਨੀਅਨ ਨੇ ਇਸ ਨੂੰ 'ਵਿਸ਼ਵ ਸਹਿਯੋਗ ਨੂੰ ਕਮਜ਼ੋਰ ਕਰਨ ਵਾਲਾ' ਕਦਮ ਦੱਸਿਆ ਹੈ। ਚੀਨ ਨੇ ਟਰੰਪ ਨੂੰ 'ਇੱਕਤਰਫਾ' ਕਹਿ ਕੇ ਟਿਪਣੀ ਕੀਤੀ ਹੈ ਅਤੇ ਕਿਹਾ ਕਿ ਇਹ ਅਮਰੀਕਾ ਨੂੰ ਵਿਸ਼ਵ ਤੋਂ ਵੱਖਰਾ ਕਰ ਦੇਵੇਗਾ। ਬੀ.ਬੀ.ਸੀ. ਯੂ.ਕੇ. ਨੇ ਰਿਪੋਰਟ ਕੀਤੀ ਕਿ ਇਹ ਫੈਸਲਾ ਕੋਵਿਡ ਵਰਗੇ ਸੰਕਟਾਂ ਵਿੱਚ ਵਿਸ਼ਵ ਪ੍ਰਤੀਕਿਰਿਆ ਨੂੰ ਪ੍ਰਭਾਵਿਤ ਕਰੇਗਾ। ਸੀ.ਐਨ.ਐਨ. ਨੇ ਇਸ ਨੂੰ ਟਰੰਪ ਦੇ ਪਹਿਲੇ ਕਾਰਜਕਾਲ ਵਿੱਚ ਕੀਤੀ ਕੋਸ਼ਿਸ਼ ਨਾਲ ਜੋੜ ਕੇ ਦੱਸਿਆ ਅਤੇ ਕਿਹਾ ਕਿ ਇਹ ਡਬਲਯੂ.ਐਚ.ਓ. ਨੂੰ ਚੀਨ ਦੇ ਪ੍ਰਭਾਵ ਵੱਲ ਧੱਕੇਗਾ। ਜੌਹਨਸ ਹੌਪਕਿਨਸ ਯੂਨੀਵਰਸਿਟੀ ਨੇ ਚਿਤਾਵਨੀ ਦਿੱਤੀ ਕਿ ਇਹ ਵਿਸ਼ਵ ਭਾਈਚਾਰੇ 'ਤੇ ਵੱਡਾ ਬੋਝ ਪਾਵੇਗਾ ਅਤੇ ਅਮਰੀਕੀ ਵੀ ਪੀੜਤ ਹੋਣਗੇ। ਬਰਕਲੇ ਯੂਨੀਵਰਸਿਟੀ ਨੇ ਇਸ ਨੂੰ 'ਵਿਗਿਆਨਕ ਤੌਰ 'ਤੇ ਲਾਪਰਵਾਹੀ ਵਾਲਾ ਦੱਸਿਆ। ਟਰੰਪ ਸਮਰਥਕਾਂ ਨੇ ਇਸ ਨੂੰ 'ਅਮਰੀਕਾ ਫਰਸਟ' ਨੀਤੀ ਦੀ ਜਿੱਤ ਦੱਸਿਆ, ਜਦਕਿ ਵਿਰੋਧੀਆਂ ਨੇ ਇਸ ਨੂੰ 'ਵਿਸ਼ਵ ਸਿਹਤ ਲਈ ਖ਼ਤਰਨਾਕ' ਕਿਹਾ ਹੈ।

***

## ਕਰੋੜਪਤੀਆਂ ਦੀ ਦੌਲਤ ਦੇ ਕੇਂਦਰੀਕਰਨ ਦੇ ਮਾਮਲੇ ...

ਇਟਲੀ ਦੇ ਮੀਡੀਏ ਵਿੱਚ ਨਸ਼ਰ ਹੋਈ ਜਾਣਕਾਰੀ ਅਨੁਸਾਰ ਇਟਲੀ ਦੇ ਸੂਬੇ ਲੰਬਾਰਦੀਆਂ ਦੀ ਰਾਜਧਾਨੀ ਮਿਲਾਨ ਜਿਹੜੀ ਕਿ ਇਟਲੀ ਦਾ ਦੂਜਾ ਆਬਾਦੀ ਪੱਖੋ ਸਭ ਤੋਂ ਵੱਡਾ ਸ਼ਹਿਰ ਹੈ ਇੱਥੇ ਬੱਚਿਆਂ ਅਤੇ ਬਜ਼ੁਰਗਾਂ ਸਮੇਤ ਕੀਤੀ ਗਿਣਤੀ ਤਹਿਤ ਹਰ 12 ਰਜਿਸਟਰਡ ਨਿਵਾਸੀਆਂ ਵਿੱਚੋਂ ਔਸਤਨ ਇੱਕ ਕਰੋੜਪਤੀ (ਘੱਟੋ-ਘੱਟ ਇੱਕ ਮਿਲੀਅਨ ਡਾਲਰ ਨਕਦੀ ਵਾਲਾ ਵਿਅਕਤੀ) ਹੈ।

ਇਹ ਖੁਲਾਸਾ ਪ੍ਰਮੁੱਖ ਅੰਤਰਰਾਸ਼ਟਰੀ ਵਿੱਤੀ ਕੇਂਦਰਾਂ ਨਾਲ ਤੁਲਨਾ ਮਿਲਾਨ ਦੀ ਪ੍ਰਮੁੱਖਤਾ ਨੂੰ ਸਪੱਸ਼ਟ ਤੌਤ ਤੇ ਉਜਾਗਰ ਕਰਦਾ ਹੈ। ਅਮਰੀਕਾ ਦੀ ਆਰਥਿਕ ਰਾਜਧਾਨੀ ਨਿਊਯਾਰਕ ਵਿੱਚ ਇਹ ਅਨੁਪਾਤ ਹਰ 22 ਨਿਵਾਸੀਆਂ ਮਗਰ ਇੱਕ ਕਰੋੜਪਤੀ ਸੂਚੀਬੱਧ ਕੀਤਾ ਗਿਆ ਜਦੋਂ ਕਿ ਲੰਡਨ ਵਿੱਚ ਇਹ ਅਨੁਪਾਤ ਹੋ ਵੀ ਕਮਜੋਰ 41 ਨਿਵਾਸੀਆਂ ਮਗਰ ਇੱਕ ਕਰੋੜਪਤੀ ਦਰਜ ਕੀਤਾ ਗਿਆ। ਇਸ ਤੋਂ ਵੀ ਮਹੱਤਵਪੂਰਨ ਗੱਲ ਇਸ ਕਰੋੜਪਤੀ ਰਿਪੋਰਟ 'ਚ ਇਹ ਹੈ ਕਿ ਮਿਲਾਨ ਵਿੱਚ 100 ਮਿਲੀਅਨ ਡਾਲਰ ਦੀ ਅਸਥਿਰ ਜਾਇਦਾਦ ਵਾਲੇ 182 ਵਿਅਕਤੀ ਹਨ, ਜੋ ਕਿ ਮੋਨਾਕੋ ਦੀ ਰਿਆਸਤ ਦੇ ਲਗਭਗ ਸਮਾਨ ਹਨ ਅਤੇ ਜ਼ਿਊਰਿਖ, ਮਿਆਮੀ, ਇੱਥੋ ਤੱਕ ਕਿ ਮਾਸਕੋ ਦੇ ਪੂਰੇ ਕੈਂਟਨ ਤੋਂ ਵੀ ਵੱਧ ਹੈ।

RAISING VOICE FOR TRUTH
ਹੋਕਾ TV

# HOKA TV
## (ਹੋਕਾ ਟੀ.ਵੀ.)

## ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

ਮੁਫ਼ਤ ਉਪਲੱਬਧ ਹੈ

Download on the App Store

GET IT ON Google Play

ਹੋਰ ਜਾਣਕਾਰੀ ਲਈ ਵੇਖੋ

https://hokatv.com/guest/home